384 G

920

Digitized by Panjab Digital Library | www.panjabdigilib.org

920
ਤ੍ਰਿਸ਼ਨਾ - ੧

262—3-4-61—30,000—C. P. and S. Pb. Patiala.

Accn. No. ________

Class No. ________ Book No. ________

Author ________________

Title ________________

| Issued on | Borrower's Signature | Returned on |
| --- | --- | --- |
| | | |
| | | |
| | | |
| | | |

## LANGUAGE DEPARTMENT LIBRARY, PUNJAB.

1. Books are issued for.............days only.
2. Books may be renewed on request at the discretion of the Librarian.
3. Dog-earing the pages of a book, marking or writing therein with ink or pencil, tearing or taking out its pages or otherwise damaging it will constitute an injury to a book.

4. *Any such injury to a book is a serious offence. Unless a borrower points out the injury at the time of borrowing the book, he shall be required to replace the book or pay its price.*

**Help to keep the book fresh and clean.**

Digitized by Panjab Digital Library | www.panjabdigilib.org

1182

~~੩੪੦~~

ਵਿਚਾਰ ਧ ਸਾਰ

262—3-4-61—30,000—C.P. and S. Pb. Patiala.

LANGUAGE DEPA[redacted]TMENT

LIBRARY ACC.No.________PUNJAB

## Date Due

| Date of Issue | Date of Return | Date of Issue | Date of Return |
|---|---|---|---|
| | | | |

ਪਿਅਕਰ ਪਜਤ੨ 3845

੧ ੳ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਜਿਸ ਮਰਨੇ ਤੇ ਜਗ ਡਰੇ ਮੇਰੇ ਮਨ ਆਨੰਦ।
ਮਰਨੇ ਹੀ ਤੇ ਪਾਈਐ ਪੂਰਨ ਪਰਮਾ ਨੰਦ ॥

ਕਾਕਾ ਸੁਦਾਗਰਸਿੰਘ ਪੁਸਤਕ ਭੰਡਾਰ ਗ੍ਰੰਥ ਮਾਲਾ ਨੰ:੨

# ਪੂਰਨ ਜਤੀ

ਤੇ

# ਮਤ੍ਰੇਈ ਲੂਣਾਂ

ਸਤੀ ਧਰਮ ਨੂੰ ਕਲੰਕਤ ਕਰਨ ਦਾ ਹੂ-ਬ-ਹੂ
ਸੱਚਾ ਫੋਟੋ

ਲੇਖਕ
ਸ੍ਰੀਮਾਨ ਸਰਦਾਰ ਉਜਾਗਰ ਸਿੰਘ ਜੀ
"ਸਦਾ ਅਨੰਦ"

LIBRARY

ਪ੍ਰਕਾਸ਼ਕ!
ਭਾਈ ਲਾਭ ਸਿੰਘ ਐਂਡ ਸਨਜ਼
ਪੁਸਤਕਾਂ ਵਾਲੇ ਮਾਲਕ 'ਕਾਕਾ ਸੁਦਾਗਰ ਸਿੰਘ
ਪੁਸਤਕ ਭੰਡਾਰ' ਪਬਲਿਸ਼ਰਜ਼, ਕਮੀਸ਼ਨ ਏਜੰਟ
ਬਜ਼ਾਰ ਮਾਈ ਸੇਵਾਂ ਸ੍ਰੀ ਅੰਮ੍ਰਿਤਸਰ ਜੀ

ਅਕਤੂਬਰ ਮੋਖ ੧) ਵਲੈਤੀ ਕਪੜੇ ਦੀ ਜਿਲਦ ੧।।) ੧੯੩੩

Digitized by Panjab Digital Library | www.panjabdigilib.org

920
ਉਸਕਾ — ਪੁ
384 G

"ਗੁਰੂ ਖਾਲਸਾ ਪ੍ਰੈਸ" ਅੰਮ੍ਰਿਤਸਰ ਵਿੱਚ ਸ੍ਰਦਾਰ ਪ੍ਰਿਤਮ ਸਿੰਘ
ਮੈਨੇਜਰ ਤੇ ਪ੍ਰਿੰਟਰਦੇ ਯਤਨ ਨਾਲ ਛਪਜਾ ॥

Digitized by Panjab Digital Library | www.panjabdigilib.org

# ਪ੍ਰੇਮ ਭਰਿਆ ਸਮਰਪਨ

ਇਹ ਛੋਟਾ ਜਿਹਾ ਪ੍ਰਯਤਨ ਮੈਂ ਆਪਣੇ ਪਰਮ ਪਿਆਰੇ ਮਾਨਯੋਗ ਕ੍ਰਿਪਾਲੂ ਪਿਤਾ ਸ੍ਰੀਮਾਨ ਸ੍ਰਦਾਰ ਲਾਭ ਸਿੰਘ ਜੀ 'ਲਾਭ' ਮਾਲਕ 'ਕਾਕਾ ਸੁਦਾਗਰ ਸਿੰਘ ਪੁਸਤਕ ਭੰਡਾਰ' ਦੀ ਪਵਿੱਤ੍ਰ ਸੇਵਾ ਵਿੱਚ ਬੜੇ ਆਦਰ ਤੇ ਪ੍ਰੇਮ ਸਹਿਤ ਸਮਰਪਨ ਕਰਦਾ ਹਾਂ, ਜਿਨ੍ਹਾਂ ਦੀ ਕ੍ਰਿਪਾ ਦ੍ਰਿਸ਼ਟੀ ਤੇ ਸਨੇਹ ਨੇ ਮੈਨੂੰ ਏਸ ਯੋਗ ਕੀਤਾ ਹੈ ।

ਅਕਤੂਬਰ
੧੯੨੩

ਉਜਾਗਰ ਸਿੰਘ
'ਸਦਾ ਅਨੰਦ'
ਘੁਮਾਣ

Digitized by Panjab Digital Library | www.panjabdigilib.org

# ਭੂਮਿਕਾ

ਜਿੱਥੇ ਸੰਸਾਰ ਵਿੱਚ ਇਖ਼ਲਾਕ ਦੀ ਸ਼ਮਾ ਤੋਂ ਮਰ ਮਿਟਨ ਵਾਲੇ ਪੂਰਨ ਭਗਤ, ਰੂਪ ਬਸੰਤ, ਅਸਰਾਜ, ਕੁਨਾਲ ਆਦਿਕਾਂ ਵਰਗੇ ਮਹਾਂ ਪਵਿੱਤ੍ਰ ਧਰਮੱਗਜ ਇਖਲਾਕੀ ਜੀਵਨਾਂ ਦੀਆਂ ਲਾਸਾਨੀ ਆਤਮਾਵਾਂ ਹੋਈਆਂ ਹਨ, ਓਥੇ ਉਸੇ ਮਿੱਟੀ ਤੋਂ ਜੰਮ ਪਲ ਕੇ ਲੂਣਾਂ ਤੇ ਰੂਪਮਤੀ ਵਰਗੀਆਂ ਅਨਗਿਣਤ ਪਾਪ ਆਤਮਾਂ ਮਤ੍ਰੇਈਆਂ ਭੀ ਆਪਣੇ ਕਹਿਰ ਦੇ ਰਾਜ ਕਮਾ ਏਸ ਅਸਾਰ ਸੰਸਾਰ ਵਿੱਚ ਆਪਣੇ ਨਾਮ ਨੂੰ ਕਲੰਕਤ ਕਰ ਗਈਆਂ ਦਿਖਾਈ ਦਿੰਦੀਆਂ ਹਨ।

ਪੂਰਨ ਭਗਤ ਜੀ ਦਾ ਇਖਲਾਕ ਦੀ ਜਗਵੇਦੀ ਤੋਂ ਸਦਕੇ ਹੋ ਸੰਸਾਰ ਭਰ ਲਈ ਇਖਲਾਕ ਦੇ ਉੱਚੇ ਪੂਰਨੇ ਪਾ ਜਾਣੇ ਖਾਸ ਕਰ ਪੰਜਾਬ ਵਾਸੀਆਂ ਲਈ ਅਮੋਲਕ ਤੇ ਅਦੁਤੀ ਹਨ। ਪੰਜਾਬ ਦੇ ਵਸਨੀਕ ਜਿਤਨਾ ਭੀ ਵੱਧ ਤੋਂ ਵੱਧ ਮਾਣ ਤੇ ਫ਼ਖ਼ਰ ਪੂਰਨ ਭਗਤ ਜੀ ਦੇ ਜੀਵਨ ਪਰ ਕਰਨ ਥੋੜੇ ਤੋਂ ਥੋੜਾ ਹੈ, ਕਿਉਂਕਿ ਪੂਰਨ ਭਗਤ ਜੀ ਦੀ ਇਖਲਾਕੀ ਜਿੱਤ ਦੀ ਕਹਾਣੀ ਜੋ ਕਿੱਸਿਆਂ, ਵਾਰਾਂ ਤੇ ਗੀਤਾਂ ਆਦਿਕਾਂ ਦੀ ਸ਼ਕਲ ਵਿੱਚ ਘਰ ਘਰ ਹਰੇਕ ਇਸਤ੍ਰੀ ਪੁਰਸ਼ ਦੀ ਵੰਦ ਕਥਾ ਬਨਕੇ ਅਨੇਕਾਂ ਹੰਕਾਰਨ ਮਤਰੇਈਆਂ ਦੀ ਸੁਧਾਰਕ ਸਾਬਤ ਹੋ ਰਹੀ ਹੈ, ਉਹ ਖਾਸ ਕਰ ਪੰਜਾਬੀਆਂ ਲਈ ਅਮੋਲਕ ਰਤਨ ਵਾਂਗ ਹੈ।

ਪੰਜਾਬ ਵਿੱਚ ਏਸ ਇਖਲਾਕੀ ਮਹਾਂਬੀਰ ਦੀ ਸੀਨੇ ਬਸੀਨੇ ਚਲੀ ਆ ਰਹੀ ਵਿਸਥਾਰਕ ਕਥਾ ਨੂੰ ਅਨੇਕਾਂ ਕਵੀਆਂ ਤੇ ਲੇਖਕਾਂ ਨੇ ਕਲਮ ਦੇ ਹਵਾਲੇ ਕੀਤਾ ਤੇ ਅੱਜ

Digitized by Panjab Digital Library | www.panjabdigilib.org

ਤੱਕ ਉਹ ਸੰਸਾਰ ਵਿੱਚ ਇਕ ਤੋਂ ਇਕ ਚੜ੍ਹਦੇ ਕਾਵਜ ਦੇ ਅਲੰਕਾਰਾਂ ਨਾਲ ਸ਼ਸ਼ੋਭਤ ਦਿਖਾਈ ਦੇ ਰਹੀ ਹੈ। ਕਾਦਰਯਾਰ, ਕਿਸ਼ਨ ਸਿੰਘ ਆਰਫ, ਕਾਲੀ ਦਾਸ, ਬਾਲਕ ਰਾਮ, ਦੌਲਤ ਰਾਮ ਤੇ ਹੋਰ ਅਨੇਕਾਂ ਕਵੀਆਂ ਨੇ ਸੁੰਦਰ ੨ ਕਵਤਾ ਬਨਾਕੇ ਏਸ ਦਰਦ ਭਰੀ ਵਿਥਜਾ ਨੂੰ ਸੰਸਾਰ ਦੇ ਅੱਗੇ ਪੇਸ਼ ਕੀਤਾ, ਖਾਸ ਕਰ ਕਾਦਰਯਾਰ ਜੀ ਨੇ ਸਭ ਤੋਂ ਪਹਿਲਾਂ ਏਸ ਰਚਨਾਂ ਦਾ ਸੇਹਰਾ ਆਪਣੇ ਸੀਸ ਪਰ ਬੰਨ੍ਹਣ ਦਾ ਜੱਸ ਖੱਟਿਆ, ਅੱਜਤੱਕ ਉਨ੍ਹਾਂ ਦੀ ਕਵਿਤਾਦੇ ਉੱਚਕਾਵਜ—ਅਲੰਕਾਰ ਕਮਾਲ ਹੁਨਰ ਦੀ ਉੱਜਲਤਾ ਦੁਨੀਆਂ ਨੂੰ ਦਿਖਾ ਰਹੇ ਹਨ।

ਸੋ ਐਸੇ ਇਖਲਾਕ ਦੇ ਬਾਂਕੇ ਬੀਰ, ਪਵਿੱਤ੍ਰ ਆਤਮਾਂ, ਬਾਲ ਬ੍ਰਹਮਚਾਰੀ, ਜਤੇਂਦ੍ਰਯ ਪੂਰਨ ਭਗਤਜੀ ਦੀ ਹੱਡ ਬੀਤੀ ਇਕ ਨਵੇਂ ਢੰਗ ਨਾਲ ਵਾਰਤਕ ਟੁੱਟੇ ਫੁੱਟੇ ਅੱਖਰਾਂ ਵਿੱਚ ਲਿਖਣ ਦਾ ਚਾਉ ਅੱਜ ਮੇਰੇ ਦਿਲ ਵਿੱਚ ਭੀ ਉਪਜਿਆ ਹੈ, ਵਾਹਿਗੁਰੂ ਮੇਹਰ ਕਰੇ ਜੋ ਮੇਰੀ ਭੀ ਇਹ ਅੱਲ੍ਹੜਪੁਣੇ ਦੀ ਮੇਹਨਤ ਲੋਕਾਂ ਦੇ ਦਿਲਾਂ ਨੂੰ ਭਾ ਜਾਵੇ।

ਏਸ ਕਥਾ ਦੀ ਰਚਨਾਂ ਵਿੱਚ ਰਾਜਾ ਸਾਲਵਾਹਨ ਦੇ ਪ੍ਰਚੰਡ ਕ੍ਰੋਧ ਦਾ ਭੈੜਾ ਫਲ, ਪਾਪਣ ਲੂਣਾਂ ਦੇ ਨਖ਼ਰੇ ਦਾ ਦਰਦ ਭਰਿਆ ਦ੍ਰਿਸ਼ਜ, ਇੱਛਰਾਂ ਦਾ ਪੁੱਤ੍ਰ ਵਿਯੋਗ ਵਿੱਚ ਬਿਹਬਲ ਹੋਣਾਂ ਤੇ ਕਰੁਣਾਰਸ ਵਿੱਚ ਪਲਟਣਾਂ, ਸੁੰਦ੍ਰਾਂ ਦਾ ਆਪਾ ਵਾਰਨਾਂ ਆਦਿਕ ਸਾਰੇ ਸੁੰਦ੍ਰ ੨ ਝਾਕੇ ਬੜੀ ਮੇਹਨਤ ਤੇ ਫਬਨਤਾ ਨਾਲ ਫਬਾਏ ਗਏ ਹਨ, ਜਿਨ੍ਹਾਂ ਦਾ ਕਦਰ ਕਰਨਾ ਕੇਵਲ ਮਾਨਯੋਗ ਪਾਠਕਾਂ ਦੀ ਕ੍ਰਿਪਾ ਦ੍ਰਿਸ਼ਟੀ ਪਰ ਹੀ ਅਧਾਰ ਰਖਦਾ ਹੈ। ਪਾਠਕ ਗਨ ਜੇ ਕੋਈ ਏਸ ਛੋਟੇ ਜੇਹੇ ਪੁਸਤਕ ਵਿੱਚ ਊਨਤਾ ਦੇਖਣ ਤਾਂ ਕਰਤਾ ਨੂੰ "ਭੁਲਣ ਅੰਦਰ

Digitized by Panjab Digital Library | www.panjabdigilib.org

ਸਭ ਕੋ ਅਤੁਲ ਗੁਰੂ ਕਰਤਾਰ" ਦੀ ਸ੍ਰੇਣੀ ਵਾਲੇ ਬੰਦਿਆਂ ਵਿੱਚੋਂ ਇਕ ਸਮਝਕੇ ਲਿਖਤੀ ਢੰਗ ਦਵਾਰਾ ਸੂਚਿਤ ਕਰ ਦੇਣ ਦੀ ਕ੍ਰਿਪਾਲਤਾ ਕਰਨ, ਤਾਂ ਜੋ ਅਗਲੀ ਅਡੀਸ਼ਨ ਵਿੱਚ ਸੋਧ ਹੋ ਸਕੇ।

## ਅੰਤਮ ਪ੍ਰਾਰਥਨਾਂ

ਏਸ ਇਖਲਾਕ ਦੀ ਹਜ਼ਾਰਹਾ ਬਰਸਾਂ ਪਿੱਛੋਂ ਭੀ ਸਦੀਵ ਜਿਊਂਦੀ ਜਾਗਦੀ ਰਹਿਣ ਵਾਲੀ ਸੱਚੀ ਤੇ ਸੁੱਚੀ ਵਾਰਤਾ ਨੂੰ ਪੜ੍ਹ ਸੁਣਕੇ ਪਾਪ ਆਤਮਾਂ ਮਨੁੱਖੀਆਂ ਦੀ ਸ੍ਰੇਣੀ ਵਿੱਚੋਂ ਜੇ ਕਿਸੇ ਇੱਕ ਅੱਧ ਦੀ ਭੀ ਸਖਤੀ ਘਟਕੇ ਉਸ ਸਦਾ ਜਾਗਦੀ ਜੋਤ "ਘਟ ਘਟ ਕੇ ਅੰਤਰ ਕੀ ਜਾਨਤ। ਭਲੇ ਬੁਰੇ ਕੀ ਪੀਰ ਪਛਾਨਤ" ਜਗਤ ਉਧਾਰਕ ਨਿਰੰਕਾਰੀ ਪਿਤਾ ਜੀ ਦੇ ਮਹਾਂ ਪਵਿੱਤ੍ਰ ਵਾਕ "ਦੁਖ ਨਾ ਦੇਈ ਕਿਸੇ ਜੀਅ ਪਤਿ ਸਿਉ ਘਰ ਜਾਵਹੁ" ਪਰ ਚਲਨ ਦੇ ਪ੍ਰਯਤਨ ਕਰਨ ਦਾ ਹੀਲਾ ਕਰੇਗੀ ਤਾਂ ਮੈਂ ਆਪਣੇ ਜਤਨ ਨੂੰ ਸਫਲਾ ਤੇ ਟਿਕਾਣੇ ਲੱਗਾ ਸਮਝਾਂਗਾ।

ਸਾਧ ਸੰਗਤ ਦਾ ਦਾਸ—

ਉਜਾਗਰ ਸਿੰਘ

"ਸਦਾ ਆਨੰਦ"

Digitized by Panjab Digital Library | www.panjabdigilib.org

੧ ੴ ਸਤਿਗੁਰਪ੍ਰਸਾਦਿ ॥

# ਸਾਲਵਾਹਨ ਦਾ ਰਾਜ

## ੧.

ਸਿਆਲ ਕੋਟ ਭਾਵੇਂ ਰਾਜੇ ਸਾਲਵਾਹਨ ਦੇ ਸਮੇਂ ਐਡੀ ਭਾਰੀ ਘੁੱਗ ਵਸਦੀ ਨਗਰੀ ਨਹੀਂ ਸੀ, ਪਰ ਪ੍ਰਤਾਪੀ ਭੁਜਾ ਬਲ ਦੇ ਮਾਲਕ ਰਾਜੇ ਦੀ ਹਰ ਮਨ ਪਿਆਰੀ ਵਰਤੋਂ ਦੇ ਸਦਕੇ ਢੇਰ ਸਾਰੇ ਲੋਕ ਏਸ ਜਗਾ ਪਰ ਆ ਵੱਸੇ ਸਨ। ਰਾਜੇ ਦਾ ਪਰਜਾ ਨਾਲ ਚੰਗਾ ਵਰਤਾਉ ਤੇ ਪਿਆਰ ਸੀ, ਇਸ ਲਈ ਅਸ਼ਾਂਤੀ ਦਾ ਏਸ ਰਾਜ ਵਿੱਚ ਰੰਚਕ ਮਾਤ੍ਰ ਨਾਮ ਤੱਕ ਨਹੀਂ ਸੀ ਤੇ ਏਸੇ ਹੀ ਕਰਕੇ ਏਸ ਵੱਸੋਂ ਦੇ ਲਾਗੇ ਦੂਰ ਦੂਰ ਤੱਕ ਵੰਗੇ ਚੰਗੇ ਮਕਾਨ ਤੇ ਸੁਹਾਵਣੇ ਬਾਗ ਆਦਿਕ ਦਿਨ ਰਾਤ ਵਧਦੇ ਜਾਂਦੇ ਸਨ ਤੇ ਏਹ ਸ਼ੈਹਰ ਦਿਨ ਦੂਣਾ ਰਾਤ ਚੌਗੁਣਾ ਉੱਨਤ ਤੇ ਪ੍ਰਫੁਲਤ ਹੁੰਦਾ ਜਾ ਰਿਹਾ ਸੀ।

ਰਾਜੇ ਦਾ ਇਨਸਾਫ ਭੀ ਪਰਜਾ ਨਾਲ ਚੰਗੇਰਾ ਸੀ, ਜਿਸ ਤੋਂ ਪਰਜਾ ਦੇ ਲੋਕ ਆਪਣਾ ਠੀਕ ਠੀਕ ਇਨਸਾਫ ਕਰਵਾ ਪ੍ਰਸੰਨ ਹੁੰਦੇ ਤੇ ਰਾਜੇ ਦੇ ਜੱਸ ਗਾਇਨ ਕਰਦੇ ਸਨ, ਐਸੀ ਸੁੰਦਰ ਨਗਰੀ ਤੇ ਸੁਹਾਵਣੇ ਰਾਜਜ ਵਿੱਚ ਜੋ ਕੋਈ ਘਾਟਾ ਦਿਖਾਈ ਦੇ ਰਿਹਾ ਸੀ ਤਾਂ ਉਹ ਕੇਵਲ ਏਹੋ ਹੀ ਸੀ ਕਿ ਰਾਜ ਦੇ ਯੁਵਰਾਜ ਟਿੱਕਾ ਸਾਹਿਬ ਦਾ ਜਨਮ ਰਾਜ ਗ੍ਰਹਿ ਵਿਖੇ ਵਰਿਹਾਂ ਦੀ ਸਿੱਕ ਪਿਛੋਂ ਭੀ ਅਜੇ ਤੱਕ ਨਹੀਂ ਹੋਇਆ।

Digitized by Panjab Digital Library | www.panjabdigilib.org

# ਨਿਰਾਸਤਾ ਤੇ ਪ੍ਰਾਰਥਨਾ

## ੨.

ਦੁਨੀਆਂ ਵਿੱਚ ਧਨ, ਦੌਲਤ ਦਾ ਮਾਨ ਰੱਖਣ ਵਾਲੇ ਧਨਪਾਤ੍ਰਾਂ ਦੀ ਸ੍ਰੇਣੀ ਦੇ ਸਰਦਾਰ ਹੱਦੋਂ ਵੱਧ ਸੁਖਾਂ ਨਾਲ ਪ੍ਰਰਤ ਹੋਏ ਹੋਏ ਰਾਜਾ ਸਾਲਵਾਹਨ ਨੂੰ ਮਾਲ ਤੇ ਮਿਲਖ ਦੀ ਕੋਈ ਪ੍ਰਵਾਹ ਨਹੀਂ, ਐਸ਼ ਅਰਾਮ ਦੀ ਕੋਈ ਕਮੀ ਨਹੀਂ, ਜੋ ਚੀਜ਼ ਜ਼ਬਾਨ ਥੋਂ ਨਿਕਲੇ ਨਿਕਲਣਸਾਰ ਆ ਹਾਜ਼ਰਹੁੰਦੀ ਹੈ, ਐਹਲਕਾਰਾਂ ਦਾ ਹਰ ਵੇਲੇ ਗੋਲ ਗੋਲ ਚੁਤਰਫੀ ਘੇਰਾ ਰਾਜੇ ਦੇ ਉਦਾਲੇ ਚੰਦ ਨੂੰ ਪ੍ਰਵਾਰ ਪੈਣ ਵਤ ਪਿਆ ਰਹਿੰਦਾ ਹੈ ਤੇ ਏਹਨਾਂ ਦੀਆਂ ਖੁਸ਼ਾਮਦੀ ਮਿੱਠੀਆਂ ੨ ਗੱਲਾਂ ਬਾਤਾਂ ਦਾ ਦੌਰ ਹਰ ਵਕਤ ਗਰਮਾ ਗਰਮ ਜਾਰੀ ਰਹਿੰਦਾ ਹੈ। ਐਨਾ ਕੁਝ ਰਾਜ ਭਾਗ ਆਦਿਕ ਪ੍ਰਾਪਤ ਹੁੰਦਿਆਂ ਹੋਇਆਂ ਭੀ ਰਾਜਾ ਸਾਲਵਾਹਨ ਹਰੇਕ ਸੁਖ ਨੂੰ ਪ੍ਰਾਪਤ ਕਰ ਚੁਕਣ ਵਾਲੇ ਬੰਦਿਆਂ ਦੀ ਸ੍ਰੇਣੀ ਵਿਚੋਂ ਨਹੀਂ ਗਿਣੇ ਜਾ ਸਕਦੇ, ਐਹਲਕਾਰਾਂ ਦੀਆਂ ਰਾਜਾ ਸਾਹਿਬ ਨੂੰ ਹਰ ਵੇਲੇ ਖੁਸ਼ ਰੱਖ ਸੱਕਣ ਦੀਆਂ ਸਾਰੀਆਂ ਕੋਸ਼ਸ਼ਾਂ ਨਿਸਫਲ ਤੇ ਅਜਾਈਂ ਜਾਂਦੀਆਂ ਹਨ, ਅਸਲੀ ਉਪ੍ਰਾਮਤਾ ਤੇ ਨਿਰਾਸਤਾ ਦਾ ਕਾਰਨ ਜਾਣਦੇ ਹੋਏ ਭੀ ਅਮੀਰ ਵਜ਼ੀਰ ਏਸ ਦਿਲ ਦੀ ਲੱਗੀ ਦਾ ਕੋਈ ਉਪਾ ਨਹੀਂ ਕਰ ਸਕਦੇ, ਸੰਸਾਰ ਭਰ ਦੇ ਵੈਦਾਂ ਹਕੀਮਾਂ ਪਾਸ ਕੋਈ ਦਾਰੂ ਦਰਮਲ ਨਹੀਂ ਕਿ ਏਸ ਅੰਤ੍ਰੀਵੀ ਦੁਖ ਦੀ ਪੀੜਾ ਨਾਲ ਪੀੜਤ ਹੋਏ ਹੋਏ ਰਾਜੇ ਦੀ ਪੀੜਾ ਨੂੰ ਦੂਰ ਕਰ ਸੱਕਣ, ਵੈਦ ਵਿਚਾਰੇ ਏਸ ਲਾ ਇਲਾਜ ਬੀਮਾਰੀ ਨੂੰ ਦੂਰ ਵੀ ਕਿੱਕੁਣ ਕਰਨ, ਏਹ ਕੋਈ ਤਪ ਤਿਲੀ, ਹੈਜ਼ਾ, ਮਲੇਰੀਆ ਆਦਿਕ ਬੀਮਾਰੀਆਂ ਵਾਂਗਥੋੜੀ

Digitized by Panjab Digital Library | www.panjabdigilib.org

ਹੈ ਜੋ ਦੁਵਾਦਾਰੂ ਦੇਣ ਨਾਲ ਰੋਗੀ ਰੋਗ ਦੇ ਪੰਜੇ ਤੋਂ ਛੁਟਕਾਰਾ ਪਾ ਸਕੇ। ਏਸ ਰੋਗ ਤੋਂ ਛੁਟਕਾਰਾ ਤਾਂ ਕੇਵਲ ਉਹੋ ਹੀ ਦਿਵਾ ਸਕਦਾ ਹੈ ਜਿਸ ਨੇ ਲਾਇਆ ਹੈ, ਨਿਰੰਕਾਰ ਦੇ ਬਖਸ਼ਸ਼ੀ ਦਰ ਤੋਂ ਛੁਟ ਏਸ "ਪੁਤ੍ਰੀ ਗੰਢ ਪਵੇ ਸੰਸਾਰ" ਦੀ ਬੀਮਾਰੀ ਨੂੰ ਸ਼ਫਾ ਬਖਸ਼ਕੇ "ਪੁਤ੍ਰ" ਦਾ ਦਾਨ ਕੌਣ ਬਖਸ਼ ਸਕਦਾ ਹੈ? ਕੇਵਲ ਓਹੋ ਹੀ ਘਟ ਘਟ ਕੇ ਅੰਤਰ ਦੀ ਜਾਨਣ ਵਾਲਾ ਵਾਹਿਗੁਰੂਹੀ ਇਸ'ਪੁ'ਵਾਸ਼ਨਾਂ ਨੂੰ ਆਪਣੀਅਪਾਰ ਮੇਹਰ ਨਾਲ ਪੂਰਨ ਕਰਕੇ ਰਾਜੇ ਸਾਲਵਾਹਨ ਦੇ ਦਿਲ ਵਿਚ ਰੜਕ ਰਹੇ ਕੰਟਕ ਨੂੰ ਦੂਰ ਕਰ ਸਕਦਾ ਹੈ। ਪੁਤ੍ਰ ਦੀ ਸਿੱਕ ਨੇ ਰਾਜੇ ਦੇ ਸਾਰੇ ਸੰਸਾਰਕ ਸੁਖ ਕੌੜੇ ਤੇ ਫਿੱਕੇ ਬੇ ਰਸ ਕਰ ਦਿੱਤੇ ਹਨ, ਸੰਸਾਰ ਦੀ ਨਾਸਮਾਨਤਾ ਦਾ ਨਕਸ਼ਾ ਪਲ ਪਲ ਪਿਛੋਂ ਅੱਖਾਂ ਅੱਗੇ ਆ ਬੱਝਦਾ ਹੈ ਤੇ ਸਾਰਾ ਸੰਸਾਰ ਮਿਥਿਆ ਹੋ ਹੋ ਭਾਸਦਾ ਹੈ ਤੇ ਸੋਚਾਂ ਫੁਰਦੀਆਂ ਹਨ ਕਿ ਏਸ ਸਾਰੇ ਰਾਜ ਭਾਗ ਨੂੰ ਕੌਣ ਸੰਭਾਲੇਗਾ? ਏਸ ਤਖਤ ਤੇ ਤਾਜ ਦਾ ਕੌਣ ਵਾਰਸ ਬਣੇਗਾ, ਘੜੀ ਘੜੀ ਪੁਤ੍ਰ ਦੇ ਸੁੰਦਰ ਮੁਖੜੇ ਨੂੰ ਦੇਖਣ ਲਈ ਹਾਹੁਕੇ ਭਰ ੨ ਰਾਜਾ ਨਿਰੰਕਾਰ ਪਰੀ ਪੂਰਣ ਦੀ ਦਰਗਾਹ ਵਿਚ ਦਿਲੀ ਸੱਧਰ ਭਰੀ ਚਾਹ ਨਾਲ ਨੱਕ ਗੋਡੇ ਰਗੜਦਾ ਹੈ ਤੇ ਨਿੰਮ੍ਰਤਾ ਭਰੇ ਹਿਰਦੇ ਨਾਲ ਕੇਵਲ ਇੱਕੋ ਪੁਤਰ ਦੀ ਹੀ ਯਾਚਨਾ ਕਰ ਕਰ ਤਰਲੇ ਤੇ ਮਿਨਤਾਂ ਦੇ ਹਿਰਦੇ ਵੇਹਦਕ ਸ਼ਬਦ ਕਹਿੰਦਾ ਸੁਣਾਈ ਦਿੰਦਾ ਹੈ, ਰਾਤ ਦਿਨ "ਅਣਪੁਤ੍ਰਾ" ਰਹਿਕੇ ਔਤਰੇ ਮਰਨ ਦੇ ਸੂਲ ਨੂੰ ਦੂਰ ਕਰਨ ਖਾਤਰ ਰਾਜਾ ਜੋ ਕੋਈ ਕੁਝ ਕਹਿੰਦਾ ਹੈ ਓਹੋ ਹੀ ਕਰਦਾ ਹੈ, ਕੋਈ ਦੇਵੀ ਦੇਵਤਾ ਮਨਾਉਣ ਤੇ ਕੋਈ ਕਸਰ ਸੌਂਤ੍ਰੇ ਬਣਕੇ ਮਰਨ ਖਾਤਰ ਨਹੀਂ ਛੱਡੀ। ਪੁਤ੍ਰ ਵਾਸ਼ਨਾਂ

Digitized by Panjab Digital Library | www.panjabdigilib.org

ਨੂੰ ਪੂਰਾ ਕਰਨ ਦਾ ਜੋ ਕੋਈ ਭੀ ਕਿਸੇ ਨੇ ਸਾਧਨ ਦਸਿਆ ਬੇਦਰੇਗ ਪਾਣੀ ਵਾਂਗਪੈਸਾ ਰੋੜ੍ਹਕੇ ਉਸ ਨੂੰ ਰਾਜਾ ਪੂਰਾ ਕਰਦਾ ਹੋਇਆ ਆਪਣੀ ਸੱਧਰ ਪੂਰੀ ਹੁੰਦੀ ਵੇਖਣ ਦਾ ਸੁਪਨੇ ਤੇ ਸੁਪਨਾ ਲੈ ਰਿਹਾ ਹੈ।

# ਪੂਰਨ ਜੀ ਦਾ ਜਨਮ

## ੩.

ਰਾਜਾ ਸਾਲਵਾਹਨ ਦੀ ਚਾਹ ਤੇ ਸੱਧਰ ਭਰੀ ਸਿੱਕ ਅੱਜ ਪੂਰਨ ਹੋਈ ਹੋਈ ਦਿਖਾਈ ਦੇ ਰਹੀ ਹੈ, ਉਸਦੇ ਚੇਹਰੇ ਤੇ ਜੋ ਸਦੀਵ ਉਦਾਸੀਨਤਾ ਤੇ ਉਪਰਾਮਤਾ ਦ ਨਿਸ਼ਾਨ ਟਪ-ਕਦੇ ਦਿਖਾਈ ਦੇਂਦੇ ਸਨ, ਅੱਜ ਕਿਧਰੇ ਨਜ਼ਰ ਨਹੀਂ ਆਉਂਦੇ ? ਸਗੋਂ ਉਦਾਸੀ ਤੇ ਉਪ੍ਰਾਮਤਾ ਦੀ ਥਾਂ ਉਸਦਾ ਚੇਹਰਾ ਗੁਲਾਬ ਦੇ ਫੁੱਲ ਦੀ ਨਿਆਈਂ ਟਹਿਕਦਾ ਨਜ਼ਰ ਆ ਰਿਹਾ ਹੈ। ਅੱਜ ਉਸਦੀ ਸਾਰੀ ਉਮਰ ਦੀ ਸਿੱਕ ਪੂਰੀ ਹੋ ਗਈ ਹੈ, ਅੱਜ ਉਸਦੇ ਮਨ ਦੀਆਂ ਮਨੋ ਕਾਮਨਾਂ ਜੋ ਨਿੱਤ ਸਵੇਰ ਤੋਂ ਲੈ ਸ਼ਾਮ ਤੱਕ ਉਸ ਦੇ ਮਨ ਵਿਚ ਉਠਦੀਆਂ ਰਹਿੰਦੀਆਂ ਸਨ ਪੂਰਨ ਹੋਈਆਂ ਹੋਈਆਂ ਦਿਖਾਈ ਦੇ ਰਹੀਆਂ ਹਨ,ਠੀਕ! ਸੰਸਾਰੀਆਂ ਨੂੰ ਪੁਤ੍ਰ ਦੇ ਜਨਮ ਸਮਾਨ ਕੋਈ ਖੁਸ਼ੀ ਨਹੀਂ, ਅੱਜ ਸਿਆਲ ਕੋਟ ਦਾ ਰਾਜਾ ਸੌਤਰਾ ਹੋ ਗਿਆ ਤੇ ਉਸਦੇ ਦਿਲ ਵਿਚੋਂ ਪੁਤਰ ਵਾਸ਼ਨਾ ਦੇ ਪੂਰੇ ਨਾ ਹੋਣ ਦਾ ਰੜਕ ਰਿਹਾ ਕੰਟਕ ਦੂਰ ਹੋ ਗਿਆ ਹੈ, ਉਸ ਦੀ ਨਿਰੰਕਾਰ ਨੇ ਸੁਣ ਲਈ ਹੈ, ਉਸ ਦੀ ਲਾ ਇਲਾਜ ਬੀਮਾਰੀ ਦੀ ਔਧ ਪੁੱਗ ਗਈ ਹੈ ਤੇ ਸ਼ਫਾ ਹਾਸਲ ਹੋ ਗਈ ਹੈ। ਅੱਜ ਉਹ ਭੀ ਸਾਰੇ ਸੰਸਾਰਕ ਸੁਖਾਂ ਨੂੰ ਪ੍ਰਾਪਤ ਕਰ ਚੁਕੇ ਬੰਦਿਆਂ

Digitized by Panjab Digital Library | www.panjabdigilib.org

ਦੀ ਗੇਣਤੀ ਵਿਚ ਗਿਣਿਆਂ ਜਾਣ ਦਾ ਹੱਕ ਦਾਰ ਹੋਗਿਆ ਹੈ, ਅੱਜ ਉਸਦੇ ਸੁੱਕੇ ਬ੍ਰਿਛ ਨੂੰ ਫਲ ਲੱਗ ਗਿਆ ਹੈ, ਅੱਜ ਉਸ ਦੇ ਨਿਰਾਸਾ ਭਰੇ ਦਿਲ ਨੂੰ ਢਾਰਸ ਬੱਝ ਗਈ ਹੈ। ਜਿਸ ਬਾਲ ਦੇ ਮੁਖੜੇ ਨੂੰ ਦੇਖਣ ਲਈ ਸਾਰਾ ਰਾਜ ਭਵਨ ਬਾਰਾਂ ਬਰਸ ਦੀ ਲੱਗੀ ਔੜ ਤੋਂ ਅੱਕੇ ਹੋਏ ਜੱਟ ਦੀ ਘਬਰਾਹਟ ਵਾਂਗ ਘਬਰਾ ਰਿਹਾ ਸੀ ਤੇ ਦਿਨ ਰਾਤ ਟਿੱਕਾ ਸਾਹਿਬ ਦੇ ਜਨਮ ਧਾਰਨ ਲਈ ਨਿਰੰਕਾਰ ਦੀ ਦਰਗਾਹ ਵਿੱਚ ਅਰਜ਼ਾਂ ਕਰਦਾ ਤੇ ਸੁੱਖਾਂ ਮਨਾ ਰਿਹਾ ਸੀ ਅੱਜ ਉਸ ਚੰਦ੍ਰ ਮੁਖ ਟਿੱਕਾ ਸਾਹਿਬ ਹਾਂ ਜੀ ਕਿਸੇ ਆਉਣ ਵਾਲੇ ਸਮੇਂ ਨੂੰ ਚਾਰ ਚੰਨ ਲਾਣ ਵਾਲੇ ਯੋਗੀ ਟਿੱਕਾ ਸਾਹਿਬ ਜੀ ਦਾ ਜਨਮ ਹੋ ਗਿਆ ਹੈ। ਸਾਲਵਾਹਨ ਦੀ ਅਮਿੱਤ ਖੁਸ਼ੀ ਦਾ ਕੋਈ ਅੰਤ ਤੇ ਪਾਰਾ-ਵਾਰ ਨਹੀਂ, ਵਧਾਈਆਂ ਦੇਣ ਵਾਲਿਆਂ ਦੀਆਂ ਦਿਲੀ ਇੱਛਾਂ ਪੂਰਣ ਕੀਤੀਆਂ ਜਾਂਦੀਆਂ ਹਨ। ਗਰੀਬਾਂ ਨੂੰ ਅੱਠੇ ਪਹਿਰ ਮਠਿਆਈਆਂ ਤੇ ਸੁੰਦਰ ੨ ਭੋਜਨ ਤੇ ਕੱਪੜੇ ਆਦਿਕਾਂ ਦੇ ਖੁਲ੍ਹੇ ਭੰਡਾਰੇ ਖੋਲ੍ਹ ਦਿਤੇ ਗਏ ਹਨ, ਕੋਈ ਅਜੇਹਾ ਭਿਖਾਰੀ ਨਹੀਂ ਜੋ ਅੱਜ ਸਾਲਵਾਹਨ ਦੇ ਹੱਥੋਂ ਮਾਲਾ ਮਾਲ ਨਾ ਹੋ ਰਿਹਾ ਹੋਵੇ! ਪੁਤ੍ਰ ਦੇ ਜਨਮ ਦੀਆਂ ਵਧਾਈਆਂ ਤੇ ਹਰ ਪਾਸਿਓਂ ਉਸਦੇ ਚਿਰ ਕਾਲ ਤੱਕ ਚਿਰੰਜੀਵ ਹੋਣ ਦੀਆਂ ਅਸੀਸਾਂ ਨੂੰ ਸੁਣ ਸੁਣਕੇ ਰਾਜਾ ਸਾਲਵਾਹਨ ਦਾ ਮਨ ਕੌਲ ਫੁੱਲ ਵਾਂਗ ਪ੍ਰਫੁੱਲਤ ਹੋ ਰਿਹਾ ਹੈ ਤੇ ਅੱਜ ਉਹ ਆਪਣੇ ਆਪ ਵਿਚ ਫੁੱਲਿਆ ਨਹੀਂ ਸਮਾਉਂਦਾ। ਏਸਤਰਾਂ ਰਾਜਾ ਪਰਜਾ ਦੋਵੇਂ ਧਿਰਾਂ ਟਿੱਕਾ ਸਾਹਿਬ ਦੇ ਜਨਮ ਪਰ ਅਤਯੰਤ ਖੁਸ਼ੀ ਨਾਲ ਖੀਵੇ ਹੋ ਰਹੇ ਹਨ।

Digitized by Panjab Digital Library | www.panjabdigilib.org

# ਪੰਡਤ ਚਤਰ ਦਾਸ ਜੀ ਤੇ ੧੨ ਬਰਸ ਲਈ ਭੋਰੇ ਦਾ ਨਿਵਾਸ

## ੪.

ਅੱਜ ਰਾਜਾ ਸਾਲਵਾਹਨ ਦਾ ਦਰਬਾਰ ਲੱਗਾ ਹੋਇਆ ਹੈ, ਵਜ਼ੀਰ ਮਸ਼ੀਰ ਵਡੇ ਵਡੇ ਇੱਜ਼ਤਦਾਰ ਐਹਲਕਾਰ ਆਸੇ ਪਾਸੇ ਆਪੋ ਆਪਣੀਆਂ ਥਾਵਾਂ ਪਰ ਸੁਸ਼ੋਭਤ ਹਨ, ਠੀਕ ਰਾਜਾ ਜੀ ਦੇ ਸਾਹਮਣੇ ਪੰਡਤ ਚਤਰਦਾਸ ਜੀ ਆਸਣ ਪੁਰ ਚੌਂਕੜਾ ਮਾਰੇ ਬੈਠੇ ਦਿਖਾਈ ਦੇ ਰਹੇ ਹਨ। ਪੰਡਤ ਜੀ ਕੱਦ ਦੇ ਮਧਰੇ ਸਰੀਰ ਦੇ ਭਾਰੇ ਜੋਤਸ਼ ਵਿੱਦਜਾ ਦੇ ਚੁਣਵੇਂ ਭੂਸ਼ਨ ਹਨ, ਰਾਜਾ ਨੇ ਪੰਡਤ ਜੀ ਨੂੰ ਪ੍ਰਸ਼ਨ ਕੀਤਾ ਕਿ ਹੇ ਪੰਡਤ ਜੀ! ਮੇਰੇ ਘਰ ਜਿਸ ਪੁੱਤਰ ਨੇ ਜਨਮ ਲਿਆ ਹੈ ਉਹ ਕਿਸ ਤਰਾਂ ਦੇ ਬਲ ਪ੍ਰਾਕ੍ਰਮ ਤਥਾ ਕਿਸਮਤ ਵਾਲਾ ਹੋਵੇਗਾ? ਇਸ ਪ੍ਰਸ਼ਨ ਦਾ ਉੱਤਰ ਦੇਣ ਵਾਸਤੇ ਸਿਆਣੇ ਪੰਡਤ ਜੀ ਪੱਤਰੀ ਕੱਢਕੇਲਗਨ ਸ਼ਗਨ ਵਿਚਾਰਨ ਦੇ ਡੂੰਘੇ ਸੋਚ ਸਮੁੰਦਰ ਵਿਚ ਪੈ ਗਏ ਹਨ। ਕਿਤਨਾ ਸਮਾਂ ਬੀਤ ਜਾਣ ਪਰ ਪੰਡਤ ਜੀ ਸੋਚ ਸੋਚ ਕੇ ਰਾਜਾ ਜੀ ਅੱਗੇ ਬੇਨਤੀ ਕਰਦੇ ਹੋਏ ਬੋਲੇ ਕਿ ਹੇ ਰਾਜਨ! ਆਪ ਦੇ ਘਰ ਬੜੇ ਹੀ ਬਲ ਤੇ ਯੋਗੀ ਮਸਤਕ ਵਾਲਾ ਪੁੱਤਰ ਉਤਪੰਨ ਹੋਇਆ ਹੈ। ਸੂਰਜ ਚੰਦ, ਬ੍ਰਹਸਪਤ ਆਦਿਕ ਚੰਗੇ ਹਨ ਪਰ ਰਾਹੂ ਤੇ ਕੇਤੂ ਵਿਚ ਵਿਘਨਕਾਰੀ ਤੇ ਖੋਟੇ ਹਨ ਸੋ ਯਾਂ ਤਾਂ ਆਪ ਦਾ ਏਹ ਯੋਗੀ ਪੁੱਤਰ ਯੋਗ ਕਮਾ ਪੂਰਨ ਬ੍ਰਹਮਚਾਰੀ ਬਣ ਦੇਸ਼ ਰਟਨ ਕਰੇਗਾ ਤੇ ਪੂਰਣ ਸੰਤ ਜਨ ਹੋ ਸੰਸਾਰ ਵਿਚ ਵਿਚਰੇਗਾ ਯਾਂ ਜੀਊਂਦਾ ਨਹੀਂ ਰਹੇਗਾ, ਇਸ ਦਾ ਉਪਾਵ ਹੈ ਤਾਂ ਕੇਵਲ ਏਹੋ ਹੈ ਕਿ ਆਪ

Digitized by Panjab Digital Library | www.panjabdigilib.org

ਬਾਰਾਂ ਬਰਸ ਲਈ ਪੁਤਰ ਦੇ ਮੱਥੇ ਨਾ ਲੱਗੋ ਤੇ ਅੱਡਰਾ ਭੋਰਾ ਬਣਵਾਕੇ ਨੌਕਰ ਚਾਕਰ ਸੇਵਾ ਲਈ ਨਿਯਤ ਕਰ ਦਿਓ, ਲਗਨ ਆਦਿਕ ਗਿਣ ਗਿਣਾਕੇ ਪੰਡਤ ਦਾ ਏਹ ਸਿੱਟਾ ਕੱਢਣਾ ਰਾਜੇ ਨੂੰ ਨਿਰਾਸਤਾ ਦੇ ਡੂੰਘੇ ਸਮੁੰਦਰ ਵਿੱਚ ਗਰਕ ਕਰ ਗਿਆ ! ਉਹ ਰਾਜਾ ਜੋ ਅਜੇ ਪੁੱਤਰ ਦੇ ਜਨਮ ਦੀਆਂ ਖੁਸ਼ੀਆਂ ਤੋਂ ਭੀ ਵੇਹਲਾ ਨਹੀਂ ਹੋਇਆ ਸੀ ਮੁੜ ਉਦਾਸੀਨਤਾ ਦੇ ਚੱਕਰ ਵਿੱਚ ਫਸ ਗਿਆ, ਮਾਨੋਂ ਜਿਗਰ ਜਾਨ ਦੇ ਟੁਕੜੇ ਪੁੱਤਰ ਤੇ ਵਰਿਹਾਂ ਦੀ ਲੋਂਹਦੀ ਸਿੱਕ ਨੂੰ ਲੱਗੇ ਫਲ ਦਾ ੧੨ ਬਰਸ ਲਈ ਵਿਛੋੜਾ ਰਾਜੇ ਦੀਆਂ ਅੱਖਾਂ ਅੱਗੇ ਮੌਤ ਹੋਕੇ ਦਿਖਾਈ ਦੇਣ ਲੱਗਾ, ਇਧਰ ਪੁੱਤ੍ਰ ਦੇ ਸੁੰਦਰ ਮੁਖੜੇ ਨੂੰ ਦੇਖਣ ਦੀ ਸੱਧਰ ਦਿਲਵਿੱਚ ਹੈ, ਦੂਜੇ ਪਾਸੇ ਪੰਡਤਦੀਮੀਨ ਮੇਖ ਨੇ ੧੨ ਬਰਸ ਲਈ ਭੋਰੇ ਦੀ ਸਲਾਹ ਦੇ ਦਿੱਤੀ ਹੈ, ਕਰੇ ਤਾਂ ਕੀ ਕਰੇ ? ਜਿਸ ਪੁੱਤ੍ਰ ਦੀ ਮਮਤਾ ਪਿੱਛੇ ਜੋ ਕੰਮ ਨਹੀਂ ਸੀ ਕਰਨਾ ਉਹ ਭੀ ਕੀਤਾ, ਫੇਰ ਭੀ ਉਸ ਪੁੱਤ੍ਰ ਦੇ ਦਰਸ਼ਨ ਨਸੀਬ ਨਾ ਹੋਏ, ਇਕ ਕੰਟਕ ਦੂਰ ਹੋਕੇ ਦੂਸਰੇ ਨੇ ਆ ਰਾਜੇ ਦੇ ਮਨ ਨੂੰ ਘੇਰਿਆ, ਅਮੀਰਾਂ, ਵਜ਼ੀਰਾਂ, ਐਹਲਕਾਰਾਂ ਤੇ ਪੰਡਤਾਂ ਦੀ ਜ਼ਬਰਦਸਤ ਰਾਇ ਨੇ ਅੰਤ ਸਾਲਵਾਹਨ ਦੇ ਮਨ ਨੂੰ ਕੁਝ ਹੌਸਲਾ ਬਨ੍ਹਾਯਾ ਤੇ ਉਨ੍ਹਾਂ ਦੀਆਂ ਦਿਲਬਰੀਆਂ ਵਿੱਚ ਆ ਰਾਜੇ ਨੇ ਭੋਰਾ ਤਿਆਰ ਕਰਨ ਲਈ ਟੁੱਟੇ ਤੇ ਨਿਰਾਸ ਦਿਲ ਨ ਲ ਹੁਕਮਦੇਦਿੱਤਾ, ਥੋੜਹੀ ਦਿਨਾਂ ਵਿੱਚਟਿੱਕਾ ਸਾਹਿਬ ਲਈ ਇਕ ਆਲੀਸ਼ਾਨ ਭੋਰਾ ਤਿਆਰ ਹੋ ਗਿਆ, ਜਿਸ ਵਿੱਚ ਰਾਜੇ ਸਾਲਵਾਹਨ ਦਾ ਪੁੱਤ੍ਰ ਤੇ ਗੋਲੀਆਂ, ਨੌਕਰ ਚਾਕਰ ਆਦਿਕ ਸਾਰੇ ਰਿਹਾਇਸ਼ ਲਈ ਉਤਾਰੇ ਗਏ।

ਭੋਰੇ ਵਿੱਚ ਸਮਾਂ ਸਹਿਜੇ ੨ ਬੀਤਦਾ ਗਿਆ, ਪੈਹਲੇ

Digitized by Panjab Digital Library | www.panjabdigilib.org

ਬਰਸ ਵਿੱਚ ਪੰਡਤਾਂ ਨੇ ਟਿੱਕਾ ਸਾਹਿਬ ਦਾ ਨਾਮ ਚੁਣਕੇ "ਪੂਰਨ ਚੰਦ" ਰਖਿਆ, ਭੋਰੇ ਵਿੱਚੋਂ ੧੨ਬਰਸ ਦੀ ਉਮਰ ਵਿੱਚ ਪੂਰਨ ਚੰਦ ਜੀ ਬਾਹਰ ਕੱਢੇ ਗਏ,ਜਦਕਿ ਉਹ ਜਵਾਨੀ ਦੀ ਪਹਿਲੀ ਮੰਜ਼ਲ ਵਿੱਚ ਹੀ ਅਜੇ ਪੈਰ ਰੱਖ ਰਹੇ ਸਨ, ਚੇਹਰਾ ਲਾਲ ਗੁਲਾਬ ਦੇ ਫੁੱਲ ਨੂੰ ਮਾਤ ਪਾ ਰਿਹਾ ਸੀ, ਮੱਥਾ ਦਮਕਦਾ ਯੋਗੀਆਂ ਵਾਲਾ ਜਾਪਦਾ ਸੀ, ਕੰਨੀਂ ਬੜੇ ੨ ਸੁੰਦਰ ਤੇ ਕੀਮਤੀ ਵਾਲੇ ਸਨ, ਸ਼ਕਲ ਅੱਤ ਸੁੰਦਰ ਹੋਣ ਪਰ ਸਰੀਰ ਭਾਰਾ ਸਡੌਲ ਤੇ ਮੁਖੜਾ ਹਸੂੰ ਹਸੂੰ ਕਰਦਾ ਚੰਦ੍ਰਮਾਂ ਦੇ ਪ੍ਰਕਾਸ਼ ਦੀ ਨਿਆਈਂ ਪ੍ਰਕਾਸ਼ਵਾਨ ਸੀ, ਮਾਨੋਂ ਬਾਰਾਂ ਬਰਸ ਦਾ ਬਨਬਾਸ ਭੁਗਤਕੇ ਨਿਕਲਨਾ ਹੀ ਸੀ ਕਿ ਰਾਜੇ ਦਾ ਡੋਲਿਆ ਹੋਯਾ ਮਨ ਫੇਰ ਟਿਕਾਣੇ ਆਉਂਣ ਦੀਆਂ ਨਿਸ਼ਾਨੀਆਂ ਦਿੱਸਨ ਲਗੀਆਂ, ਰਾਜਾ ਪੁੱਤ੍ਰ ਨੂੰ ਭੋਰੇ ਵਿੱਚੋਂ ਨਿਕਲਨ ਦੀ ਘੜੀ ਤੇ ਤਾਰੀਖ ਉਡੀਕ ਰਿਹਾ ਸੀ ਤੇ ਮਨ ਨਾਲ ਗਿਣਤੀਆਂ ਕਰ ਰਿਹਾ ਸੀ ਕਿ ਅੱਜ ਬੀਤ ਗਿਆ, ਕੱਲ ਦਿਨ ਚੜ੍ਹੇਗਾ, ਰਾਤ ਪਵੇਗੀ ਤੇ ਪਰਸੋਂ ਸਵੇਰੇ ਮੇਰੇ ਪਿਆਰੇ ਪੁੱਤ੍ਰ ਦੀ ਬਾਰਾਂ ਬਰਸ ਦੀ ਬਨਬਾਸੀ ਖਤਮ ਹੋ ਜਾਵੇਗੀ ਤੇ ਮੈਂ ਚੰਦ੍ਰ ਮੁਖ ਪੁੱਤ੍ਰ ਦੇ ਮੁਖੜੇ ਨੂੰ ਚੁੰਮ ਚੁੰਮ ਖੁਸ਼ੀ ਤੇ ਨਿਹਾਲ ਹੋਵਾਂਗਾ।

## ਭੋਰੇ ਦੇ ਨਿਵਾਸ ਤੋਂ ਛੁਟਕਾਰਾ

### ੫.

ਅੱਜ ਸਿਆਲਕੋਟ ਨਗਰੀ ਦੇ ਹਰ ਦਿਲ ਵਿੱਚ ਪੂਰਨ ਜੀ ਦੇ ਬਾਰਾਂਬਰਸੀ ਬਨਬਾਸ ਦੀ ਅੰਤਲੀ ਘੜੀ ਦੀ ਉਡੀਕ ਭਰ ਜੋਬਨ ਵਿੱਚ ਠਾਠਾਂ ਮਾਰ ਰਹੀ ਹੈ, ਅੱਜ ਬੱਚੇ ਤੋਂ ਲੈਕੇ ਬੁੱਢੇ ਤੱਕ ਪੂਰਨ ਚੰਦ ਜੀ ਦੀ ਉਡੀਕ ਵਿੱਚ ਅੱਖਾਂ ਗੱਡੀਆਂ

Digitized by Panjab Digital Library | www.panjabdigilib.org

ਹੋਈਆਂ ਹਨ ਤੇ ਇਹੋ ਹੀ ਹਰ ਦਿਲ ਵਿਚ ਆਸ ਬੱਝ ਰਹੀ ਹੈ ਕਿ ਪਲੋ ਪਲੀ ਵਿੱਚ ਹਰ ਦਿਲ ਨੂੰ ਪਿਆਰੇ ਲੱਗਣ ਵਾਲੇ ਟਿੱਕਾ ਪੂਰਨ ਚੰਦ ਜੀ ਦੇ ਦਰਸ਼ਨ ਹੋਏ ਕਿ ਹੋਏ, ਰਾਜਾ ਸਾਲਵਾਹਨ ਤੇ ਉਸਦੇ ਸਾਰੇ ਐਹਲਕਾਰ ਪ੍ਰਜਾ ਸਮੇਤ ਅਤਅੰਤ ਉਤਾਵਲੇ ਹੋਏ ੨ ਪੂਰਨ ਜੀ ਦਾ ਰਾਹ ਘੜੀ ਮੁੜੀ ਤੱਕ ਰਹੇ ਹਨ, ਖਾਸ ਕਰ ਰਾਜਾ ਜੀ ਦਾ ਬਾਰਾਂ ਬਰਸ ਦੀ ਉਡੀਕ ਨਾਲ ਕੁਮਲਾਯਾ ਹੋਯਾ ਮੁਖੜਾ ਅੱਜ ਪ੍ਰਸੰਨ ਚਿੱਤ ਨਜ਼ਰ ਆ ਰਿਹਾ ਹੈ, ਉਸਦੇ ਚੇਹਰੇ ਤੇ ਜੋ ਹਰ ਵੇਲੇ ਖੁਸ਼ੀ ਦੇ ਨਾਲ ਮਿਲੀ ਹੋਈ ਕੁਝ ੨ ਗ਼ਮੀ ਦੀ ਝਲਕ ਵਜਦੀ ਸੀ ਬਿਲਕੁਲ ਰਫੂ ਚੱਕਰ ਹੋਈ ੨ ਦਿਖਾਈ ਦੇ ਰਹੀ ਤੇ ਸਪਸ਼ਟ ਇਕੱਲੀ ਖੁਸ਼ੀ ਨੇਹੀ ਉਸਦੇ ਚੇਹਰੇ ਨੂੰ ਕਸ਼ਮੀਰੀ ਸਿਓਵਾਂਗ ਕਰ ਰਖਿਆ ਹੈ। ਸਿਆਲਕੋਟ ਦੀਆਂ ਚੌਹਾਂ ਕੂਟਾਂ ਵਿੱਚ ਖੁਸ਼ੀਆਂ ਦੇ ਸ਼ਾਦੀਆਨੇ ਬਜ ਰਹੇ ਸਨ ਕਿ ਅੱਚਨਚੇਤ ਹੀ ਪਰਮ ਪਿਆਰੇ ਪ੍ਰਜਾ ਨੂੰ ਸੁਤੇ ਸਿੱਧ ਹੀ ਕੁਦਰਤੀਪਿਆਰੇ ਲੱਗਣ ਵਾਲੇ ਟਿੱਕਾ ਸਾਹਿਬ ਪੂਰਨ ਚੰਦ ਜੀ ਨੌਕਰਾਂ ਚਾਕਰਾਂ ਤੇ ਐਹਲਕਾਰਾਂ ਸਮੇਤ ਰਾਜ ਦਰਬਾਰ ਵਲ ਆਉਂਦੇ ਦਿਖਾਈ ਦਿੱਤੇ। ਇਸ ਵੇਲੇ ਪੂਰਨ ਜੀ ਦੇ ਹਰ-ਮਨ ਪਿਆਰੇ ਦਰਸ਼ਨ ਬੜੇ ਹੀ ਸ਼ੋਭਨੀਯ ਸਨ, ਭੋਰੇ ਵਿਚੋਂ ਨਿਕਲਕੇ ਖੁਸ਼ੀ ਵਿੱਚ ਭਰੇ ਭਰਾਏ ਬਾਰਾਂ ਬਰਸਾਂ ਦੀ ਲੰਮੀਂ ਮੁਦਤ ਪਿੱਛੋਂ ਪੂਰਨ ਚੰਦ ਜੀ ਪਿਤਾ ਦੇ ਦਰਸ਼ਨਾਂ ਦੀ ਸਧਰ ਦਿਲ ਵਿੱਚ ਲੈ ਰਾਜ ਦਰਬਾਰ ਦੀ ਸੇਧ ਰੱਖੀ ਚਲੇ ਆ ਰਹੇ ਹਨ, ਦੇਖਦਿਆਂ ੨ ਸਾਲਵਾਹਨ ਦਾ ਰਾਜ ਦਰਬਾਰ ਆ ਗਿਆ, ਬੜੇ੨ ਪਤਵੰਤੇ ਤੇ ਲਾਇਕ ਐਹਲਕਾਰ, ਵਜ਼ੀਰ, ਅਮੀਰ ਆਪੋ ਆਪਣੀਆਂ ਨੀਯਤ ਜਗ੍ਹਾਂ ਪਰ ਸਜ ਰਹੇ ਹਨ, ਪੂਰਨ ਚੰਦ ਜੀ ਹੌਲੇ ੨ ਆਪਣੇ ਪਿਆਰੇ ਪਿਤਾ ਰਾਜਾ

Digitized by Panjab Digital Library | www.panjabdigilib.org

ਸਾਲਵਾਹਨ ਵੱਲ ਚਲੇ ਆ ਰਹੇ ਹਨ, ਪਾਸ ਪਹੁੰਚਦਿਆਂ ਸਾਰ ਹੀ ਪੂਰਨ ਚੰਦ ਜੀ ਨੇ ਪਿਤਾ ਜੀ ਦੇ ਚਰਨਾਂ ਪਰ ਸੀਸ ਰੱਖਕੇ ਚੁਫਾਲ ਡਿੱਗਕੇ ਬੜੀ ਹੀ ਅਧੀਨਗੀ ਸਹਿਤ ਨਮਸ਼ਕਾਰ ਕੀਤੀ, ਪੂਰਨ ਜੀ ਦਾ ਬਾਰਾਂ ਬਰਸਾਂ ਦੇ ਵਿਛੋੜੇ ਪਿੱਛੋਂ ਆਪਣੇ ਪਿਤਾ ਜੀ ਦੇ ਚਰਨਾਂ ਪਰ ਸੀਸ ਰਖਕੇ ਨਮਸ਼ਕਾਰ ਕਰਨਾ ਕੀ ਸੀ,ਮਾਨੋਂ ਰਾਜੇ ਦੇ ਸਾਰੇ ਖਿਆਲੀ ਸੁਪਨਿਆਂ ਨੂੰ ਫਲ ਲੱਗ ਜਾਣਾ ਸੀ, ਉਹ ਮਨ ਹੀ ਮਨ ਵਿੱਚ ਆਪਣੇ ਪਿਆਰੇ ਪੁੱਤ੍ਰ ਨੂੰ ਸਪੁੱਤ੍ਰ ਤੇ ਤੇਜ ਪ੍ਰਤਾਪ ਵਾਲਾ, ਅਦਬ ਦਾ ਪੁਤਲਾ ਖਿਆਲ ਕਰਨ ਲੱਗਾ। ਫੇਰ ਚੁੱਕਕੇ ਪੁੱਤ੍ਰ ਨੂੰ ਗਲ ਨਾਲ ਲਾਯਾ, ਘੁੱਟਕੇ ਪਿਆਰ ਭਰੀ ਜੱਫੀ ਪਾਕੇ ਕਲੇਜਾ ਠੰਢਾ ਕੀਤਾ, ਮੂੰਹ ਸਿਰ ਚੁੰਮਿਆਂ, ਵਧਨ ਫੁਲਨ ਲਈ ਅਣਗਿਣਤ ਅਸੀਸਾਂ ਦਿੱਤੀਆਂ ਤੇ ਆਪਣੇ ਜਿਗਰ ਜਾਨ ਦੇ ਟੁਕੜੇ ਨੂੰ ਲਾਡ ਨਾਲ ਗੋਦੀ ਵਿੱਚ ਬਠਾ ਲਿਆ। ਇਹ ਉਹ ਅਦੁਤੀ ਦ੍ਰਿਸ਼ਯ ਦਾ ਸਮਾਂ ਸੀ ਜਿਸ ਦਾ ਕਥਨ ਕਰਨਾ ਕਠਨ ਹੈ, ਏਸ ਸਮੇਂ ਦੀ ਸੋਭਾ ਅਸਚਰਜ ਹੀ ਬਣ ਰਹੀ ਸੀ, ਪ੍ਰਜਾ ਦੇ ਸਾਰੇ ਲੋਕ ਵਾਜੇ ਤੂਤੀਆਂ ਆਦਿਕ ਵਜਾਕੇ ਖੁਸ਼ੀਆਂ ਮਨਾ ਰਹੇ ਸਨ, ਥਾਂ ਥਾਂ ਤੇ ਢਾਣੀਆਂ ਬਣਾਕੇ ਰਾਜੇ ਦੇ ਜੱਸ ਗਾਇਨ ਕਰ ਰਹੇ ਸਨ, ਜਿਤਨੀਆਂ ਵਧਾਈਆਂ ਪੂਰਨ ਜੀ ਦੇ ਜਨਮ ਸਮੇਂ ਰਾਜੇ ਨੂੰ ਜਾ ਜਾਕੇ ਲੋਕ ਦਿੰਦੇ ਸਨ ਅੱਜ ਉਸਤੋਂ ਚਾਰ ਗੁਣਾ ਵਧਕੇ ਪਰਜਾ ਦੇ ਲੋਕ ਦੇ ਰਹੇ ਹਨ। ਰਾਜਾ ਸਾਲਵਾਹਨ ਉਸ ਮਹਾਨ ਤੇਜੱਸਵੀ ਰਾਜੇ ਬਿਕ੍ਰਮਾਜੀਤ ਦੀ ਕੁਲ ਵਿੱਚੋਂ ਸਨ ਜਿਸਦੇ ਤੋਰੇ ਸੰਮਤ ਅੱਜ ਤੱਕ ਚੰਦ੍ਰਮਾਂ ਦੀ ਨਿਆਈਂ ਦੁਨੀਆਂ ਵਿੱਚ ਪ੍ਰਕਾਸ਼ਮਾਨ ਹਨ, ਅੱਜ ਦਾ ਸਮਾਂ ਐਸਾ ਸੁੰਦਰ ਤੇ

Digitized by Panjab Digital Library | www.panjabdigilib.org

ਸੁਹਾਵਨਾਂ ਬਣਨ ਦਾ ਕਾਰਨ ਭੀ ਖਾਸ ਇਹੋ ਹੀ ਸੀ ਕਿ ਏਸ ਪੀੜ੍ਹੀ ਦੇ ਯੁਵਰਾਜ ਟਿੱਕਾ ਸਾਹਿਬ ਦੇ ਦਰਸ਼ਨਾਂ ਦਾ ਅੱਜ ਪਹਿਲਾ ਦਿਨ ਸੀ।

## ਪਰਖ ਤੇ ਵਿਆਹ ਲਈ ਪ੍ਰੇਰਨਾਂ

੧.

ਅੱਜ ਇਕ ਖਾਸ ਜਗ੍ਹਾ ਪੂਰਨ ਜੀ ਦੀ ਪ੍ਰਾਪਤ ਕੀਤੀ ਅਸਤ੍ਰ ਸ਼ਸਤ੍ਰ ਵਿੱਦਯਾ ਨੂੰ ਦੇਖਣ ਲਈ ਨੀਯਤ ਕਰਕੇ ਸਜਾਈ ਗਈ ਹੈ, ਇਕ ਵੱਡਾ ਸਾਰਾ ਸ਼ਾਮਿਆਨਾ ਲਗਾਯਾ ਗਿਆ ਹੈ, ਉਸ ਦੇ ਥੱਲੇ ਖਾਸ ੨ ਐਹਲਕਾਰ ਸਭਾ ਵਿੱਚ ਆ ਡਟੇ ਹਨ, ਰਾਜਾ ਸਾਲਵਾਹਨ ਦੇ ਸਮੀਪ ਰਾਜ ਮੰਤ੍ਰੀ ਜੀ ਬੈਠੇ ਦਿਖਾਈ ਦੇ ਰਹੇ ਹਨ, ਰਾਜਾ ਪਿਆਰ ਤੇ ਹੁਬ ਨਾਲ ਕਹਿ ਰਿਹਾ ਹੈ ਕਿ ਹੇ ਸਪੁੱਤ੍ਰ ਪੁੱਤ੍ਰ ਜੀਉ! ਜੋ ਕੁਝ ਭੋਰੇ ਦੇ ਬਾਰਾਂ ਬਰਸੀ ਬਨਬਾਸ ਸਮੇਂ ਵਿੱਚ ਰਾਜ ਨੀਤੀ, ਸ਼ਸਤ੍ਰ ਵਿੱਦਯਾ, ਰਾਜ ਵਿੱਦਯਾ ਆਦਿਕ ਕਰਤਬ ਸਿਖਲਾਏ ਗਏ ਹਨ ਉਨ੍ਹਾਂ ਨੂੰ ਆਪ ਹੁਣ ਸਾਰੇ ਸਭਾ ਸਦ ਬੈਠੇ ਇਨ੍ਹਾਂ ਦੇ ਸਾਹਮਣੇ ਕਰਕੇ ਦਿਖਲਾਓ, ਤਾਕਿ ਆਪ ਦੇ ਗੁਰੂ ਅਥਵਾ ਉਸਤਾਦ ਦੀ ਜਸ ਕੀਰਤੀ ਜਗਤ ਵਿੱਚ ਉੱਜਲ ਹੋਵੇ। ਸਪੁੱਤ੍ਰ ਪੁੱਤ੍ਰ ਪੂਰਨ ਜੀ ਅਪਨੇ ਪਰਮ ਪਿਆਰੇ ਪਿਤਾ ਜੀ ਦਾ ਹੁਕਮ ਸੁਣਕ ਤੇ ਇਕਾਗਰ ਬਿਰਤੀ ਹੋਕੇ ਆਪਣ ਦੈਵੀ ਹੁਨਰ ਦੀ ਬਰਖਾ ਕਰਨ ਲਗਦੇ ਹਨ ਤੇ ਇਸਤਰਾਂ ਉਚਾਰਦੇ ਹਨ ਕਿ ਹੇ ਸਭਾ ਸੱਦੋ (ਮੈਂਬਰੋ)! ਕੇਵਲ ਇਕ ਅਕਾਲ ਪੁਰਖ ਦੀ ਅਰਾਧਨਾਂ ਤੋਂ ਛੁਟ ਹੋਰ ਕਿਸੇ ਦੀ ਉਪਾਸ਼ਨਾਂ ਕਰਨੀ ਯੋਗ ਨਹੀਂ, ਸਾਰੀਆਂ ਬੁਰਿਆਈਆਂ ਤੇ ਤਕੱਬਰ ਨੂੰ ਛੱਡਕੇ ਕੇਵਲ

Digitized by Panjab Digital Library | www.panjabdigilib.org

ਹਰੀ ਦੇ ਚਰਨਾਂ ਵਿੱਚ ਲੀਨ ਰਹਿਣਾਂ ਹੀ ਹਰ ਇਕ ਮਨੁੱਖ ਮਾਤ੍ਰ ਨੂੰ ਨਰਕ ਦੀ ਅਗਨ ਤੋਂ ਰੱਖਨ ਲਈ ਕਾਫ਼ੀ ਹੈ, ਅਸਲ ਹਉਮੈਂ ਦੇ ਦੀਰਘ ਰੋਗ ਤੋਂ ਛੁਟਕਾਰਾ ਪਾਕੇ ਜੋ ਰਾਜਾ ਰਾਜ ਕਮਾਉਂਦਾ ਹੈ, ਜੋ ਨੌਕਰ ਆਪਣੇ ਸੁਆਮੀ ਦਾ ਹੁਕਮ ਪਾਲਦਾ ਹੋਯਾ ਆਪਣੀ ਨਿਮਕ ਹਲਾਲੀ ਦਾ ਸਬੂਤ ਦਿੰਦਾਹੈ, ਜਿਸ ਜੀਵ ਵਿੱਚੋਂ ਹੰਗਤਾ ਦਾ ਅਭਾਵ ਹੋ ਜਾਵੇ ਉਹੋ ਹੀ ਉਸ ਜਾਗਦੀ ਜੋਤ, ਪਰੀ ਪੂਰਨ ਪ੍ਰਮਾਤਮਾਂ ਦੀ ਦਰਗਾਹ ਵਿੱਚ ਪਹੁੰਚ ਪ੍ਰਲੋਕ ਸੁਹੇਲਾ ਹੋ ਸਕਦਾ ਹੈ। ਦੁਨੀਆਂ ਦੇ ਵਿਕਾਰ ਚੋਰੀਆਂ, ਯਾਰੀਆਂ ਆਦਿਕ ਤਜਕੇ ਆਜਜ਼ੀ, ਅਧੀਨਗੀ ਰੱਖਨ ਨਾਲ ਹੀ ਵਾਹਿਗੁਰੂ ਦੀ ਪ੍ਰਾਪਤੀ ਹੋ ਸਕਦੀ ਹੈ। ਆਵਾ ਗੌਣ ਦੇ ਚੱਕਰ ਵਿੱਚੋਂ ਨਿਕਲਕੇ ਅਪਨੇ ਆਪ ਨੂੰ ਨਿਰੰਕਾਰੀ ਦਰਵਾਜ਼ੇਤ ਜਾਣਲਈ ਕੇਵਲਇਕ ਮਨ।ਇੱਕਚਿੱਤਹੋਕੇ ਈਸ਼੍ਵਰ ਅਰਾਧਨਾ ਕਰਨੀ ਹੀਨਿਸਚੇ ਫਲ ਪ੍ਰਦਾਤੀ ਹੈ, ਇਹ ਦਿਸਦਾ ਵਸਦਾ ਸੰਸਾਰ ਨਾਸਮਾਨ ਤੇ ਮਿਥਿਆ ਹੈ, ਇਸ ਵਿੱਚ ਬੰਦੇ ਨੇ ਸਦੀਵ ਕਾਲ ਅਸਥਿਰ ਨਹੀਂ ਰਹਿਣਾ।ਇਸ ਲਈ ਹਰ ਪ੍ਰਾਣੀ ਮਾਤ੍ਰ ਲਈ ਉਚਿਤ ਹੈ ਕਿ (ਚਿੜੀਆਂ ਚੁਗ ਗਈ ਖੇਤ) ਦੇ ਪਛਤਾਵੇ ਵਤ ਪਛਤਾਉਣ ਤੋਂ ਪਹਿਲਾਂ ਹੀ ਉਸ ਮਹਾਂ ਬਖ ਸ਼ਿੰਦ ਪ੍ਰਭੂ ਦੇ ਦਰ ਦਾ ਸਵਾਲੀ ਬਣ ਕੇ ਮੁਕਤੀ ਦਾਤ ਪ੍ਰਾਪਤ ਕਰ, ਸਦੈਵੀ ਮੁਕਤ ਦੇ ਪੰਧਾਊਆਂ ਵਿਚ ਦਾਖਲ ਹੋ, ਜਨਮ ਮਰਨ ਦੇ ਫਿਸ ਵਿਚੋਂ ਨਿਕਲ ਜਾਵੇ।

ਟਿਕਾ ਪੂਰਨ ਚੰਦ ਜੀ ਜਦ ਏਸਤਰਾਂ ਸ਼ਸਤ੍ਰ ਅਸਤ੍ਰ ਵਿੱਦਯਾ ਦੇ ਜੌਹਰ ਦਿਖਾਉਣ ਤੇ ਰਾਜਨੀਤੀ ਆਦਿਕ ਦੀਆਂ ਝੂਠੀਆਂ ਛਲ ਰੂਪ ਗੱਲਾਂ ਖ਼ਾਤਾਂ ਸੁਨਾਉਣ ਦੇ ਬਦਲੇ ਪੂਰਨ ਗਿਆਨ ਦਾ ਉਪਦੇਸ਼ ਸਾਰੀ ਸਭਾ ਵਿੱਚ ਕਰ ਚੁੱਕੇ ਤਾਂ ਸਾਰੇ

Digitized by Panjab Digital Library | www.panjabdigilib.org

ਸਭਾ ਸੱਦ ਅਤਯੰਤ ਖੁਸ਼ ਤੇ ਪ੍ਰਸੰਨ ਹੋਏ, ਏਹ ਉਪਦੇਸ਼ ਜੋ ਇੱਕ ਬਾਰਾਂ ਬਰਸਾਂ ਪਿਛੋਂ ਸੰਸਾਰ ਦੀ ਹਵਾ ਖਾਣ ਵਾਲੇ ਬਾਲੀ ਉਮਰਾਂ ਦੇ ਅੱਲ੍ਹੜ ਬੱਚੇ ਦੇ ਮੂੰਹੋਂ ਨਿਕਲਿਆ ਸੀ ਕੋਈ ਮਾਮੂਲੀ ਅਸਰ ਰੱਖਣ ਵਾਲਾ ਨਹੀਂ ਸੀ, ਇਕ ਵੇਰ ਤਾ ਸਭਾ ਵਿਚ ਬੈਠੇ ਸਾਰੇ ਸ੍ਰੋਤੇ ਲੂੰ ਲੂੰ ਖੁਸ਼ ਹੋ ਗਏ ਤੇ ਵਾਹ ਵਾਹ ਸ਼ਬਦ ਦਾ ਗਾਇਣ ਕਰ ਉਠੇ ਤੇ ਵਿਚ ੨ ਕਈ ਕਹਿਣ ਲੱਗ ਪਏ ਕਿ ਧੰਨ ਰਾਣੀ ਇੱਛਰਾਂ ਦੀ ਕੁੱਖ ਹੈ ਜਿਨ ਐਸਾ ਗਿਆਨਵਾਨ, ਵਿਦਵਾਨ,ਭਗਤ ਪੁਤਰ ਉਤਪੰਨ ਕੀਤਾ ਹੈ,ਏਹ ਸੱਚ ਤੇ ਠੀਕ ਹੈ ਕਿ ਕਿਸੇ ਨੂੰ ਭਵਿਸ਼ਜਤ ਕਾਲ ਵਿੱਚ ਹੋਣ ਵਾਲ ਸਮਾਚਾਰਾਂ ਦਾ ਪਤਾ ਨਹੀਂ ਹੁੰਦਾ ਏਸੇ ਹੀ ਖਿਆਲ ਅਨੁਸਾਰ ਏਥੋਂ ਦੇ ਸਾਰੇ ਬੈਠੇ ਦ੍ਰਿਸ਼ਟਾ ਕੀ ਜਾਣਦੇ ਹਨ ਕਿ ਕੋਈ ਦਿਨ ਆਵੇਗਾ ਕਿ ਏਹੋ ਹੀ ਟਿੱਕਾ ਸਾਹਿਬ ਪੰਜਾਬ ਦੇਸ਼ ਦੀਆਂ ਨਸਲਾਂ ਨੂੰ ਇਖਲਾਕ ਦਾ ਅਚੰਭਿਤ ਸਬਕ ਦੇਣ ਲਈ ਉਚੇ ਤੇ ਸੁਚੇ ਰਤਨ ਸਾਬਤ ਹੋਣਗੇ।

ਹੁਣ ਰਾਜਾ ਸਾਲਵਾਹਨ ਦਾ ਚੇਹਰਾ ਪਿਆਰ ਤੇ ਹੁਬ ਨਾਲ ਠਣਕਿਆ, ਤੇ ਖੁਸ਼ੀ ਦੇ ਮਾਰੇ ਫੁਲਿਆ ਨਹੀਂ ਸਮਾਉਂਦਾ। ਰਾਜਾ ਜੀ ਆਪਣੇ ਬੈਠੇ ਸਮੀਪ ਮੰਤ੍ਰੀ ਨਾਲ ਸਲਾਹ ਕਰਨ ਲੱਗੇ ਕਿ ਹੇ ਸਿਆਣੇ ਮੰਤ੍ਰੀ ਜੀ ! ਮਾਪਿਆਂ ਦੇ ਸਿਰ ਪੁਤ੍ਰ ਦੇ ਵਿਆਹ ਆਦਿਕ ਦਾ ਭੀ ਸੰਸਾਰਕ ਚਾਲ ਅਨੁਸਾਰ ਬੜਾ ਭਾਰਾ ਕਰਜਾ ਹੁੰਦਾ ਹੈ, ਸੁੱਖ ਨਾਲ ਜਦ ਹੁਣ ਭਗਵੰਤ ਦੀ ਦਯਾ ਹੈ ਕਿ ਮੈਨੂੰ ਅੱਜ ਆਪਣੇ ਜਿਗਰ ਜਾਨ ਤੋਂ ਪਿਆਰੇ ਪੁੱਤਰ ਪੂਰਨ ਚੰਦ ਜੀ ਹਰ ਵਿੱਦਯਾ ਵਿੱਚ ਨਿਪੁੰਨ ਤੇ ਪੂਰਨ ਗੁਣਵਾਨ ਦਿਖਾਈ ਦਿੰਦੇ ਹਨ ਤੇ ਚੜ੍ਹਦੀ ਜਵਾਨੀ ਵਿਚੀ ਪੈਰ ਰੱਖ ਰਹੇ ਹਨ ਏਧਰ ਮੇਰੇ ਦਿਲ ਵਿਚ ਭੀ ਕਿਸੇ ਖੁਸ਼

Digitized by Panjab Digital Library | www.panjabdigilib.org

ਦੇ ਵੇਖਣ ਦੀ ਸਧਰ ਚੱਕਰ ਲਗਾ ਰਹੀ ਹੈ, ਚੰਗਾ ਹੋਵੇ ਜੇ ਪੂਰਨ ਚੰਦ ਜੀ ਦਾ ਵਿਵਾਹ ਕਾਰਜ ਹੁਣ ਕਰ ਦਿਤਾ ਜਾਵੇ, ਏਸਤਰਾਂ ਇਕ ਤਾਂ ਮਾਪਿਆਂ ਦੇ ਸਾਰੇ ਫਰਜ਼ ਜੋ ਉਲਾਦ ਸਬੰਧੀ ਹੁੰਦੇ ਹਨ ਉਹਨਾਂ ਵਿੱਚ ਮੈਂ ਪੂਰਾ ਉੱਤਰ ਕੇ ਆਪਣੇ ਆਪ ਸਤੰਤ੍ਰ ਹੋ ਜਾਵਾਂਗਾ ਤੇ ਦੂਸਰੇ ਜੋ ਰਾਤ ਦਿਨ ਕਿਸੇ ਖੁਸ਼ੀ ਦੇ ਵੇਖਣ ਦੀ ਚਾਹ ਮੇਰੇ ਦਿਲ ਵਿਚ ਰਹਿੰਦੀ ਹੈ ਏਸ ਵਸੀਲੇ ਉਹ ਭੀ ਪੂਰੀ ਹੋ ਜਾਵੇਗੀ, ਕਿਉਂ ਜੋ ਪੁਤਰ ਵਿਵਾਹ ਦੀ ਖੁਸ਼ੀ ਨਾਲੋਂ ਵਧੀਕ ਖੁਸ਼ੀ ਕੋਈ ਨਹੀਂ ਹੁੰਦੀ ਤੇ ਜਿੰਦਗੀ ਦੇ ਸੁਆਸਾਂ ਦਾ ਭੀ ਕੋਈ ਵਸਾਹ ਨਹੀਂ। ਰਾਜਾ ਜੀ ਅਜ ਏਹ ਸਲਾਹ ਮੰਤ੍ਰੀ ਅੱਗੇ ਪੇਸ਼ ਕਰ ਹੀ ਰਹੇ ਸਨ ਕਿ ਅਦਬ ਦੇ ਪੁਤਲੇ ਪੂਰਨ ਜੀ ਨੇ ਉਠਕੇ ਪਿਤਾ ਅੱਗੇ ਸੀਸ ਨਿਵਾਇਆ ਤੇ ਦੋਵੇਂ ਹੱਥ ਜੋੜਕੇ ਨਿਮ੍ਰਤਾ ਸਹਿਤ ਬੇਨਤੀ ਕੀਤੀ ਕਿ ਹੇ ਪ੍ਰੇਮ ਪਿਆਰੇ ਪਿਤਾ ਜੀ! ਮੇਰੇ ਵਿਆਹ ਸੰਬੰਧ ਦਾ ਅਜੇ ਬਿਲਕੁਲ ਫਿਕਰ ਨਾ ਕਰਨਾ, ਕਿਉਂ ਜੋ ਵੇਦਾਂ ਸ਼ਾਸਤ੍ਰਾਂ ਤੇ ਵਡੇ ਵਡੇ ਧਾਰਮਕ ਪੁਸਤਕਾਂ ਦੀ ਏਹ ਆਗਜ਼ਾ ਹੈ ਕਿ ਪੰਝੀ ਬਰਸ ਤੱਕ ਬ੍ਰਹਮ ਚਰਯ ਰਖਕੇ ਗ੍ਰਿਹਸਥ ਧਰਮ ਵਿੱਚ ਪੈਰ ਰਖਣਾ ਉਚਿਤ ਹੈ, ਉਸਤੋਂ ਪਿਛੋਂ ਯਥਾ ਯੋਗ ਸੰਤਾਨ ਉਤਪਨ ਕਰ ਬਾਨ ਪ੍ਰਸਤ ਧਾਰਨ ਕਰਨਾ ਚਾਹੀਦਾ ਹੈ, ਫੇਰ ਮਨ ਤੇ ਵਾਸ਼ਨਾ ਸੋਧਣ ਲਈ ਸੰਨਿਆਸ ਆਸ਼੍ਰਮ ਵਿਚਦਾਖਲ ਹੋਣਾ ਜਰੂਰੀ ਹੈ, ਸੋ ਹੇ ਪਿਤਾ ਜੀ! ਆਪ ਨੇ ਆਪਣੇ ਪੁਤਰ ਪੂਰਨ ਨੂੰ ਅਜੇ ਗ੍ਰਿਹਸਥ ਧਰਮ ਵਿੱਚ ਪ੍ਰਵੇਸ਼ ਕਰਨ ਲਈ ਪ੍ਰੇਰਨਾ ਨਾ ਕਰਨੀ। ਏਹ ਬੇਨਤੀ ਐਸੀ ਦਲੀਲ ਤੇ ਯੁਕਤੀ ਭਰਪੂਰ ਸੀ ਕਿ ਸਿਆਣੇ ਰਾਜ ਮੰਤ੍ਰੀ ਤੇ ਰਾਜਾ ਦੋਵੇਂ ਡੂੰਘੀਆਂ ਸੋਚਾਂ ਵਿੱਚ ਪੈ ਗਏ, ਕੁਝ ਸਮਾਂ ਲੰਘ ਜਾਣ ਪਿਛੋਂ

Digitized by Panjab Digital Library | www.panjabdigilib.org

ਰਾਜ ਮੱਤ੍ਰੀ ਚੁਪ ਨੂੰ ਤੋੜਦੇ ਹੋਏ ਬੋਲੇ ਕਿ ਹੇ ਰਾਜਨ ! ਟਿੱਕਾ ਸਾਹਿਬ ਜੀ ਦਾ ਫੁਰਮਾਨ ਆਖਰ ਸੱਚਾ ਤੇ ਠੀਕ ਹੈ। ਵੇਦਾਂ ਤੇ ਸ਼ਾਸ਼ਤ੍ਰਾਂ ਦੀ ਆਗਜ਼ਾ ਬਿਲਕੁਲ ਇੰਨ ਬਿੰਨ ਏਹੋ ਹੈ,ਤੁਸੀ ਧੰਨ ਭਾਗ ਸਮਝੋ ਕਿ ਆਪਦੇ ਗ੍ਰਿਹ ਵਿਖੇ ਐਸਾ ਵਿਚਾਰਵਾਨ ਅਕਲ ਤੇ ਸ਼ਕਲ ਦਾ ਕੋਟ ਪੁੱਤ੍ਰ ਪੈਦਾ ਹੋਇਆ ਹੈ, ਤੁਹਾਡੀ ਕੁਲ ਤੇ ਮਾਤਾ ਇੱਛਰਾਂ ਦੀ ਕੁਖ ਉੱਜਲ ਹੋ ਗਈ ਹੈ, ਐਸਾ ਵਿਚਾਰ ਸ਼ੀਲ ਤੇ ਗਿਆਨਵਾਨ ਪੁੱਤਰ ਬਿਨਾਂ ਭਾਗਾਂ ਤੋਂ ਕਿੱਥੇ।ਹੇ ਰਾਜਨ ! ਆਪਨੇ ਪਿਛਲੇ ਜੁਗ ਵਿੱਚ ਕੋਈ ਬਹੁਤ ਚੰਗੇ ਕਰਮ ਕੀਤੇ ਹਨ ਜਿਨ੍ਹਾਂ ਦਾ ਫਲ ਆਪ ਨੂੰ ਏਸ ਜਨਮ ਵਿਚ ਬਦਖਸ਼ਾਂ ਦੇ ਲਾਲਾਂ ਵਰਗਾ ਇਕ ਅਨਮੋਲ ਲਾਲ ਪੁਤਰ ਰੂਪ ਵਿੱਚ ਮਿਲਿਆ ਹੈ। ਹੇ ਰਾਜਨ ! ਏਸ ਦੀ ਅਰਜ਼ ਮਨਜ਼ੂਰ ਕਰਨੀ ਤੇ ਇਸ ਨੂੰਖੁਸ਼ ਰੱਖਣਾਹੀ ਆਪ ਲਈ ਯੋਗ ਹੈ,ਮੰਤ੍ਰੀ ਦੀ ਏਸਤਰਾਂ ਦੀਯੁਕਤੀ ਰਾਜੇ ਨੂੰ ਮਜਬੂਰ ਕਰ ਗਈ ਤੇ ਪੂਰਨ ਜੀ ਦੇ ਵਿਆਹ ਸੰਬੰਧੀ ਸਲਾਹ ਨਿਰਾਸ ਦਿਲ ਰਾਜੇ ਨੇ ਦਿਲ ਹੀ ਦਿਲ ਵਿਚ ਜਰ ਲਈ, ਉਸੇਂ ਸਮੇਂ ਇਕ ਗੋੱਲੀ ਆਈ ਜਿਸ ਨੇ ਲੂਣਾਂ ਦਾ ਸੁਨਿਹਾ ਰਾਜੇ ਨੂੰ ਦਿਤਾ ਕਿ ਲੂਣਾ ਪੂਰਨ ਜੀ ਦੇ ਦਰਸ਼ਨ ਦੀ ਆਪਣੇ ਮਹਿਲ ਵਿਖੇ ਉਡੀਕ ਕਰ ਰਹੀ ਹੈ। ਰਾਜੇ ਨੇ ਆਪਣੀ ਅਰਧੰਗੀ ਦਾ ਸੁਨੇਹਾ ਸੁਣ ਆਪਣੇ ਸੁਵਣ ਪੁਤਰ ਨੂੰ ਲੂਣਾਂ ਦੇ ਮਹਿਲ ਵਿਚ ਜਾਣ ਲਈ ਹੁਕਮ ਦਿੱਤਾ।

## ਲੂਣਾਂ ਦੇ ਮਹਿਲ ਵਿਚ ਪੂਰਨ ਜਤੀ ਦਾ ਜਾਣਾ

੮.

ਰਾਜੇ ਸਾਲਵਾਹਨ ਦੀ ਪਿਆਰੀ ਰਾਣੀ ਲੂਣਾਂ ਦਾ

Digitized by Panjab Digital Library | www.panjabdigilib.org

ਮਹਿਲ ਦਿਖਾਈ ਦੇ ਰਿਹਾ ਹੈ, ਮਹਿਲ ਦੀ ਸੋਭਾ ਬਾਹਰ ਦੀ ਸਜਾਵਟ ਤੋਂ ਹੀ ਚੰਗੀ ਤਰਾਂ ਅਨੁਭਵ ਹੋ ਸਕਦੀ ਹੈ, ਪਰ ਅੰਦਰਲੀ ਜ਼ਰਕ ਬਰਕ ਤੇ ਰਾਜਸੀ ਠਾਠ ਬਾਠ ਦਾ ਪੂਰਾ ਪੂਰਾ ਅੰਦਾਜ਼ਾ ਬਾਹਰੋਂ ਨਹੀਂ ਲਗ ਸਕਦਾ, ਪਰ ਫੇਰ ਭੀ ਬਾਹਰਲੀਆਂ ਵਸਤੂਆਂ ਅਜੇਹੀਆਂ ਹਨਕਿ ਹਰ ਇੱਕਮਾਮੂਲੀ ਤੋਂ ਮਾਮੂਲੀ ਆਦਮੀ ਨੂੰ ਭੀ ਏਹ ਭਾਸਦਾ ਹੈ ਕਿ ਏਹ ਮਹਿਲ ਜਰੂਰ ਕੋਈ ਰਾਜ ਭਵਨ ਹੈ, ਅੱਜ ਏਸੇ ਰਾਜ ਭਵਨ ਅੰਦਰ ਸਾਡੇ ਪੂਰਨ ਚੰਦ ਜੀ ਪੈਰ ਪਾ ਰਹੇ ਹਨ, ਦਲੀਜਾਂ ਤੋਂ ਅੰਦਰ ਪੈਰ ਧਰਨਾ ਹੀ ਸੀ ਕਿ ਇਕ ਗੋਲੀ ਤੇਲ ਦਾ ਗੜਵਾ ਚੋਣ ਲਈ ਲੈਕੇ ਅੱਗੇ ਵਧੀ,ਆਪਣੇ ਨਾਲ ਵਰਤਣ ਵਾਲੀ ਅਣ-ਹੋਣੀ ਤੋਂ ਅਗਜਾਤ ਟਿੱਕਾ ਪੂਰਨ ਚੰਦ ਜੀ ਚਾਈਂ ਚਾਈਂ ਪਿਤਾ ਦੇ ਹੁਕਮ ਅਨੁਸਾਰ ਧਰਮ ਮਾਤਾ ਦੇ ਦਰਸ਼ਨਾਂ ਨੂੰ ਮਹਿਲ ਦੇ ਅੰਦਰ ਦਾਖਲ ਹੋ ਰਹੇ ਹਨ,ਪੂਰਨ ਜੀ ਨੇ (ਧਰਮ ਮਾਤਾ) ਲੂਣਾਂ ਨੂੰ ਚਰਨਾਂ ਪਰ ਬੜੀ ਹੀ ਅਧੀਨਗੀ ਸਹਿਤ ਸੀਸ ਨਿਵਾਇਆ,ਸੀਸ ਨਿਵਾਉਣ ਦੇ ਉਤਰ ਵਿੱਚ ਅਸੀਸ ਦੇਣ ਦੀ ਥਾਂ ਭਵਾਂ ਚੜ੍ਹਾਕੇ ਲੂਣਾ ਚੁਪ ਕਰ ਰਹੀ ਤੇ ਪੂਰਨ ਜੀ ਵੱਲ ਭਰਵੀਂ ਨਜ਼ਰ ਤੱਕ ਕੇ ਚੁਪ ਦੀ ਚੁਪ ਹੀ ਰਹਿ ਗਈ, ਪੂਰਨ ਚੰਦ ਜੀ ਦੇ ਟਿਕਵੇਂ ਤੇ ਦਮਕਦੇ ਯੋਗੀ ਚੇਹਰੇ ਵੱਲ ਨਜ਼ਰ ਭਰਕੇ ਤੱਕਣਾ ਕੀਹ ਸੀ ਮਾਨੋਂ ਲੂਣਾਂ ਦੇ ਸਾਰੇ ਹੋਸ਼ ਹਵਾਸ ਗੁੰਮ ਹੋ ਗਏ ਤੇ ਉਹ ਪਾਪਾਤਮਾਂ ਲੂਣਾਂ ਆਪਣੇ ਮਨ ਵਿਕਾਰ ਰੂਪੀ ਜਾਲ ਵਿਚ ਫਸਾ ਖੁਲ੍ਹਾ ਛੱਡ ਬੈਠੀ, ਮਨ ਮੌਜੀਆਂ ਵਾਂਗ ਵਿਲਾਸਨੀ ਲੂਣਾਂ ਨੇ ਖੁਲ੍ਹੀਆਂ ਛੱਡਕੇ ਆਪਣੇ ਆਪ ਵਿੱਚ ਜਰਨ ਦੀ ਬਥੇਰੀ ਕੋਸ਼ਿਸ਼ ਕੀਤੀ ਪਰ ਵੱਸ ਤੋਂ ਬਾਹਰ ਜੇਹੜੀ ਤਰਬ ਰਾਣੀ ਦੇ

Digitized by Panjab Digital Library | www.panjabdigilib.org

ਅੰਦਰ ਚੋਭ ਲਾ ਬੈਠੀ ਸੀ ਜਰਨ ਨਹੀਂ ਦੇਂਦੀ, ਜਰਦਾ ਹੈ ਤਾਂ ਮਨ ਦਾ ਭਾਵ ਜਰਿਆ ਨਹੀਂ ਜਾਂਦਾ।ਏਸੇਤਰਾਂ ਕਿਤਨੀ ਹੀ ਕਾਲ ਪੂਰਨ ਚੰਦ ਦੇ ਚੰਦ੍ਰ ਮੁਖ ਮੁੱਖੜੇ ਵੱਲ ਨਜ਼ਰ ਭਰ ਭਰਕੇ ਵੇਖਦੀ ਤੇ ਮੁਸਕਰਾਂਦੀ ਰਹੀ, ਜਦ ਯਗੀ ਪੂਰਨ ਚੰਦ ਜੀ ਵੱਲੋਂ ਕੋਈ ਆਪਣੇ ਮਤਲਬ ਦਾ ਇਸ਼ਾਰਾ ਨਾ ਪਾਇਆ ਤਾਂ ਆਪਣਾ ਭਾਵ ਕਈ ਤਰਾਂ ਨਾਲ ਪ੍ਰਗਟ ਕਰਨ ਦੀ ਸੋਚੀ।

# ਪਾਪਣ ਲੂਣਾਂ ਦੇ ਮੋਹਤ ਹੋਣ ਦੀ ਵਿੱਥਿਆ

## ੯.

ਪੱਥਰ ਦੀ ਘੜੀ ਹੋਈ ਮੂਰਤ ਜਿਵੇਂ ਅਡੋਲ ਖੜੀ ਹੁੰਦੀ ਹੈ, ਤਿਵੇਂ ਹੀ ਅੱਜ ਲੂਣਾਂ ਦਿਖਾਈ ਦੇ ਰਹੀ ਹੈ, ਪੂਰਨ ਹੱਥ ਜੋੜੀ ਸਾਹਮਣੇ ਅਦਬ ਨਾਲ ਖੜਾ ਚੁਪ ਚਾਪ ਮਾਤਾ ਦੇ ਮੂੰਹ ਵੱਲ ਦੇਖ ਰਿਹਾ ਹੈ ਤੇ ਉਸਦੀਆਂ ਅਸਚਰਜ ਕਰਨ ਵਾਲੀਆਂ ਅਨੋਖੀਆਂ ਹਰਕਤਾਂ ਵੇਖ ਚਾਖ ਕੇ ਦੰਗ ਦਾ ਦੰਗ ਲੂਣਾਂ ਵਾਂਗ ਹੀ ਬੁੱਤ ਦਾ ਬੁੱਤ ਬਣ ਰਿਹਾ ਹੈ। ਜਦ ਕੁਝ ਸਮਾਂ ਏਸੇਤਰਾਂ ਚੁੱਪ ਚਾਪ ਦੋਹਾਂ ਧਿਰਾ ਵੱਲੋਂ ਲੰਘ ਗਿਆ ਤਾਂ ਲੂਣਾਂ ਬੜੇ ਹੀ ਨਖਰੇ ਭਰੇ ਢੰਗ ਨਾਲ ਪੂਰਨ ਨੂੰ ਅਪਨੇ ਅਸਲ ਮਤਲਬ ਵੱਲਧਿਆਨਦਵਾਉਣ ਲਈ ਇਸਤ੍ਰਾਂਬੋਲੀ:-

ਪੂਰਨ! ਤੂੰ ਮੇਰਾ ਪੁੱਤ੍ਰ ਨਹੀਂ,ਤੂੰ ਹੀ ਸੱਚ ਦੱਸ ਕਿ ਮੇਰਾ ਸ਼ੀਰ ਕਦ ਚੁੰਘਿਆ ਸੀ ਤੇ ਮੇਰੇ ਪੇਟ ਵਿੱਚੋਂ ਕਦ ਜਨਮ ਧਾਰੀ ਹੋਇਆ ਸੈਂ? ਹੇ ਪੂਰਨ ਤੂੰ ਰਾਜਿਆਂ ਦਾ ਪੁੱਤ੍ਰ ਹੈਂ, ਅਦਲ ਕਰ ਜੇ ਮੈਂ ਤੈਨੂੰ ਆਪਣੇ ਸ਼ਿਕਮ (ਪੇਟ) ਤੋਂ ਜਨਮ ਨਹੀਂ ਦਿੱਤਾ ਜਦ ਮੈਂ ਆਪਣਾ ਸ਼ੀਰ ਤੈਨੂੰ ਨਹੀਂ ਪਿਲਾਇਆ ਤਾਂ ਮੈਂ ਤੇਰੀ ਕਿਸਤਰਾਂ ਮਾਂ ਅਖਵਾ ਸਕਦੀ ਹਾਂ ? ਮਾਂ ਦਾ ਤੇਰਾ ਮੇਰਾ

Digitized by Panjab Digital Library | www.panjabdigilib.org

ਕੋਈ ਸੰਬੰਧ ਨਹੀਂ ਮੈਂ ਤੇਰੇ ਦਰਸ਼ਨ ਦੀ ਜਦ ਤੋਂ ਤੂੰ ਭੋਰੇ ਵਿੱਚ ਨਿਵਾਸ ਧਾਰੀ ਹੋਕੇ ਪਲ ਰਿਹਾ ਸੈਂ ਉਦੋਂ ਦੀ ਹੀ ਚਾਹਵਾਨ ਸਾਂ ਸ਼ੁਕਰ ਹੈ ਲੱਖ ਲੱਖ ਸ਼ੁਕਰ ਹੈ, ਅੱਜ ਮੈਨੂੰ ਤੇਰਾ ਚੰਦ੍ਰਮਾਂ ਵਰਗਾ ਚਮਕਦਾ ਲਾਲ ਸੇਉ ਵਰਗਾ ਸੁੰਦਰ ਮੁਖੜਾ ਦਿਖਾਈ ਦਿੱਤਾ। ਤੇਰੇ ਅੱਜ ਦੇ ਦਰਸ਼ਨਾਂ ਨੇ ਮੇਰੀ ਮੋਈ ਹੋਈ ਆਸ ਨੂੰ ਜਿਵਾ ਦਿੱਤਾ ਹੈ, ਮੈਂ ਸੱਚ ਜਾਣ ਐਨਾਂ ਚਿਰ ਰੰਢੇਪਾ ਹੀ ਕੱਟਿਆ ਸੀ, ਵਿਆਹ ਤੋਂ ਪਿੱਛੋਂ ਇਕ ਦਿਨ ਭੀ ਸੁਖ ਦੀ ਸੇਜ ਨਹੀਂ ਮਾਣੀ। ਰਾਜਾ ਭਾਵੇਂ ਬੁਢਾਪੇ ਵਿੱਚ ਮੈਨੂੰ ਇਕ ਨੀਚ ਜ਼ਾਤ ਵਿੱਚੋਂ ਵਿਆਹ ਕੇ ਲੈ ਆਯਾ ਹੈ ਤੇ ਰਾਜ ਭਾਗ ਤੇ ਤਖਤ ਪਰ ਲਿਆ ਬਿਠਾਇਆ ਹੈ ਪਰ ਦਿਲ ਦਾ ਸ਼ੌਕ ਲਾਚਾਰ ਕਰਦਾ ਹੈ ਤੇ ਤੇਰਾ ਪਿਆਰ ਮੈਨੂੰ ਮਜਬੂਰ ਕਰਦਾ ਹੈ ਕਿ ਮੈਂ ਤੇਰ ਜਿਗਰ ਨੂੰ ਠਾਰਾਂ ਤੇ ਆਪ ਠਰਾਂ, ਤੂੰ ਡਰ ਨਾ ਜੇ ਚਾਹੇਂ ਤਾਂ ਮੈਂ ਜ਼ਿਮੀ ਅਸਮਾਨ ਦੇ ਤਾਰੇ ਤੋੜਕੇ ਲਿਆ ਸਕਦੀ ਹਾਂ, ਮੇਰੀ ਤਾਕਤ ਉਹ ਹੈ ਜੋ ਰੱਸੀ ਨੂੰ ਸੱਪ ਬਣਾ ਦੇਵੇ, ਮੇਰੀ ਤਾਕਤ ਉਹ ਹੈ ਜੋ ਰਾਜੇ ਸਾਲਵਾਹਨ ਨੂੰ ਨਰਕ ਅਗਨ ਵੱਲ ਤੋਰ ਤੈਨੂੰ ਤਖਤ ਤੇ ਬਿਠਾ ਆਪਣੀ ਸੁੰਦਰ ਸੇਜਾ ਦੇ ਸੁਖ ਸਹਿਜੇ ਦਿਵਾ ਸਕੇ।

ਅੱਜ ਸਾਲਵਾਹਨ ਦਾ ਪੰਡਤ ਪੁੱਤ੍ਰ ਕਰਮ ਗਤ ਦੇ ਘੇਰੇ ਵਿੱਚ ਘੇਰਿਆ ਖੜਾ ਲੂਣਾਂ ਵੱਲ ਹੱਕਾ ਬੱਕਾ ਦਖ ਰਿਹਾ ਹੈ ਤੇ ਸੋਚਦਾ ਹੈ ਕਿ ਏਹ ਕੀ ਕਹਿਰ ਵਰਤ ਗਿਆ। ਰੂੰ ਵਿੱਚੋਂ ਅੱਗ ਦੀ ਚਿੰਗਾੜੀ ਕਿਵੇਂ ਭੜਕ ਉੱਠੀ, ਅੱਜ ਧਰਮ ਮਾਤ ਲੂਣਾਂ ਦੀ ਮੱਤ ਕੌਣ ਮਾਰ ਗਿਆ, ਅੱਜ ਲੂਣਾਂ ਜਿਸਨੂੰ ਕਿ ਮੈਂ ਧਰਮ ਮਾਤਾ ਖਿਆਲ ਕਰਕੇ ਮਹਿਲਾਂ ਵਿੱਚ ਨਮਸਕਾਰ ਕਰਨ ਲਈ ਆਇਆ ਸਾਂ ਕੇਹੜੇ ਰੋੜ੍ਹ ਵਿੱਚ ਰੁੜ੍ਹ ਗਈ, ਕੀਹ

Digitized by Panjab Digital Library | www.panjabdigilib.org

ਸੱਚ ਮੁੱਚ ਅੱਜ ਜ਼ਿਮੀਂ ਅਸਮਾਨ ਗਰਕ ਹੋ ਚਲਿਆ ਹੈ, ਐ ਧਰਤੀ ! ਤੂੰ ਪਾਟ ਜਾਹ, ਮੈਂ ਤੇਰੀ ਛਾਤੀ ਵਿੱਚ ਸਮਾ ਜਾਵਾਂ ਤੇ ਹੋਣੀ ਵਰਤਨ ਨਾਲੋਂ ਪੈਹਲਾਂ ਮੈਂ ਹੀ ਨਾ ਹੋਵਾਂ, ਇਸ ਪ੍ਰਕਾਰ ਪੂਰਨ ਚੰਦ ਜੀ ਅਜੇ ਡੂੰਘੇ ਵਿਚਾਰ ਸਮੁੰਦ੍ਰ ਵਿੱਚ ਗੋਤੇ ਹੀ ਲਾ ਰਹੇ ਸਨ ਕਿ ਬੇਹਯਾ ਪਾਪਾਤਮਾਂ ਲੂਣਾਂ ਫੇਰ ਬੋਲੀ:—

ਹੇ ਮੇਰੀ ਜਾਨ ਨਾਲੋਂ ਪਿਆਰੇ ਲੱਗਣ ਵਾਲੇ ਪੂਰਨਾਂ! ਮੇਰੇ ਅੱਲੇ ਜ਼ਖਮਾਂ ਨੂੰ ਚੁਪ ਦੀ ਤੇਜ਼ ਛੁਰੀ ਮਾਰਕੇ ਹੋਰ ਡੂੰਘੇ ਨਾ ਕਰ, ਮੈਂ ਤਾਂ ਕੇਵਲ ਤੇਰੇ ਤਿਖੇ ਨੈਣਾਂ ਨੂੰ ਦੇਖਣ ਸਾਰ ਹੀ ਫੱਟੀ ਗਈ ਹਾਂ, ਮੇਰੇ ਤੇ ਹੋਰ ਵਧ ਜੁਲਮ ਨ ਕਰ ਤੇ ਅੱਲੇ ਜ਼ਖਮਾਂ ਪਰ ਵਿਸਾਲ ਦੀ ਮਰਹਮ ਲਾਕੇ ਸ਼ਫਾ ਬਖਸ਼।

## ਪੂਰਨ ਜੀ ਦਾ ਸਤਿ ਧਰਮ ਬਚਾਉਂਣ ਵਾਸਤੇ ਹਿੰਮਤ ਕਰਨੀ

### ੧੦.

ਇੱਕਾ ਪੂਰਨ ਚੰਦ ਜੀ ਜੋ ਅਜੇ ਦਿਲ ਹੀ ਦਿਲ ਵਿਚ ਡੂੰਘੀਆਂ ਸੋਚਾਂ ਵਿਚ ਪਏ ਨੀਵੀਂ ਧੌਣ ਪਾਈ ਖੜੇ ਧਰਮ ਮਾਤਾ ਦੀ ਬੇਹਯਾਈ ਤੇ ਸਪਸ਼ਟ ਸ਼ੁਧ ਆਚਰਨ ਤੋਂ ਗਿਰੇਹੋਏ ਵਾਕ ਸੁਣ ਰਹੇ ਸਨ, ਮੂੰਹ ਚੁਕਕੇ ਬੋਲੇ:—

ਹੇ ਧਰਮ ਮਾਤਾਜੀ ! ਤੁਸਾਂ ਮੈਨੂੰ ਭਾਵੇਂ ਆਪਣਾ ਸ਼ੀਰ ਨਹੀਂ ਪਿਲਾਇਆ, ਭਾਵੇਂ ਮੈਂ ਆਪ ਦੀ ਗੋਦੀ ਵਿੱਚ ਬੈਠਕੇ ਲੋਰੀਆਂ ਨਹੀਂ ਲਈਆਂ ਪਰ ਆਪ ਮੇਰੇ ਪਿਤਾ ਜੀ ਦੀ ਧਰਮ ਪਤਨੀ ਹੋ ਤੇ ਮੇਰੀ ਮਾਤਾ ਇੱਛਰਾਂ ਸਮਾਨ ਮਾਤਾ ਦਾ ਦਰਜਾ ਰਖਦੇਹੋ, ਮੈਂ ਆਪਣੇਪਿਤਾਨੂੰ ਸ਼ਿਵਾਂ ਸਮਾਨ ਤੇ ਆਪਨੂੰ ਧਰਮ ਮਾਤਾ ਪਾਰਬਤੀ ਸਮਾਨ ਸਮਝਦਾ ਹਾਂ, ਭੁੱਲ ਕੇ ਭੀ ਐਸੇ

Digitized by Panjab Digital Library | www.panjabdigilib.org

ਕੁਬਚਨ ਤੇ ਕੁਵਾਕ ਬੋਲਣ ਦਾ ਹੀਆ ਨਾ ਕਰਨਾ ਤੇ ਰੰਚਕ ਮਾਤ੍ਰ ਭੀ ਐਸੇ ਭੈੜੇ ਤੇ ਨੀਚ ਖਿਆਲ ਮੁੜ ਚਿੱਤ ਵਿਚ ਨਾ ਲਿਆਵਣੇ, ਉਹੋ ਹੀ ਇਸਤ੍ਰੀਆਂ ਪੂਜਨ ਯੋਗ ਹੁੰਦੀਆਂ ਹਨ ਜੋ ਆਪਣੇ ਪਤੀ ਤੋਂ ਛੁਟ ਹੋਰ ਸਭ ਸੰਸਾਰ ਦੇ ਮਨੁਖਾਂ ਨੂੰ ਆਪਣੇ ਨਾਲੋਂ ਵਡੇਰੀ ਉਮਰ ਦੇ ਨੂੰ ਪਿਤਾ ਸਮਾਨ, ਆਪਣੀ ਉਮਰ ਦੇ ਨੂੰ ਭਰਾ ਸਮਾਨ ਤੇ ਛੋਟੇ ਬੱਚੇ ਨੂੰ ਪੁੱਤਰ ਸਮਾਨ ਸਮਝਣ। ਹੇ ਮਾਤਾ ਤੁਸੀਂ ਸਤੀ ਇਸਤ੍ਰੀਆਂ ਵਿਚੋਂ ਇਕ ਸ੍ਰੇਸ਼ਟ ਬਣਕੇ ਦੁਨੀਆਂ ਵਿੱਚ ਆਪਣਾ ਨਾਮ ਉੱਜਲ ਕਰੋ, ਐਸੇ ਨੀਚ ਵਿਸ਼ੇ ਵਾਸ਼ਨਾ ਤੇ ਵਿਲਾਸੀ ਪੁਰਸ਼ਾਂ ਵਾਲੇ ਕੰਮਾਂ ਵਿਚਪੈਰ ਧਰਨ ਦਾ ਸੁਫਨੇ ਮਾਤ੍ਰ ਭੀ ਖਿਆਲ ਨਾ ਕਰੋ, ਹੇ ਧਰਮ ਮਾਤਾ! ਤੁਸੀਂ ਮੇਰੀ ਸੱਕੀ ਮਾਤਾ ਇੱਛਰਾਂ ਦੇ ਬਨੀਕ ਹੋ ਤੇ ਮੇਰੇ ਪੂਜਨ ਯੋਗ ਹੋ, ਮੈਂ ਫੇਰ ਮੁੜ ਆਪ ਦੇ ਚਰਨਾਂ ਤੇ ਸੀਸ ਰਖ ਕੇ ਕਹਿੰਦਾ ਹਾਂ ਕਿ ਮਾਤਾ! ਮੇਰੇ ਪਾਸੋਂ ਆਪ ਦੀ ਕੋਈ ਬੇਅਦਬੀ ਹੋ ਗਈ ਹੈ ਤਾਂ ਖਿਮਾਂ ਕਰੋ ਖਿਮਾਂ ਕਰੋ, ਬਖਸ਼ ਲਵੋ ਬਖਸ਼ ਲਵੋ, ਮੈਂ ਏਥੇ ਆਪ ਨੂੰ ਨਮਸਕਾਰ ਕਰਨ ਆਉਣ ਕਰਕੇ ਭਾਵੇਂ ਅਪਰਾਧੀ ਹੀ ਸਹੀ ਪਰ ਮੇਰੇ ਸਤੀ ਧਰਮ ਨੂੰ ਕਲੰਕਤ ਕਰਕੇ ਐਸਾ ਮਨਹੂਸ ਕਾਲਕ ਦਾ ਟਿੱਕਾ ਮੇਰੇ ਮੱਥੇ ਪਰ ਨਾ ਮਲੋ, ਹੇ ਮਾਤਾ! ਬਖਸ਼ ਲਵੋ, ਬਖਸ਼ ਲਵੋ! ਇਸ ਪ੍ਰਕਾਰ ਦੇ ਤਰਲੇ ਮਿੰਨਤਾਂ ਤੇ ਹਾੜ੍ਹਿਆਂ ਦੀ ਪੂਰਨ ਜੀ ਬਰਖਾ ਕਰ ਰਹੇ ਹਨ, ਪਰ ਪਾਪਣ ਤੇ ਹਤਿਆਰਣ ਲੂਣਾਂ ਦਾ ਮਨ ਲੇਸ ਭਰ ਭੀ ਧਰਮ ਦੀ ਅੰਸ ਵੱਲ ਨਹੀਂ ਝੁਕਿਆ, ਉਹ ਐਸੇ ਸਿੱਖਜਾ ਮਈ ਬਚਨ ਤੇ ਤਰਲਿਆਂ ਨੂੰ ਸੁਣ ਹੋਰ ਭੀ ਤੇਜ਼ੀ ਨਾਲ ਬੋਲਦੀ ਹੈ, ਬੱਸ ਪੂਰਨਾਂ ਹੁਣ ਤੇਰੇ ਵੱਸ ਨਹੀਂ, ਤੂੰ ਫੋਕੇ ਗਿਆਨ ਛਾਂਟਕੇ

Digitized by Panjab Digital Library | www.panjabdigilib.org

ਅਪਨੀ ਪਿਆਰੀ ਜਿੰਦ ਨੂੰ ਗੁਆ ਬੈਠਣ ਦੇ ਮਨਸੂਬੇ ਬੰਨ੍ਹ ਰਿਹਾ ਹੈਂ ? ਵੇਖ, ਜੇ ਅਜੇ ਭੀ ਭਲਾ ਚਾਹੁੰਦਾ ਹੈਂ ਆ ਮੇਰਾ ਕਿਹਾ ਮੰਨ ਲੈ, ਚਾਰ ਦਿਨ ਦੀਆਂ ਮੌਜਾਂ ਮਾਨ ਲੈ, ਮੈਂ ਤੇਰੇ ਤੇ ਜੀਉ ਜਾਮਾਂ ਆਪਣੀ ਜਿੰਦ ਜਾਨ ਸਭ ਕੁਝ ਵੇਚ ਚੁਕੀ ਹਾਂ, ਤੂੰ ਮੇਰਾ ਸਿਰਤਾਜ ਬਣ ਤੇ ਮੈਂ ਤੇਰੀ ਗੋੱਲੀ ਬਣਦੀ ਹਾਂ। ਵੱਡੇ ਵੱਡੇ ਪੰਡਤ ਤਪੀ ਤਪੀਸ਼ੂਰ ਸਭ ਏਸ ਕਾਮ ਵਾਸ਼ਨਾਂ ਦੇ ਫੰਧੇ ਵਿੱਚ ਫਸੇ ਤੇ ਫਸਕੇ ਸੈਂਕੜੇ ਹਜ਼ਾਰਾਂ ਬਰਸਾਂ ਦੇ ਜਤ ਸਤ ਸਾਧ ਕੇ ਕੀਤੀ ਹੋਈ ਕਮਾਈ ਨੂੰ ਏਸ ਹਵਨ ਕੁੰਡ ਪਰ ਵਾਰ ਗਏ। ਆ ਪੂਰਨਾਂ ! ਅਨਮੁੱਲੇ ਰਤਨ ਦੀ ਕਦਰ ਕਰ, ਸੱਚ ਹੈ ਕਿਸੇ ਸਿਆਣੇ ਦਾ ਕਥਨ ਹੈ ਕਿ "ਅਨ ਮਾਂਗਤ ਮੋਤੀ ਮਿਲੇ, ਮਾਂਗੇ ਮਿਲੇ ਨਾ ਭੀਖ" ਦੇਖ ਪੂਰਨਾਂ, ਏਸ ਸੰਸਾਰ ਵਿੱਚ ਅਨਗਿਣਤ ਰੂਹਾਂ ਐਸੀਆਂ ਵਿਚਰਰਹੀਆਂ ਹਨ ਜੋ ਇਕ ਦੂਸਰੇ ਦੇ ਦਿਲ ਦੀ ਚਾਹ ਕਰਦੀਆਂ ਹਨ, ਤੇਰਾ ਪੱਥਰ ਨਾਲੋਂ ਕਰੜਾ ਦਿਲ ਮੇਰੇ ਚੰਦ੍ਰਮਾਂ ਨੂੰ ਮਾਤ ਕਰਨ ਵਾਲੇ ਮੁਖੜੇ ਪਰ ਕਿਉਂ ਨਹੀਂ ਰੀਝਦਾ, ਪੂਰਨ ਚੰਦ ਤੇਰਾ ਨਾਮ ਭੀ ਸੋਹਣਾ, ਤੇਰੀ ਚਾਲ ਢਾਲ ਨਿਆਰੀ, ਤੇਰਾ ਹਸੂੰ ਹਸੂੰ ਕਰਕੇ ਬੋਲਨਾ ਮਿੱਠਾ ਤੇ ਦਿਲ ਨੂੰ ਮੋਹ ਲੈਣ ਵਾਲਾ ਚੌੜਾ ਤੇ ਯੋਗੀ ਮਸਤਕ ਮੇਰੇ ਲਈ ਐਸ ਵੇਲੇ ਮੌਤ ਦਾ ਕੰਮ ਕਰ ਰਹੇ ਹਨ, ਬਹੁਤ ਵੇਲਾ ਫੋਕੇ ਗਿਆਨਾਂ ਤੇ ਝੂਠੀ ਖੁਸ਼ਕ ਰਾਜਨੀਤੀ ਦੇ ਛਾਂਟਣ ਵਿੱਚ ਵੰਞਾਂ ਦਿੱਤਾ ਹਈ, ਹੁਣ ਤਾਂ ਤਰਸ ਕਰ ਤੇ ਛੱਡ ਏਹਨਾਂ ਝੂਠੇ ਖਰੜ ਗਿਆਨਾਂ ਦਾ ਖੈਹੜਾ ਤੇ ਮੰਨ ਲੈ ਮੇਰਾ ਕਹਿਣਾ ਸੁਖ ਪਾਵੇਂਗਾ ! ਸ਼ੁਕਰ ਹੈ ਜੇ ਰੱਬ ਨੇ ਮੇਰੀ ਨਰਦ ਭੀ ਸਿੱਧੀ ਪਾਈ ਹੈ ਤਰਸ ਕਰ ਮੈਨੂੰ ਰੁੜ੍ਹਦੀ ਜਾਂਦੀ ਨੂੰ ਹੱਥ ਦੇਕੇ ਬਚਾ ਲੈ।

Digitized by Panjab Digital Library | www.panjabdigilib.org

# ਪੂਰਨ ਜੀ ਨੂੰ ਗੁੱਸਾ ਆਉਣਾ

## ੧੧.

ਇਸ ਵਾਰੀ ਪੂਰਨ ਜੀ ਉੱਤਰ ਦਿੰਦੇਹੋਏ ਗੁੱਸੇ ਨਾਲ ਭਰਪੂਰਲਾਲਅੰਗਾਰੇਵਰਗੀਆਂ ਅੱਖੀਆਂਕਰਕੇ ਬੋਲੇ—ਅਫਸੋਸ ਹੈ ਮਾਤਾ! ਉਸ ਦਿਨ ਪ੍ਰਿਥਵੀ ਦਾ ਤਖਤਾ ਨਾ ਬਦਲ ਜਾਵੇਗਾ ਜਿਸ ਦਿਨ ਕਿ ਪੁੱਤ੍ਰ ਮਾਤਾ ਦੀ ਸੇਜ ਮਾਣੇਗਾ? ਕੀ ਉਸ ਦਿਨ ਅਸਮਾਨ ਦੇ ਤਾਰੇ ਟੁੱਟਕੇ ਧਰਾ ਉੱਪਰ ਨਾ ਆ ਪੈਣਗੇ? ਐਸੇ ਉਪੱਦਰ ਨੂੰ ਪ੍ਰਿਥਵੀ ਕਿਵੇਂ ਸਹਾਰ ਸਕੇਗੀ? ਕੀ ਉਸ ਦਿਨ ਧਰਤੀ ਦਾ ਕਲੇਜਾ ਨਾ ਪਾਟ ਜਾਵੇਗਾ ਤੇ ਸਾਰੀ ਸ੍ਰਿਸ਼ਟੀ ਉਸ ਵਿੱਚ ਗ਼ਰਕ ਨਾ ਹੋ ਜਾਵੇਗੀ? ਹੇ ਮਾਤਾ! ਆਪਣੇ ਪਤੀ ਬ੍ਰਤ ਧਰਮ ਨੂੰ ਵੱਟਾ ਨਾ ਲਾਓ ਤੇ ਮੇਰੇ ਵਰਗੇ ਅੱਲ੍ਹੜ ਪੁੱਤ੍ਰ ਦੇ ਸਿਰਐਸਾ ਜਨਮ ਜਨਮਾਤ੍ਰਾਂ ਦੇ ਅਸਹਿ ਕਸ਼ਟਾਂ ਪਿੱਛੋਂ ਭੀ ਨਾ ਧੋਤੇ ਜਾਣ ਵਾਲਾ ਕਲੰਕ ਲਾਉਂਣ ਦਾ ਯਤਨ ਨਾ ਕਰੋ। ਢੀਠ ਲੂਣਾਂ ਆਪਣੀ ਦੁਸ਼ਟਤਾ ਭਰੀ ਦਲੀਲ ਨੂੰ ਪੂਰਾ ਕਰਨ ਖਾਤਰ ਅਨੇਕਾਂ ਉਕਤੀਆਂ ਯੁਕਤੀਆਂ ਨਾਲ ਪੂਰਨ ਵਰਗੇ ਜਿਤੇਂਦ੍ਰਿਯ ਬਾਲੀ ਉਮਰਾ ਵਿੱਚ ਹੀ ਸਤਿ ਧਰਮ ਨੂੰ ਪਛਾਣਨ ਵਾਲੇ ਮਹਾਂ ਗਿਆਨੀ ਦੀਆਂ ਅੱਖਾਂ ਵਿੱਚ ਮਿਰਚਾਂ ਪਾਉਂਣੀਆਂ ਚਾਹੁੰਦੀ ਹੈ ਤੇ ਇਸਤਰਾਂ ਬੋਲਦੀ ਹੈ ਕਿ ਪੂਰਨ ਚੰਦਾ! ਤੈਨੂੰ ਪੰਡਤਾਂ ਨੇ ਐਵੇਂ ਝੂਠੇ ਤੇ ਫੋਕੇ ਉਲਟੇ ਵੇਦ ਪੜ੍ਹਾ ਛੱਡੇ ਹਨ, ਅਸਲ ਵਿੱਚ ਪਾਪ ਪੁੰਨ ਕੋਈ ਵਸਤੂ ਨਹੀਂ, ਭੋਗ ਇੰਦ੍ਰੇ ਭੋਗਦੇ ਹਨ, ਆਤਮਾਂ ਦਾ ਇੰਦ੍ਰਿਆਂ ਨਾਲ ਕੋਈ ਸਬੰਧ ਨਹੀਂ, ਤੂੰ ਵਿਚਾਰਵਾਨ ਬ੍ਰਹਮ ਗਿਆਨੀ ਹੈਂ, ਭਲਾ ਦੱਸ ਏਸ ਵਿੱਚ ਹੁਣ ਭੀ ਤੈਨੂੰ ਕੋਈ ਸੰਸਾ ਹੈ?

Digitized by Panjab Digital Library | www.panjabdigilib.org

ਕੂੜ ਦੇ ਰਾਗ ਅਲਾਪ ੨ ਕੇ ਮੈਨੂੰ ਤਤੜੀ ਨੂੰ ਹੋਰ ਨਾ ਸਾੜ, ਮੇਰਾ ਜਿਗਰ ਤੱਤਾ ਤਾਂ ਅੱਗੇ ਹੀ ਵਿਸਾਲ ਦੀਆਂ ਛਮਕਾਂ ਖਾ ਖਾਕੇ ਲਹੂ ਲੁਹਾਣ ਹੋਯਾ ਪਿਆ ਹੈ, ਇਸ ਪਰ ਹੋਰ ਲੂਣ ਛਿੜਕਨ ਨਾਲ ਤੇਰਾ ਕਿਸੇ ਜੁਗ ਭੁਲਾ ਨਹੀਂ ਹੋਣਾ, ਆ ਆਪਣੀ ਜਿੰਦ ਤੇ ਹੀ ਤਰਸ ਕਰ, ਜੇ ਆਪਣੀ ਜਿੰਦ ਤੇ ਤਰਸ ਨਹੀਂ ਆਉਂਦਾ ਤਾਂ ਮੇਰੇ ਬੱਕਰੇ ਵਾਂਗਖੁਸਰਹੇ ਸੀਨੇਨੂੰ ਹੀਠਾਰ।

ਲੂਣਾਂ ਦੀਆਂ ਫਕੀਆਂ ਤੇ ਵਿਸ਼ੇ ਵਾਸ਼ਨਾਂ ਦੇ ਪ੍ਰਬਲ ਬਲ ਦੀਆਂ ਖਿੱਚੀਆਂ ਹੋਈਆਂ ਲੰਮੀਆਂ ਚੌੜੀਆਂ ਤਕਰੀਰਾਂ ਮੁੱਕਣ ਵਿੱਚ ਨਹੀਂ ਆਉਂਦੀਆਂ, ਉਹ ਚਾਹੁੰਦੀ ਹੈ ਕਿ ਜਿਵੇਂ ਭੀ ਹੋਵੇ ਹੱਥ ਆਯਾ ਹੋਯਾ ਪੂਰਨ ਵਰਗਾ ਦੁਰਲਭ ਸ਼ਿਕਾਰ ਜਾਲ ਵਿੱਚ ਫਸਿਆ ਅਫੇਕ ਨਾ ਨਿਕਲ ਜਾਵੇ, ਪਰ ਪੂਰਨ ਯੋਗੀ ਦਿਲ ਪੁਰ ਰਵਾਲ ਜਿੰਨਾਂ ਭੀ ਅਸਰ ਨਹੀਂ ਪਾ ਸਕਦੀ। ਏਸ ਉਪ੍ਰੋਕਤ ਪਾਈਆਂ ਹੋਈਆਂ ਬੁਝਾਰਤਾਂ ਨੂੰ ਚੰਗੀਤਰਾਂ ਬੁੱਝ ਚੁੱਕੇ ਟਿੱਕਾ ਪੂਰਨ ਜੀ ਬੋਲੇ:—ਹੇ ਧਰਮਮਾਤਾ! ਗਿਆਨੀ ਤੇ ਗਿਆਨ ਨੂੰ ਧਾਰਨ ਕਰਕੇ ਉਸ ਪਰ ਚਲਣਾਂ ਬੜਾ ਹੀ ਕਠਨ ਮਾਰਗ ਹੈ, ਲੋਕਾਂ ਐਵੇਂ ਖੇਡ ਬਣਾ ਰੱਖੀ ਹੈ, ਵਿੱਦਯਾ ਪੜ੍ਹਕੇ ਉਸ ਪਰ ਨਾ ਚੱਲਣ ਵਾਲੇ ਘੋਰ ਨਰਕ ਦੀ ਸਜ਼ਾ ਭੁਗਤਦੇ ਹਨ, ਤੁਹਾਡੀਆਂ ਲੰਮੀਆਂ ਚੌੜੀਆਂ ਤੇ ਹਯਾ ਤੋਂ ਸੱਖਣੀਆਂ ਗੱਲਾਂ ਜੋ ਇਕ ਮਾਤਾ ਤੇ ਪੁੱਤ੍ਰ ਦੇ ਦਰਮਿਆਨ ਸੁਫਨੇ ਵਿੱਚ ਭੀ ਹੋਣੀਆਂ ਅਸੰਭਵ ਹਨ, ਸੁਣ ਸੁਣਕੇ ਅੰਤ ਮੇਰੇ ਕੰਨ ਬੋਲੇ ਹੋ ਗਏ ਹਨ,ਚਿੱਤ ਘਬਰਾ ਗਿਆ ਹੈ ਤੇ ਕੰਠ ਰੁਕ ਰਿਹਾ ਹੈ।

ਹੁਣ ਲੂਣਾਂ ਹੋਰ ਹੀ ਨਵੇਂ ਮੰਤਕ ਦੇ ਢੰਗ ਵਿੱਚ ਰਚੇ ਸਲੋਕ ਉਚਾਰਣ ਲੱਗੀ:—

Digitized by Panjab Digital Library | www.panjabdigilib.org

ਹੇ ਮੇਰੀਆਂ ਜੀਉਂਦੀਆਂ ਆਸਾਂ ਨੂੰ ਖਾਕ ਨਾਲਮਿਲਾ ਦੇਣ ਵਾਲੇ ਚੰਦਾ ! ਏਸ ਜਹਾਨ ਤੇ ਬੜੇ ਬੜੇ ਮਛੰਦਰੀ ਨਾਥ ਸ਼ਿਵਜੀ, ਰਾਵਨ, ਬਾਲੀ, ਬ੍ਰਹਮਾਂ ਆਦਿਕ ਹੋ ਚੁਕੇ ਹਨ ਪਰ ਏਸ ਕਾਮ ਵਾਸ਼ਨਾ ਦੇ ਜ਼ਬਰਦਸਤ ਹੜ੍ਹ ਨੂੰ ਉਹ ਭੀ ਨਹੀਂ ਰੋਕ ਸੱਕੇ ਤੇ ਵਿਰਕਤੀਆਂ ਸ਼ਕਤੀਆਂਵਿਸਾਰ ਅੰਤ ਏਸ ਚੱਕਰ ਤੋਂ ਛੁਟਕਾਰਾ ਨਹੀਂ ਪਾਸਕੇ ਤਾਂ ਮੈਂ ਤੂੰ ਕਿਸ ਪਾਣੀ ਹਾਰ ਹਾਂ, ਕਿਸ ਬਾਗ ਦੀਮੂਲੀ ਹਾਂ? ਅੱਜ ਉਸੇ ਬਲੀ ਕਾਮਦੇਵ ਨੇ ਮੇਰੇ ਅੰਦਰ ਭੀ ਪ੍ਰਵੇਸ਼ ਕੀਤਾ ਹੈ, ਤੇਰੇ ਵਰਗੇ ਚੰਦਰ ਮੁਖ ਅੱਗੇ ਮੈਂ ਭਿਖਾਰਨ ਬਣ ਸੁਵਾਲੀ ਹੋ ਰਹੀ ਹਾਂ, ਖੈਰ ਪਾ ਤੇ ਆਸ ਧਾਰਕੇ ਆਪਣੇ ਦਰ ਤੇ ਆਈ ਭਿਖਾਰਨ ਨੂੰ ਸੱਖਣੀ ਨਾ ਮੋੜ ਵਸਲ ਦਾ ਖੈਰ ਪਾ,ਮੇਰੀ ਅੱਡੀ ਹੋਈ ਝੋਲੀਨੂੰ ਭਰਪੂਰ ਕਰਕੇ ਆਪਣੇ ਦਰੋਂ ਤੋਰ।

# ਲੂਣਾਂ ਵੱਲੋਂ ਮੌਤ ਦਾ ਡਰਾਵਾ ਤੇ ਲਹੂ ਦਾ ਕਟੋਰਾ ਭਰਕੇ ਪੀਣ ਦੀ ਧਮਕੀ

## ੧੨.

ਪੂਰਨ ਚੰਦਜੀ ਉੱਪਰਲੇ ਬਜ਼ੁਰਗਾਂ ਦੇ ਨਾਮਨੂੰ ਲੂਣਾਂ ਦੇ ਮੂੰਹੋਂ ਕਲੰਕਤ ਹੁੰਦੇ ਵੇਖ ਸਹਿ ਨਹੀਂ ਸਕੇਤੇ ਰੰਜ ਭਰੀਵਿਉਂਤ ਨਾਲ ਬੋਲੇ ਹੇ ਧਰਮ ਮਾਤਾ ! ਏਸ ਨੀਚ ਵਾਸ਼ਨਾਂ ਨੂੰ ਪੂਰਾ ਕਰਨ ਖਾਤ੍ਰ ਐਸੇ ਐਸੇ ਮਹਾਨ ਬਜ਼ੁਰਗਾਂ ਨੂੰ ਕਲੰਕਤ ਕਰ, ਉਹਨਾਂ ਨੂੰ ਆਪਣੇ ਵਰਗੇ ਵਿਸ਼ੇ ਵਿਕਾਰਾਂ ਦੇ ਭੌਰੇ ਸਾਬਤ ਨਾ ਕਰੋ, ਉਹਨਾਂ ਦੇ ਨਾਮ ਅਟੱਲ ਹਨ, ਉਨ੍ਹਾਂ ਦੇ ਕਾਰਨਾਮਿਆਂ ਨੂੰ ਅਰਥ ਦੀ ਨਿਗ੍ਹਾਨਾਲ ਨਾ ਦੇਖਦੇਹੋਏ ਲੋਕਾਂਚੁਕ ਅਨਰਥ ਘੜ ਮਾਰੇ ਹਨ । ਗੋਰਖ ਨਾਥ, ਲਛਮਨ, ਹਨੂਮਾਨ, ਭੈਰੋਂ

Digitized by Panjab Digital Library | www.panjabdigilib.org

ਆਦਿਕ ਭੀ ਤਾਂ ਏਸੇ ਹੀ ਧਰਤੀ ਦੀ ਖਾਕ ਤੋਂ ਸਰੀਰ ਧਾਰੀ ਹੋਏ ਸਨ ਜੋ ਐਸੇ ਲੰਗੋਟ ਦੇ ਜਤੀ ਹੋਏ ਹਨ ਕਿ ਜਿਨ੍ਹਾਂ ਦੀ ਜ਼ਾਹਰਾ ਮਿਸਾਲ ਹੁਣ ਭਾਵੇਂ ਨਾ ਮਿਲੇ ਪਰ ਜਦ ਤੱਕ ਧਰਤੀ ਦੇ ਉੱਪਰ ਆਸਮਾਨ ਹੈ ਤੇ ਅਸਮਾਨ ਦੇ ਥੱਲੇ ਧਰਤੀ ਇਸਥਿਤ ਹੈ ਏਹਨਾਂ ਦੇ ਨਾਮ ਚੰਦ ਸੂਰਜ ਵਾਂਗ ਚਮਕਦੇ ਦਿਖਾਈ ਦੇਣਗੇ। ਹੁਣ ਪੂਰਨ ਜੀਦੀਆਂ ਗਿਆਨਵਾਨ ਗੱਲਾਂ ਸੁਣ ਸੁਣ ਕੇ ਲੂਣਾਂ ਭੀ ਅੱਕ ਚੁਕੀ ਸੀ ਤੇ ਆਪਣੇ ਪਾਪ ਭਰੇ ਇਰਾਦੇ ਨੂੰ ਨਾ ਕਾਮਯਾਬੀ ਦੀ ਹਾਲਤ ਵਿਚ ਪਹੁੰਚਾ ਦੇਖ ਦੰਗੀ ਤਰਾਂ ਚਮਕ ਚੁਕੀ ਸੀ ਬੋੱਲੀ ਤੇ ਡਰਾਉਣ ਧਮਕਾਉਣ ਦੇ ਢੰਗ ਵਿਚ ਬੋੱਲੀ:—ਚੰਛਾ ਪੂਰਨਾਂ! ਮੈਂ ਆਪ-ਣੀਆਂ ਆਸਾਂ ਨੂੰ ਪੂਰਨ ਕਰਨ ਲਈ ਭਾਵੇਂ ਤੇਰੇ ਪ੍ਰਬਲ ਆਤਮਕ ਬਲ ਪਰ ਫਤੇ ਨਾ ਪਾ ਸਕਾਂ, ਪਰ ਰਾਤ ਆਏ ਰਾਜੇ ਸਾਲਵਾਹਨ ਨੂੰ ਐਸਾ ਰੱਸੀ ਦਾ ਸੱਪ ਬਣਾ ਧੋਖਾ ਦੇਵਾਂਗੀ ਕਿ ਤੇਰੇ ਡੱਕਰੇ ਕਰਵਾ ਚੋਹਾਂ ਦਰਵਾਜ਼ਿਆਂ ਪਰ ਟੰਗਵਾ ਲਹੂ ਦਾ ਕਟੋਰਾ ਭਰਕੇ ਪੀਵਾਂਗੀ, ਯੂਸਫ ਵਾਂਗ ਦੋ ਅਟੀਆਂ ਤੇਰਾ ਮੁੱਲ ਪਵਾਕੇ ਸ਼ਹਿਰ ਵਿੱਚ ਡੌਂਡੀ ਪਿਟਵਾ ਦੇਵਾਂਗੀ ਤੇ ਐਸੀ ਚਿਣਗ ਚੁਵਾਤੜੀ ਲਾ ਲੰਕਾ ਤਹਿ ਕਰਕੇ ਦਿਖਾਵਾਂਗੀ ਕਿ ਸਾਰੇ ਗਿਆਨ ਧਿਆਨ ਘੁਮੜ ਜਾਣਗੇ ਤੇ ਅੰਤ ਇਸ ਵੇਲੇ ਨੂੰ ਹੱਥ ਮਲਕੇ ਪਛਤਾਵੇਂਗਾ, ਤੇਰੀ ਮਾਂ ਇੱਛਰਾਂ ਭੀ ਜੋ ਅੱਜ ਪਟਰਾਣੀ ਬਣੀ ਬੈਠੀ ਹੈ ਕਲ ਰੋ ਰੋਕੇ ਕੀਰਨੇ ਪਾਉਂਦੀ ਦਿਖਾਈ ਦੇਵੇਗੀ, ਦੇਖ! ਹੁਣੇ ਹੀ ਮੈਂ ਕਿਸਤਰਾਂ ਜ਼ਿਮੀ ਅਸਮਾਨ ਦਾ ਰਾਜ ਉਲਟਾਉਂਦੀ ਹਾਂ।

ਏਹ ਸੁਣਕੇ ਹੋਯਾ ੨ ਉਦਾਸ ਚਿੱਤ ਪੂਰਨ ਕਹਿਣ ਲੱਗਾ ਕਿ ਹੇ ਮਾਤਾ! ਤੂੰ ਮੇਰੀ ਧਰਮ ਮਾਤਾ ਹੈਂ, ਮੇਰੇ ਸਰੀਰ

Digitized by Panjab Digital Library | www.panjabdigilib.org

ਦੇ ਬੰਦ ਬੰਦ ਤਾਂ ਭਾਵੇਂ ਕਰਵਾ ਦੇਵੀਂ ਪਰ ਮੇਰੇ ਧਰਮ ਨੂੰ ਵੱਟਾ ਨਾ ਲਾਵੀਂ, ਹੇ ਮਾਤਾ ! ਜੇ ਪੂਰਨ ਪੁੱਤ੍ਰ ਦੀ ਮੌਤ ਮਾਤਾ ਲੂਣਾਂ ਦੇ ਹੱਥੋਂ ਹੀ ਹੈ ਤਾਂ ਵਾਹਵਾ, ਭਾਣਾ ਸਿਰ ਮੱਥੇ ਤੇ ਝੱਲ ਮੈਂ ਏਹ ਮੌਤ ਦਾ ਛਿਨ ਭਰ ਦਾ ਕਸ਼ਟ ਤਾਂ ਸਹਿ ਲਵਾਂਗਾ, ਪਰ ਮੈਂ ਆਪਣੇ ਆਚਰਣ ਨੂੰ ਇਕ ਪਲ ਭਰ ਭੀ ਤੇਰੀ ਵਿਸ਼ੇ ਵਾਸ਼ਨਾਂ ਨੂੰ ਪੂਰਾ ਕਰਨ ਖਾਤਰ ਸਦਾ ਲਈ ਉਸ ਨਿਰੰਕਾਰ ਦੇ ਦਰੋਂ ਫਿਟਕਾਰ ਨਹੀਂ ਸਹਿਣਾਂ ।ਚੰਛਾ ਮਾਤਾ ! ਮੈਨੂੰ ਹੁਣ ਆਗਿਆ ਬਖਸ਼ੋ ਮੈਂ ਜਾਵਾਂ । ਏਹ ਅੰ੦ਲੇ ਲਫਜ਼ ਲੂਣਾਂ ਦੀ ਬਿਨਾਂ ਕਾਮ ਵਾਸ਼ਨਾਂ ਦੇ ਪੂਰੇ ਕੀਤੇ ਪੂਤਨ ਨੇ ਕਹਿਣੇ ਹੀ ਸਨ ਕਿ ਲੂਣਾਂ ਦੀਆਂ ਅੱਖਾਂ ਅੱਗੇ ਇੱਕ ਵੇਰ ਆਪਣੇ ਹੱਥੋਂ ਫਸੇ ਹੋਏ ਸ਼ਿਕਾਰ ਦੇ ਨਿਕਲਨ ਦਾ ਨਕਸ਼ਾਆ ਬੱਝਾ ਤੇ ਚੁਪ ਦੀ ਚੁਪ ਪੱਥਰ ਰੂਪ ਹੋਈ ਹੋਈ ਫਰੇਬ ਤੇ ਮਕਾਰੀ ਭਰੀ ਨਜ਼ਰ ਨਾਲ ਟਿਕਾ ਪੂਰਣ ਜੀ ਵੱਲ ਘੂ੍ਰਨ ਲੱਗੀ । ਟਿੱਕਾ ਪੂਰਨ ਚੰਦ ਧਰਮਮਾਤਾ ਦੇ ਐਸੇ ਅਨਯਾਇ ਤੇ ਨੀਚਕਰਮ ਦੇ ਖਿਆਲਾਤਾਂ ਦਾ ਸਾਰਾ ਨਕਸ਼ਾ ਸੋਚ ਡਰਿਆ ਤੇ ਝਟ ਪੱਟ ਆਪਣੀ ਜਾਨ ਛੁਡਾ ਏਥੋਂ ਨਿਕਲਨ ਦੇ ਆਹਰ ਸੋਚਣਲੱਗਾ ਤੇ ਪਲੋ ਪਲੀ ਵਿਚ ਏਸ ਰਾਜ ਭਵਨ ਤੋਂ ਬਾਹਰ ਹੋ ਗਿਆ

# ਪੂਰਨ ਜੀ ਦਾ ਸਤ ਧਰਮ ਬਚਣਾਂ

## ੧੩.

ਅੱਜ ਸਿਆਲਕੋਟ ਨਗਰੀ ਦੇ ਯੁਵਰਾਜ ਬਣਨ ਵਾਲੇ ਯੋਗੀ ਟਿੱਕਾਸਾਹਿਬ ਸਾਹਮਣੇ ਵਾਲੇਮਾਹਲਾਂਵਿੱਚੋਂ ਨਿਕਲਕੇ ਦੌੜੇ ਜਾਂਦੇ ਦਿਖਾਈ ਦੇ ਰਹੇ ਹਨ, ਕਦਮ ਕਾਹਲੇ ਤੇ ਕਾਹਲ਼ਾ ਅਗਾਂਹ ਵੱਲ ਹੀ ਵਧਦਾ ਜਾ ਰਿਹਾ ਹੈ, ਪਤਾ ਨਹੀਂ ਕੀ

Digitized by Panjab Digital Library | www.panjabdigilib.org

ਕਾਰਨ ਹੈ ਕਿ ਅੱਜ ਟਿੱਕਾ ਸਾਹਿਬ ਦੇ ਨਾਲ ਕੋਈ ਨੌਕਰ ਚਾਕਰ ਭੀ ਦਿਖਾਈ ਨਹੀਂ ਦਿੰਦਾ। ਇਸਤਰਾਂ ਇਕੱਲੇ ਲਗਾਤਾਰ ਪੈਰਾਂ ਨੂੰ ਸਿਰ ਤੇ ਰੱਖੀ ਪੂਰਨ ਜੀ ਦਾ ਦੌੜੇ ਜਾਣਾ ਰਸਤੇ ਵਿੱਚ ਮਿਲਣ ਵਾਲਿਆਂ ਰਾਹੀਆਂ ਨੂੰ ਹੈਰਾਨਗੀ ਵਿੱਚ ਪਾ ਜਾਣ ਵਾਲੀ ਗੱਲ ਸੀ, ਕਈ ਰਾਹੀ ਦਿਲ ਹੀ ਦਿਲ ਵਿੱਚ ਪੁੱਛਣ ਦਾ ਹੌਂਸਲਾ ਬੰਨ੍ਹਦੇ ਹਨ, ਪਰ ਕਿਸਦੀ ਮਜਾਲ ਹੈ ਕਿ ਅਗਾਂਹ ਵਧਕੇ ਕੁਝ ਪੁੱਛ ਸਕੇ ? ਦੇਖਦਿਆਂ ੨ ਹੀ ਪੂਰਨ ਚੰਦ ਜੀ ਜਿਸਤਰਾਂ ਕਿਘਬਰਾਏਹੋਏ ਤੇ ਬਿਆਕੁਲਹੋਏ ਪਾਪਣ ਲੂਣਾਂ ਦੇ ਮਹਿਲ ਵਿਚੋਂ ਆਏ ਸਨ, ਓਸੇ ਤਰਾਂ ਉਨ੍ਹਾਂ ਅੱਗੇ ਜਾ ਖੜੋਤੇ,ਅੱਗੋਂ ਗੋੱਲੀਆਂ ਬਾਂਦੀਆਂ ਦੂਰੋਂਹੀ ਧੁਰ ਛੱਤ ਤੋਂ ਟਿੱਕਾ ਜੀ ਨੂੰ ਐਸੀ ਭੈੜੀ ਦਿਸ਼ਾ ਵਿੱਚ ਭੱਜੇ ਆਉਂਦਿਆਂ ਦੇਖ ਥੱਲੇ ਦੌੜੀਆਂ ਆਈਆਂ, ਤੇ ਝੱਟ ਪੱਟ ਆਪਣੇ ਪਿਆਰੇ ਮਾਲਕ ਨੂੰ ਉਪਰਲੀ ਛੱਤ ਤੇ ਲੈਜਾ ਘਬਰਾਏ ਹੋਏ ਨੂੰ ਅਸਲੀ ਹਾਲਤ ਵਿੱਚ ਲਿਆਉਂਣ ਦੀ ਕੋਸ਼ਸ਼ ਕਰਨ ਲੱਗੀਆਂ।

ਪਾਠਕ ਜੀ ! ਇਹ ਮਹਿਲ ਰਾਜੇ ਸਾਲਵਾਹਨ ਦੀ ਪਟਰਾਣੀ ਰਾਣੀ ਇੱਛਰਾਂ ਦਾ ਸੀ, ਐਸ ਵੇਲੇ ਉਹ ਆਪਣੇ ਮਿਲਨ ਗਏ ਪੁੱਤ੍ਰ ਪੂਰਨ ਦੀਆਂ ਉਡੀਕਾਂ ਵਿੱਚ ਬੈਠੀ ਸਹੇਲੀਆਂ ਨਾਲ ਇਹੋ ਹੀ ਗੱਲਾਂ ਕਰ ਰਹੀ ਸੀ ਕਿ ਤ੍ਰਾਹੀਉਂ ਖਬਰ ਜੋ ਗੋੱਲੀਆਂ ਬਾਂਦੀਆਂ ਦੇ ਰੌਲੇ ਨੇ ਉਸਦੀ ਸੁਰਤ ਨੂੰ ਇਧਰ ਪਲਟਾ ਦਿੱਤਾ, ਜਾਂ ਰਾਣੀ ਇੱਛਰਾਂ ਨੇ ਉਸ ਕਮਰੇ ਵਿੱਚ ਪੈਰ ਧਰਿਆ ਜਿੱਥੇ ਕਿ ਸੰਤੋ ਤੇ ਨਿੱਕੋ ਟਿ ` ਪੂਰਨ ਚੰਦ ਜੀ ਪਾਸੋਂ ਉਸਦੀ ਹੱਡ ਬੀਤੀ ਸੁਣ ਰਹੀਆਂ ਸਨ, ਤਾਂ ਇਹ ਸਾਰਾ ਮਾਜਰਾ ਦੇਖਦਿਆਂ ਹੀ ਇੱਛਰਾਂ ਦੇ ਤਾਂ ਮਾਨੋਂ ਪੈਰਾਂ ਥੱਲਿਓਂ ਮਿੱਟੀ

Digitized by Panjab Digital Library | www.panjabdigilib.org

ਨਿਕਲ ਗਈ, ਹੱਥਾਂ ਦੇ ਤੋਤੇ ਉੱਡ ਗਏ, ਰੰਗ ਜ਼ਰਦ ਵਸਾਰ ਹੋ ਗਿਆ, ਇਕ ਦਮ ਐਸੀ ਹੋਣੀ ਵਰਤਨ ਦਾ ਸਾਰਾ ਕਿੱਸਾ ਸੁਣਕੇ ਮਾਤਾ ਇੱਛਰਾਂ ਲੂਣਾਂ ਦੇ ਨਖਰੇ ਤੇ ਪਾਪਾਤਮਾਂ ਦੇ ਫੰਧ ਨੂੰ ਚੰਗੀ ਤਰਾਂ ਤਾੜ ਗਈ ਤੇ ਲੱਗੀ ਮਨ ਹੀ ਮਨ ਗੇਣਤੀਆਂ ਕਰਨ ਕਿ ਹੈਂਸਿਆਰੀ ਨੂੰ ਧਰਮ ਪੁੱਤ੍ਰ ਦਾ ਭੀ ਤਰਸ ਨਹੀਂ ਆਯਾ। ਡੈਣ ਭੀ ਸੱਤ ਘਰ ਛੱਡ ਲੈਂਦੀ ਹੈ, ਪਰ ਕੀ ਏਸ ਤੱਤੀ ਨੇ ਮੇਰੇ ਪਾਸੋਂ ਕੋਈ ਪਿਛਲੇ ਜੁੱਗ ਦਾ ਵੈਰ ਲੈਣਾਂ ਸਾਸ ਜੋ ਮੇਰੇ ਪੁੱਤ੍ਰ ਨਾਲ ਏਡਾ ਉਪੱਦਰ ਕਰਨ ਦੀ ਚੁੱਕ ਠਾਣੀ ? ਹੁਣ ਕਲੇਜੇ ਵਿੱਚ ਕੌਤੂਹਲ ਫਿਰਦਾ ਹੈ, ਦਿਲ ਤਾਂ ਆਪਣਾ ਭੀ ਟਿਕਾਣੇ ਨਹੀਂ ਪਰ ਪੂਰਨ ਦੇ ਨੈਣਾਂ ਤੋਂ ਸਾਵਨ ਭਾਦਰੋਂ ਦੀ ਝੜੀ ਵਾਂਗ ਬਰਖਾ ਹੋ ਰਹੀ ਦੇਖ ਦੂਰਅੰਦੇਸ਼ ਰਾਣੀ ਇੱਛਰਾਂ ਦੀਆਂ ਅੱਜ ਸੱਤੇ ਸੁੱਧਾਂ ਭੁੱਲ ਗਈਆਂ ਹਨ।ਫਿਰ ਟਿੱਕਾ ਪੂਰਨ ਚੰਦ ਨੂੰ ਆਪਣੀ ਵੱਲ ਸੰਬੋਧਨ ਕਰਕੇ ਕਹਿੰਦੀ ਹੈ ਕਿ ਮੇਰੀ ਗਰੀਬਨੀ ਦੇ ਇੱਕੋ ਇੱਕ ਸਹਾਰੇ ਪੁੱਤ੍ਰ ਤੂੰ ਗਿਆਨਵਾਨ ਤੇ ਸੁਘੜ ਸਜਾਣਾਂ ਧਰਮੀ ਪੁੱਤ੍ਰ ਹੈ। ਨਿੱਕੋ ਤੇ ਸੱਤੋ ਗੋੱਲੀਆਂ ਨੇ ਜੋ ਕੁਝ ਵਿਥਿਆ ਕਹੀ ਹੈ ਮੈਨੂੰ ਘਬਰਾਹਟ ਦੇ ਡੂੰਘੇ ਸਮੁੰਦਰ ਵਿੱਚ ਸੁਟ ਗਈ ਹੈ, ਪੂਰਨਾਂ ! ਮੈਨੂੰ ਇਤਬਾਰ ਨਹੀਂ ਬੱਝਦਾ ਤੇ ਮੁੜ ਮੁੜ ਮੈਂ ਸੋਚਦੀ ਹਾਂ ਕਿ ਮੈਂ ਸੁਫਨਾਂ ਦੇਖ ਰਹੀ ਹਾਂ ਕਿ ਜਾਗ੍ਰਤ ਅਵਸਥਾ ਵਿੱਚ ਸੱਚੀਆਂ ਹੋਣੀਆਂ ਵਰਤ ਰਹੀਆਂ ਤੱਕਦੀ ਹਾਂ। ਕੀਹ ਸੱਚ ਮੁੱਚ ਮੈਂ ਏਹਨਾਂ ਸੜ ਗਈਆਂ ਅੱਖੀਆਂ ਨਾਲ ਏਹ ਕੌਤਕ ਦੇਖ ਰਹੀ ਹਾਂ ? ਹੇ ਪੁੱਤ੍ਰ ਪੂਰਨ! ਤੂੰ ਮੇਰੀਆਂ ਅੱਖਾਂ ਦਾ ਤਾਰਾ ਹੈਂ, ਮੇਰੇ ਦਿਲ ਦਾ ਤੂੰ ਹੀ ਕੇਵਲ ਜਗਤ ਵਿੱਚ ਸਹਾਰਾ ਹੈਂ, ਮੈਨੂੰ ਚੰਗੀ ਤਰਾਂ ਏਹ ਵਿਥਿਆ

Digitized by Panjab Digital Library | www.panjabdigilib.org

ਖੋਲ੍ਹਕੇ ਆਪਣੇ ਮੂੰਹੋਂ ਸੁਣਾ ਕਿ ਤੇਰੇ ਨਾਲ ਮੇਰੀ ਪਾਪਣ ਸੌਂਕਣ ਲੂਣਾਂ ਨੇ ਕੀ ਹ ਹੋਣੀ ਵਰਤਾਈ ਮੈਨੂੰ ਵਿਸ਼ਵਾਸ ਨਹੀਂ ਬੱਝਦਾ, ਤੇਰੇ ਮੂੰਹੋਂ ਸਾਰੀ ਵਿੱਥਿਆ ਸੁਣਕੇ ਮੈਨੂੰ ਯਕੀਨ ਹੋ ਜਾਵੇਗਾ।

## ਪੂਰਨ ਜੀ ਨੇ ਲੂਣਾਂ ਦਾ ਇੱਛਰਾਂ ਅੱਗੇ ਪਾਪ ਪ੍ਰਗਟ ਕਰਨਾਂ

੧੪.

ਮਾਂ ਦੇ ਤਰਲੇ ਤੇ ਵਿਆਕੁਲਤਾ ਨੂੰ ਦੇਖ ਪੂਰਨ ਜੀ ਘਬਰਾਈ ਹੋਈ ਦਸ਼ਾ ਨੂੰ ਦੂਰ ਕਰ ਬੋਲੇ, "ਮਾਤਾ! ਅੱਜ ਲੂਣਾਂ ਨੇ ਉਹ ਹਨੇਰ ਮਾਰਿਆ ਹੈ ਜੋ ਆਦਿ ਜੁਗਾਦਿ ਕਦੇ ਭੀ ਨਹੀਂ ਹੋਇਆ ਸੀ, ਲੱਖ ਲੱਖ ਸ਼ੁਕਰ ਹੈ ਅੱਜ ਤੇਰੇ ਪੁੱਤ੍ਰ ਦਾ ਸਤ ਧਰਮ ਬਚ ਗਿਆ! ਰੱਬ ਵੱਲੋਂ ਮੇਰੇ ਬਾਪ ਦੀ ਇੱਜ਼ਤ ਬਚ ਗਈ, ਅੱਜ ਨਿਰੰਕਾਰ ਨੇ ਮੇਰੇ ਸ਼ਰਣ ਪੈਣ ਦੀ ਲਾਜ ਰੱਖ ਲਈ! ਅੱਜ ਜਿਸ ਨਿਰੰਕਾਰ ਨੂੰ ਮੈਂ ਦੂਰ ਤੋਂ ਦੂਰ ਸਮਝਦਾ ਸਾਂ ਪ੍ਰਤੱਖ ਜ਼ਾਹਰਾ ਜ਼ਹੂਰ ਨੇੜੇ ਤੋਂ ਨੇੜੇ ਦੇਖ ਲਿਆ ਹੈ, ਮਾਤਾ ਜੀ ਜਿਸ ਵੇਲੇ ਮੈਂ ਧਰਮ ਮਾਤਾ ਲੂਣਾਂ ਦ ਵੇਹੜੇ ਜਾ ਵੜਿਆ ਓਸੇ ਵੇਲੇ ਹੀ ਜਾਣੋ ਮੇਰੇ ਮਗਰ ? ਹੋਣੀ ਨੇ ਧਾਈ ਕਰ ਦਿੱਤੀ ਸੀ, ਲੂਣਾਂ ਨੇ ਮੇਰੇ ਵਾਸਤੇ ਕੀਤੀ ਤਾਂ ਬਲਦੀ ਚਿਖਾ ਤਿਆਰ ਸੀ ਪਰ ਹੱਥ ਦੇਕੇ ਭਗਵੰਤ ਨੇ ਮੇਰੀ ਰੱਖਿਆ ਕੀਤੀ! ਜਿਸ ਗ੍ਰਿਹਸਤ ਦੀ ਪ੍ਰੇਰਨਾ ਤੁਸੀਂ ਤੇ ਪਿਤਾ ਜੀ ਦੋਵੇਂ ਕਰਦੇ ਸਾਓ, ਸਹਿਜੇ ਹੀ ਪਰਖ ਲਿਆ, ਨਾਰੀਆਂ ਦੇ ਸਤ ਧਰਮ ਗ਼ਰਕ

Digitized by Panjab Digital Library | www.panjabdigilib.org

ਹੋਣ ਦੇ ਅਚੰਭਤ ਕਿੱਸੇ ਜੋ ਮੈਂ ਪੜ੍ਹੇ ਸੁਣੇ ਤੇ ਵੇਖੇ ਸਨ ਮ ਕਲਪਤਕਹਾਣੀਆਂਸਮਝਕੇ ਹੱਸਛੱਡਿਆ ਸੀ ਪਰਅੱਜ ਅਪਣੇ ਨਾਲ ਹੱਡ ਬੀਤੀਆਂ ਦਖ ਦੰਗ ਤੇ ਚਕ੍ਰਿਤ ਹੋ ਰਿਹਾ ਹਾਂ, ਸੱਚ ਹੈ ਮੇਰੀ ਪਿਆਰੀ ਮਾਤਾ ! ਸੌਕੀਆਂ ਨਾਲ ਜੇ ਮਤ੍ਰੇਈਆਂ ਰਲ ਜਾਣ ਤਾਂ ਲੋਕਆਪਣੀਆਂ ਮਾਵਾਂਨੂੰ ਕਦਾਚਿਤ ਯਾਦ ਨਾਕਰਨ ।

# ਰਾਣੀ ਇੱਛਰਾਂ ਦੀਆਂ ਸਹੇਲੀਆਂ ਦਾ ਝੁਰਮਟ ਤੇ ਪੂਰਨ ਜੀ ਨੂੰ ਦਲੇਰੀ ਦੇਣੀ

੧੫.

ਲੂਣਾਂ ਦਾ ਐਸਾ ਕਪਟ ਭਰਿਆ ਛਲ ਜਦ ਇੱਛਰਾਂ ਨੇ ਸੁਣਿਆਂ ਤਾਂ ਉਹਅਪਨੇ ਆਪ ਵਿੱਚ ਟਿਕਣ ਨਹੀਂ ਦੇਂਦਾ ਸੀ ਉਹ ਓਸੇ ਤਰਾਂ ਗ਼ਮਾਂ ਤੇ ਖੁਸ਼ੀ ਦੀ ਭਰੀ ਭਰਾਈ ਆਪਣੇ ਸਹੇਲੀਆਂ ਦੇ ਝੁਰਮਟ ਵਿੱਚ ਭੱਜੀ ਗਈ ਤੇ ਇਉਂ ਬੋਲੀ:-

ਮੇਰੀਓ ਪਿਆਰੀਓ ਸਹੇਲੀਓ ! ਸੁਣੋਂ ਨੀ ਅੱਜ ਲੂਣਾਂ ਤੱਤੀ ਨੇ ਕੇਡਾ ਹਨੇਰ ਤੇ ਕੂੜ ਦਾ ਤੂਫਾਨ ਮੇਰੇ ਸ੍ਰਵਨ ਪੁੱਤ੍ਰ ਦੇ ਸਿਰ ਬਧਿਆ ਹੈ, ਤੱਤੀ ਪੁੱਤ ਨਾਲ ਮੂੰਹ ਕਾਲਾ ਕਰਨ ਦੀ ਠਾਣ ਮੇਰੇ ਭੋਲੇ ਭਾਲੇ ਹੀਰੇ ਪੁੱਤ੍ਰ ਦੇ ਮਗਰ ਪੈ ਗਈ। ਅੱਜ ਹਿੰਦੂਆਂ ਦੀ ਰਸਮ ਨੂੰ ਲੂਣਾ ਨੇ ਭੁਲਾਕੇ ਭੈਣਾਂ ਚੂੜ੍ਹਿਆਂ ਦਾ ਪੰਥ ਚੁਕ ਚਲਾਇਆ ਹੈ। ਖਸਮ ਦਾ ਸਾਰਾ ਖੌਫ਼ ਦਿਲੋਂ ਲਾਹਕ ਪੂਰਨ ਪੁੱਤ੍ਰ ਦੀ ਲੂਣਾਂ ਨੇ ਸੇਜ ਮੰਗ ਆਪਣੇ ਸਿਰ ਘੱਟਾ ਪਾ ਲਿਆ ਹੈ। ਅਣੀਓਂ, ਏਡਾ ਕਹਿਰ ਭੀ ਕਦੀ ਕਿਸੇ ਸੁਣਿਆਂ ਸ ? ਅੱਜ ਲੂਣਾਂ ਨੇ ਤਾਂ ਉਹ ਕਰ ਦਿਖਾਈ ਜੇਹੜੀ ਜਦੋਂ ਦੀ ਦੁਨਿਆਂ ਬਣੀ ਹੈ ਕਿਸੇ ਨਾ ਸੁਣੀ ਸੀ ਤੇ ਨ

Digitized by Panjab Digital Library | www.panjabdigilib.org

ਦੇਖੀ ਸੀ। ਹੁਣ ਤੱਤੀ ਨ ਜਦੋਂ ਮੇਰੇ ਧਰਮੀ ਲਾਲ ਦੇ ਹੱਥੋਂ ਮੁਰਾਦ ਪੁਗਦੀ ਨਹੀਂ ਦੇਖੀ ਤਾਂ ਚੁੱਕ ਡੱਕਰੇ ੨ ਕਰਵਾ ਚੌਹਾਂ ਦਰਵਾਜ਼ਿਆਂ ਤੇ ਟੰਗਵਾ ਦੇਣ ਦਾ ਰਾਗ ਅਲਾਪ ਦਿੱਤਾ ਹੈ। ਸ਼ੁੱਕਰ ਹੈ ਭੈਣੋਂ ! ਮੇਰੇ ਪੁਤ੍ਰ ਦਾ ਜਤ ਤੇ ਸਤ ਬਚ ਗਿਆ। ਭਗਵਾਨ ਨੇ ਹੱਥ ਦੇਕੇ ਮੇਰੇ ਪੁੱਤ੍ਰ ਦੀ ਲਾਜ ਰੱਖ ਲਈ, ਮੇਰੀ ਕੁੱਖ ਸੁਫਲੀ ਤੇ ਉਜਲ ਕਰ ਦਿੱਤੀ, ਆਖਰ ਜਿਸ ਪੁਤ੍ਰ ਨੇ ਕਿਸੇ ਵਬਾਈ, ਰੋਗ, ਤਪ, ਹੈਜ਼ੇ, ਗੰਠੀਏ, ਪਲੇਗ ਨਾਲ ਮਰਨਾਂ ਸੀ ਉਸ ਦੇ ਮਰਨ ਦਾ ਸੋਹਿਲਾ ਸੁਣ ਲਿਆ। ਚੰਗਾ ਏਹ ਮੌਤ ਸਹੇ-ਲੀਓ! ਜੇ ਇੱਕ ਪੱਥਰ ਦਿਲ ਲੂਣਾਂ ਵਰਗੀ ਪਾਪਣ ਹੈਂਸਿਆਰੀ ਬੱਚੇ ਖਾਣੀ ਮਾਤਾ ਦੇ ਹੱਥੋਂ ਹੋਵੇ ਤਾਂ ਮੁਬਾਰਕ! ਕਿਉਂ ਜੋ ਉਸੇ ਮਾਤਾ ਦੀ ਕੁੱਖ ਨੂੰ ਭਾਗ ਲੱਗਦਾ ਹੈ, ਜਿਸਦੇ ਜੰਮੇਂ ਜਾਏ ਪੁੱਤ੍ਰ ਧਰਮ ਦੇ ਜਗਵੇਦੀ ਪਰ ਕੁਰਬਾਨ ਹੋ ਸਦਾ ਲਈ ਜਿਊਂਦੇ ਜਾਗਦੇ ਹੋਕੇ ਜਾਨ ਤੋਂ ਖੇਡ ਜਾਣ। ਮੈਂ ਲੂਣਾਂ ਦੇ ਹੱਥੋਂ ਜੇ ਆਪਣੇ ਹੀਰੇ ਮਿਰਗ ਨੂੰ ਧਰਮ ਪਿੱਛੇ ਕੁਸਦਾ ਦੇਖਾਂਗੀ ਤਾਂ ਮੈਂ ਔਤ੍ਰੀ ਹੋਣ ਦੀ ਥਾਂ ਸਦਾ ਲਈ ਸੌਤ੍ਰੀ ਹੋ ਜਾਵਾਂਗੀ! ਪਰ ਕੀਹ ਮੇਰਾ ਪਤੀ ਮੇਰੇ ਨਾਲ ਇਨਸਾਫ਼ ਨਾਂ ਕਰੇਗਾ? ਸ਼ੁਕਰ ਹੈ ਲਖ ਲਖ ਸ਼ੁਕਰ ਹੈ ਕਿ ਪੁਤ੍ਰ ਪੂਰਨ ਦਾ ਸਤਿਧਰਮ ਵਾਲ ਵਾਲ ਬਚ ਗਿਆ। ਹੁਣ ਜਦ ਇੱਛਰਾਂ ਬਾਰ ਬਾਰ ਈਸ਼-ਵਰ ਦਾ ਧੰਨਵਾਦ ਕਰ ਚੁਕੀ ਤਾਂ ਪੁਤ੍ਰ ਦੇ ਹੌਸਲੇ ਨੂੰ ਮਜ਼ਬੂਤ ਕਰਨ ਦੀ ਸੁਝੀ ਤੇ ਕਹਿਣ ਲੱਗੀ ਪੁਤ੍ਰ ਪੂਰਨ ਤੇਰੇ ਏਸ ਮਰ-ਦਊ ਪੁਣੇ ਦੇ ਕੰਮ ਤੇ ਮੇਰਾ ਅੰਤਸ਼ ਕਰਣ ਅਤਯੰਤ ਖੁਸ਼ ਹੈ, ਭਗਤ ਸੱਚ ਤੇ ਜਾਨ ਕੁਰਬਾਨ ਕਰ ਜਾਂਦੇ ਹਨ, ਅੱਜ ਪੂਰਨਾਂ ਤੇਰੇ ਨਾਮ ਪਿਛੇ ਚੰਦ ਦੀ ਥਾਂ ਭਗਤ ਪਦ ਸੁਸ਼ੋਭਤ ਹੋ ਗਿਆ ਹੈ ਅਰਥਾਤ ਅੱਜ ਤੇਰਾ ਚੰਦ ਵਾਂਗੂ ਚਮਕਦਾ ਨਾਮ

Digitized by Panjab Digital Library | www.panjabdigilib.org

ਪੂਰਨ ਭਗਤੀ ਦੇ ਪਦ ਨੂੰ ਪ੍ਰਾਪਤ ਕਰ ਲੋਕ ਸੁਖੀ ਤੇ ਪ੍ਰਲੋਕ ਸੁਹਲਾ ਹੋ ਗਿਆ ਹੈ। ਪੂਰਨਾਂ ! ਹੰਸ ਦੀ ਉਮਰ ਭਾਵੇਂ ਥੋੜੀ ਹੁੰਦੀ ਹੈ ਪਰ ਚੁਗਦੇ ਉਹ ਮੋਤੀ ਚੋਗ ਹੀ ਹੁੰਦੇ ਹਨ।

ਟਿੱਕਾ ਪੂਰਨ ਜੀ ! ਮਾਤਾ ਦੇ ਮੁੱਖ ਵਿੱਚੋਂ ਐਸੀਆਂ ਦਿਲਬਰੀਆਂ ਸੁਣਕੇ ਕਹਿਣ ਲੱਗੇ, ਹੇ ਮਾਤਾ, ਭਾਵੇਂ ਮੈਂ ਆਪਣੇ ਧਰਮ ਪਰ ਕਾਇਮ ਰਹਿਕੇ ਤੇਰੀ ਕੁੱਖ ਨੂੰ ਭਾਗ ਲਾਉਣ ਦਾ ਕਾਰਨ ਬਣਿਆ ਹਾਂ, ਪਰ ਜੱਗ ਦੀ ਨਮੋਸ਼ੀ ਭੀ ਕੋਈ ਘੱਟ ਨਹਾਂ ਹੁੰਦੀ। ਜਦ ਪਰਜਾ ਦੇ ਲੋਕ ਐਸੀ ਅਨਹੋਣੀ ਨੂੰ ਸੁਨਣਗੇ ਤਾਂ ਕੀਹ ਕਹਿਣਗੇ? ਮਾਤਾ ਐਸੇ ਜਿਊਣ ਨਾਲੋਂ ਤਾਂ ਮਰ ਜਾਣਾ ਹਜ਼ਾਰ ਗੁਣਾ ਚੰਗਾ ਹੈ ! ਲੂਣਾਂ ਨੇ ਕਪਟ ਜਾਲ ਵਿਛਾਕੇ ਹੁਣ ਰਾਜੇ ਨੂੰ ਵੱਸ ਕਰ ਮੇਰੇ ਤੇ ਜ਼ੁਲਮ ਦੀ ਅੰਧਾ ਧੁੰਦ ਛੁਰੀ ਫਿਰਵਾਉਣ ਦੇ ਮਨਸੂਬੇ ਬੰਨ੍ਹਣੇ ਹਨ, ਪਰ ਹੱਛਾ ਭਾਵੀ ਸਿਰ ਮੱਥੇ ਤੇ ਮਰਦ ਹੀ ਝੱਲਦੇ ਹਨ, ਜੋ ਭਾ ਪਈ ਹੈ ਮਰਦਾਂ ਵਾਂਗ ਮਰਦੇ ਮੈਦਾਨ ਹੋਕੇ ਕਟਾਂਗਾ ਤੇ ਤੇਰੀ ਕੁੱਖ ਨੂੰ ਸਾਬਤ ਕਰ ਦਿਖਾਵਾਂਗਾ ਕਿ ਇੱਛਰਾਂ ਨੇ ਕਦੇ ਇਕ ਪੁੱਤ੍ਰ ਨੂੰ ਜਨਮ ਦਿੱਤਾ ਸੀ, ਤੇ ਤੇਰਾ ਓਹਨਾਂ ਜਨਨੀਆਂ ਵਿੱਚ ਨਾਮ ਉੱਜਲ ਹੋਵੇਗਾ, ਜਿਨ੍ਹਾਂ ਨੂੰ ਲੋਕ ਏਸਤਰਾਂ ਕਹਿਕੇ ਪੁਕਾਰਿਆ ਕਰਦੇ ਹਨ, "ਜਨਨੀ ਜਨੇ ਤ ਭਗਤ ਜਨ ਕੈ ਦਾਤਾ ਕੈ ਸੂਰ ਨਹੀਂ ਤਾਂ ਜਨਨੀ ਬਾਂਝ ਰਹੇ ਕਾਹੇ ਗਵਾਵੇ ਨੂਰ।"

## ਲੂਣਾਂ ਦਾ ਕਪਟ ਸਾਲਵਾਹਨ ਅੱਗੇ

### ੧੬.

ਰਾਤ ਦੇ ਬਾਰਾਂ ਬਜ ਚੁਕੇ ਹਨ, ਰਾਜਾ ਸਾਲਵਾਹਨ ਜੀ ਰਾਜ ਦਰਬਾਰ ਦੇ ਕੰਮ ਕਾਜ ਤੋਂ ਅੱਕੇ ਥੱਕੇ ਲੂਣਾਂ ਦੇ

Digitized by Panjab Digital Library | www.panjabdigilib.org

ਮਹਿਲਾਂ ਵਿੱਚ ਦਾਖਲ ਹੋ ਰਹੇ ਹਨ, ਡਿਉੜੀ ਤੋਂ ਅੱਗੇ ਲੰਘ ਸੂਫੇ ਵਿੱਚ ਅਜੇ ਰਾਜਾ ਜੀ ਦਾ ਪੈਰ ਹੀ ਧਰਣਾ ਸੀਕਿ ਅਗਾਂਹ ਸੁੰਨਸਾਨ ਹੀ ਸੁੰਨਸਾਨ ਦਿਖਾਈ ਦੇਣ ਲੱਗਾ, ਕੋਈ ਦੀਵਾ ਨਹੀਂ, ਕੋਈ ਚਰਾਗ ਨਹੀਂ, ਕੋਈ ਝਾੜ ਨਹੀਂ, ਕੋਈ ਫਾਨੂਸ ਨਹੀਂ, ਕਾਲੀ ਬੋਲੀ ਘੁੱਪ ਘੇਰ ਰਾਤ ਦਾ ਨਜ਼ਾਰਾ ਬੱਝ ਰਿਹਾ ਹੈ ਤੇ ਉਹ ਲੂਣਾਂ ਜੋ ਰਾਜਾ ਜੀ ਨੂੰ ਵੇਹੜੇ ਵੜਦਿਆਂ ਦੇਖ ਸ਼ਾਦ ਸ਼ਾਦ ਹੋ ਜਾਂਦੀ ਸੀ ਤੇ ਨਖਰਿਆਂ ਨਾਲ ਵਾਰੀ ਘੋਲੀ ਜਾਂਦੀ ਤੇ ਰਾਜੇ ਦੀਆਂ ਤਲੀਆਂ ਝਸਦੀ ਦਿਖਾਈ ਦੇਂਦੀ ਸੀ, ਅੱਜ ਕਿਧਰੇ ਦਿਖਾਈ ਨਹੀਂ ਦੇਂਦੀ, ਮਾਨੋਂ ਅੱਜ ਲੂਣਾਂ ਢੂੰਡਣ ਤੇਂ ਭੀ ਨਹੀਂ ਲੱਭੇਗੀ। ਰਾਜਾ ਅੰਨ੍ਹੇ ਵਾਹ ਹੈਰਾਨ ਹੋਇਆ ੨ ਲੂਣਾਂ ਦੇ ਖਾਸ ਕਮਰੇ ਵੱਲ ਵਧਿਆ, ਓਧਰ ਜਾਣਾ ਹੀ ਸੀ ਕਿ ਇਕ ਟੁੱਟੇ ਫੁੱਟੇ ਪੁਰਾਣੇ ਦੀਵੇ ਵਿੱਚ ਨਿੰਮ੍ਹਾਂ ਨਿੰਮ੍ਹਾਂ ਚਾਨਣਾ ਦਿਖਾਈ ਦਿੱਤਾ ਤੇ ਪਾਸ ਹੀ ਰਾਜੇ ਦੀ ਪਿਆਰੀ ਰਾਣੀ ਲੂਣਾਂ ਇਕ ਭੈੜੀ ਜੇਹੀ ਫੂੜ੍ਹੀ ਪਰ ਭੁੰਞੇ ਹੀ ਉੱਸਲ ਵੱਟੇ ਭੰਨ ਰਹੀ ਦਿਖਾਈ ਦਿੱਤੀ। ਸਾਲਵਾਹਨ ਐਸੀ ਨਾਜ਼ਕ ਤੇ ਭੈੜੀ ਦਸ਼ਾ ਵਿੱਚ ਆਪਣੀ ਪਿਆਰੀ ਨੂੰ ਦੇਖ ਬੋਲ ਉੱਠਿਆ ਹੇ ਪਰਮ ਪਿਆਰੀ ਮੇਰੀ ਜਿੰਦ ਲੂਣਾਂ ! ਅੱਜ ਕੀਹ ਭਾਣਾ ਵਰਤ ਗਿਆ ਹੈ ਜੋ ਤੂੰ ਏਸਤਰਾਂ ਦੀ ਦੁਖੀ ਤੇ ਵਿਰਲਾਪ ਕਰਦੀ ਦਿੱਸ ਰਹੀ ਹੈਂ, ਇੰਵ ਲੰਮੀ ਪਈ ਹੈਂ ਕਿ ਜਿਵੇਂ ਤਪਦਿਕ ਦਾ ਰੋਗੀ ਹੁੰਦਾ ਹੈ, ਐਤਾ ਦੁਖ ਤਾਂ ਮੋਇਆਂ ਸਨਬੰਧੀਆਂ ਦਾ ਭੀ ਨਹੀਂ ਹੁੰਦਾ ? ਹੇ ਰਾਣੀ ! ਕਲ ਤੇਰੀਆਂ ਅਮਿੱਤ ਖੁਸ਼ੀਆਂ ਦਾ ਕੋਈ ਅੰਤ ਨਹੀਂ ਸੀ, ਅੱਜ ਏਹ ਕੇਹੜਾ ਵਾਵਿਰੋਲਾ ਉਨ੍ਹਾਂ ਨੂੰ ਉਡਾ ਲੈ ਗਿਆ ? ਸਾਰੀ ਉਮਰ ਦਾ ਰੰਡੇਪਾ ਕੱਟਣ ਵਾਲੀਆਂ ਨਾਰੀਆਂ

Digitized by Panjab Digital Library | www.panjabdigilib.org

ਭੀ ਏਸਤਰਾਂ ਸੋਗ ਦੀ ਮੂਰਤੀ ਧਾਰਨ ਨਹੀਂ ਕਰਦੀਆਂ। ਏਲ ਲੂਣਾਂ! ਬੋਲ, ਤੂੰ ਆਪਣੀ ਵਿੱਥਿਆ ਨੂੰ ਆਪਣੇ ਮੁਖੜੇ ਤੋਂ ਬੋਲ, ਕੀ ਕਿਸੇ ਕਨੀਜ਼ ਗੋੱਲੀ ਯਾ ਨੌਕਰ ਚਾਕਰ ਨੇ ਤੈਨੂੰ ਕੋਈ ਮੰਦਾ ਬੋਲ ਬੋਲਿਆ ਹੈ ? ਲੂਣਾਂ! ਮੇਰਾ ਜਿਗਰ ਪੱਛਿਆ ਪਿਆ ਹੈ, ਤੇਰੀ ਹੁਣ ਸਾਰੀ ਵਿੱਥਿਆ ਨਾਂ ਸੁਣਾਉਂਣ ਨਾਲ ਮੇਰਾ ਪੱਛਿਆ ਹੋਯਾ ਦਿਲ ਹੋਰ ਭੀ ਘਾਇਲ ਹੋ ਰਿਹਾ ਹੈ, ਦੇਖ ਲੂਣਾਂ! ਮੈਂ ਤੇਰੇ ਸਾਹਮਣੇ ਤਸਵੀਰ ਵਾਂਗ ਬੁੱਤ ਬਣਿਆਂ ਖੜਾ ਹਾਂ, ਛੇਤੀ ਆਪਣੇ ਦਿਲ ਦਾ ਸਾਰਾ ਹਾਲ ਖੋਲ੍ਹਕੇ ਦਸ, ਜੇ ਅੱਜ ਤੇਰੀ ਐਸੀ ਨਾਜ਼ਕ ਹਾਲਤ ਵਿੱਚੋਂ ਸੁਆਸਾਂ ਦਾ ਕਿਸੇ ਭਾਂਤ ਬਚਾਉ ਨਾ ਹੋਯਾ ਤਾਂ ਕਲ ਮੇਰੀ ਚਿਖਾ ਭੀ ਤੇਰੇ ਨਾਲ ਹੀ ਬਣੇਗੀ।

## ਮੂਰਛਾ ਪੈਣੀ ਤੇ ਵੈਦ ਜੀ ਦਾ ਆਉਣਾ

### ੧੭.

ਜਦ ਰਾਜੇ ਨੂੰ ਹੱਦ ਤੋਂ ਵਧ ਤਰਲੇ ਤੇ ਮਿੰਨਤਾਂ ਕਰਦਿਆਂ ਦੇਖਿਆ ਤਾਂ ਉਹ ਕਪਟ ਮੂਰਤ ਛਲ ਭਰਪੂਰ ਹਿਰਦੇ ਨਾਲ ਮਚਲ ਮਾਰ ਰਾਜੇ ਦੀ ਪੁੱਛ ਤੋਂ ਬਿਨਾਂ ਹੀ ਕਿਸੇ ਪ੍ਰਕਾਰ ਦਾ ਉੱਤਰ ਦਿੱਤੇ ਦੇ ਹੇਠ ਲਿਖੀ ਦਸ਼ਾ ਵਿੱਚ ਮੂਰਛਤ ਹੋਈ ਹੋਈ ਦਿਖਾਈ ਦੇਣ ਲੱਗੀ—ਲੂਣਾਂ ਦੰਦੀਆਂ ਅੱੜਕੇ ਬੇਹੋਸ਼ ਪਈ ਹੋਈ ਹੈ, ਪਾਸ ਰਾਜਾ ਸਾਲਵਾਨ ਜੀ ਨਬਜ਼ ਤੇ ਹੱਥ ਰੱਖੇ ਉਸਦੇ ਮੂੰਹ ਵਲ ਬਾਰ ਬਾਰ ਤੱਕ ਰਹੇ ਹਨ ਕਿ ਹੁਣ ਭੀ ਬੋੱਲੀ ਕਿ ਬੋੱਲੀ, ਪਰ ਉਹ ਆਪਣੇ ਹੁਨਰ ਵਿੱਚ ਪੂਰਨ ਮੱਕਾਰ ਨਾਮ ਮਾਤ੍ਰ ਇਕ ਵਾਰ ਭੀ ਅੱਖ ਨਹੀਂ ਝਮਕਦੀ। ਅੱਜ ਜੇ ਕਿਸੇ ਨੇ ਨਾਰੀਆਂ ਦੇ ਚਰਿੱਤ੍ਰਾਂ

Digitized by Panjab Digital Library | www.panjabdigilib.org

ਵਿੱਚੋਂ ਇਕ ਅਨੋਖੇ ਚਰਿੱਤ੍ਰ ਦਾ ਨਕਸ਼ਾ ਦੇਖਣਾਂ ਹੋਵੇ ਤਾਂ ਏਥੇ ਐਸ ਵੇਲੇ ਦੇਖ ਲਵੇ।ਜੇਹੜੇ ੪੦੪ ਚਰਿੱਤ੍ਰਾਂ ਨੂੰ ਸੰਸਾਰ ਸਿਰ ਅੱਖਾਂ ਤੇ ਮੰਨਦਾ ਹੈ ਓਹਨਾਂ ਵਿੱਚੋਂ ਅੱਜ ਇਕ ਸਾਲਵਾਹਨ ਨੂੰ ਭੀ ਆ ਘੇਰਿਆ ਹੈ।ਲਗਾਤਾਰ ਨਬਜ਼ ਤੇ ਹੱਥ ਰਖਿਆਂ ਕਈਘੰਟੇ ਬੀਤਗਏਪਰ ਲੂਣਾਂਦੀ ਹੋਸ਼ਨੇ ਪਰਤਾ ਨਹੀਂਖਾਧਾ, ਉਸੇਤਰਾਂ ਹੀ ਠੰਢੋਠਾਰ ਸੱਥਰ ਲੱਥੀ ਭੁੰਦੇ ਪਈ ਹੈ। ਹੁਣ ਐਨਾਂ ਚਿਰ ਜੋ ਰਾਜਾ ਜੀ ਉਸਨੂੰ ਆਪਹੋਸ਼ ਵਿੱਚ ਲਿਆਉਂਣ ਦੀ ਕੋਸ਼ਸ਼ ਕਰਦੇ ਰਹੇ ਸਨ ਨਿਸਫਲ ਦੇਖ ਨਿਰਾਸ ਹੋ ਵੈਦ ਜੀ ਨੂੰ ਬੁਲਾਉਂਣ ਲਈ ਇਕ ਨੌਕਰ ਦੌੜਾਯਾ, ਵੈਦ ਜੀ ਆ ਗਏ ਤੇ ਰਾਜੇ ਦੇ ਹੱਥੋਂ ਨਬਜ਼ ਆਪਣੇ ਹੱਥ ਵਿੱਚ ਲੈ ਲਈ। ਕੁਝ ਮਿੰਟ ਹੀ ਬੈਠਿਆਂ ਵੈਦ ਜੀ ਨੂੰ ਬੀਤੇ ਸਨ ਕਿ ਲੂਣਾਂ ਅੱਬੜਵਾਹੀ ਹਾਉਕਾ ਲੈਕੇ ਉੱਭੇ ਸਾਹ ਬੋਲੀ-ਪੂਰ੍ਨ.......... ਮਾਂ..........ਦੀ..........ਸੇ..........। ਇਹ ਟੁੱਟੇ ਫੁੱਟੇ ਅੱਖਰ ਬੜੀ ਹੀ ਮੁਸ਼ਕਲ ਨਾਲ ਪਾਪਣ ਲੂਣਾਂ ਨੇ ਆਖੇ, ਪਰ ਏਨੇ ਹੀ ਕਹਿਣ ਨਾਲ ਰਾਜੇ ਤੇ ਵੈਦ ਜੀ ਨੂੰ ਢਾਰਸ ਬੱਝ ਗਈ ਤੇ ਆਸ ਨੂੰ ਫਲ ਲੱਗ ਗਿਆ। ਵੈਦ ਜੀ ਬੋਲੇ ਕਿ ਰਾਜਨ! ਕੋਈ ਚਿੰਤਾ ਨਾ ਕਰੋ, ਰੋਗ ਮੋੜਾ ਖਾ ਰਿਹਾ ਹੈ, ਖਤਰਾ ਲੰਘ ਚੁੱਕਾ ਹੈ, ਹੁਣ ਮੈਂ ਇਕ ਪੁੜੀ ਦੇਂਦਾ ਹਾਂ ਜਿਸਨੂੰ ਦਿਤਿਆਂ ਭਗਵੰਤ ਨੇ ਚਾਹਿਆ ਤਾਂ ਹੁਣੇ ਪਲੋ ਪਲੀ ਵਿੱਚ ਹੀ ਰਾਣੀ ਨੌਂ-ਬਰ-ਨੌਂ ਹੋ ਜਾਵੇਗੀ।

ਏਹ ਕਹਿੰਦਿਆਂ ਵੈਦ ਜੀ ਨੇ ਆਪਣਾ ਮਦਾਰੀ ਵਾਲਾ ਥੈਲਾ ਖੋਲ੍ਹਿਆ ਤੇ ਇਕ ਚਿੱਟੀ ਜੇਹੀ ਸ਼ੀਸ਼ੀ ਵਿੱਚੋਂ ਘਸਮੈਲੇ ਜੇਹੇਰੰਗ ਦੀ ਦਵਾਇ ਕੱਢੀ ਤੇ ਪੁੜੀਬੰਨ੍ਹਕੇ ਦੇਦਿੱਤੀ ਤੇ ਉੱਤੋਂ ਗੁਲਾਬ ਦੇ ਅਰਕ ਦੇ ਦੋ ਚਾਰ ਘੁੱਟ ਪਿਆਉਂਣ ਲਈ ਕਿਹਾ

ਅਰ ਗੁਲਾਬ ਦਾ ਅਰਕ ਮੁੱਖ ਤੇ ਭੀ ਛਿੜਕਨ ਲਈ ਦਸਿਆ, ਹੁਕਮ ਹੋਣ ਦੀ ਦੇਰ ਸੀ ਕਿ ਗੁਲਾਬ ਦਾ ਅਰਕ ਸੁਨੈਹਰੀ ਗੁਲਾਬਦਾਨੀ ਵਿੱਚ ਲਿਆਕੇ ਵੈਦ ਜੀ ਦੇ ਹੱਥ ਵਿੱਚ ਦਿੱਤਾ ਗਿਆ। ਵੈਦ ਤੇ ਰਾਜਾ ਜੀ ਨੇ ਬੜੀ ਹੀ ਮੁਸ਼ਕਲ ਨਾਲ ਦੰਦਨ ਖੋਲ੍ਹੀ, ਖੋਲ੍ਹਕੇ ਖਾਖਾਂ ਚੌੜੀਆਂ ਕਰਕੇ ਪੁੜੀ ਹਲਕ ਵਿਚ ਪਾ ਦਿੱਤੀ, ਪੁੜੀ ਦੇਕੇ ਅਰਕ ਦੇ ਦੋ ਚਾਰ ਘੁਟ ਪਿਲਾ ਦਿੱਤੇ ਤੇ ਚੰਗੀ ਤਰਾਂ ਮੂੰਹ ਤੇ ਭੀ ਛਿੱਟੇ ਮਾਰੇ, ਕੁਝ ਮਿੰਟਾਂ ਪਿੱਛੋਂ ਰਾਣੀ ਲੂਣਾਂ ਨੇ ਬੜੀ ਹੀ ਸਹਿਜ ਨਾਲ ਕਰਵਟ ਬਦਲਣ ਦੀ ਕੋਸ਼ਸ਼ ਕੀਤੀ ਤੇ ਕੁਝਕੁ ਅੱਖਾਂ ਭੀ ਝਮਕੀਆਂ, ਹੁਣ ਵੈਦ ਜੀ ਆਪਣੀ ਕਾਰਾਗਰੀ ਜਤਲਾਉਣ ਲਈ ਹੌਲੀ ਜਿਹੀ ਬੋਲੇ-"ਰਾਜਨ! ਰਾਣੀ ਦੇ ਦਿਲ ਨੂੰ ਕੋਈ ਸਖਤ ਸਦਮੇ ਨੇ ਚੋਟ ਪਹੁੰਚਾਈ ਹੈ, ਹੁਣ ਖੈਰ ਹੈ ਤੇ ਕੋਈ ਫਿਕਰ ਵਾਲੀ ਗੱਲ ਨਹੀਂ, ਏਸੇ ਤਰਾਂ ਇਕ ਦੋ ਵਾਰੀ ਪੁੜੀਆਂ ਦੇਣ ਨਾਲ ਅਰੋਗਤਾ ਹੋ ਜਾਵੇਗੀ।" ਅਜੇ ਥੋੜਾ ਹੀ ਸਮਾਂ ਬੀਤਿਆ ਸੀ ਕਿ ਰਾਣੀ ਨੇ ਚੰਗੀ ਤਰਾਂ ਦੋਵੇਂ ਅੱਖਾਂ ਪੁਟੀਆਂ ਤੇ ਹੌਲੇ ਹੌਲੇ ਬੋਲਣ ਦੀ ਹਿੰਮਤ ਕਰਨ ਲੱਗੀ ਤੇ ਰਾਜੇ ਵੱਲ ਇਸ਼ਾਰਾ ਕਰਕੇ ਪੁਛਿਆ ਤੇ ਛਾਤੀ ਤੇ ਹੱਥ ਮਾਰਕੇ ਆਪਣੀ ਮੰਦ ਕਿਸਮਤ ਦਾ ਸਬੂਤ ਦਿੱਤਾ। ਰਾਜਾ ਵਾਰੀ ਤੇ ਘੋਲੀ ਜਾਣ ਲੱਗਾ ਤੇ ਮੂਰਛਤ ਦਸ਼ਾ ਤੋਂ ਵੱਲ ਹੋਣ ਦੀ ਖੁਸ਼ੀ ਵਿਚ ਵਿਖਾਈ ਦੇਣ ਲੱਗਾ। ਹੁਣ ਫੇਰ ਰਾਜੇ ਨੇ ਓਹੋ ਹੀ ਪੈਹਲਾ ਪ੍ਰਸ਼ਨ ਕੀਤਾ ਕਿ ਮੇਰੇ ਦਿਲ ਨੂੰ ਤਦ ਹੀ ਚੈਨ ਆਵੇਗੀ ਜਦ ਮੈਂ ਤੇਰੇ ਏਸ ਦੁਖ ਦਾ ਕਾਰਨ ਲੱਭ ਲਵਾਂਗਾ।

Digitized by Panjab Digital Library | www.panjabdigilib.org

# ਲੂਣਾਂ ਨੇ ਰਾਜੇ ਨੂੰ ਪੂਰੰਡ ਕ੍ਰੋਧ ਵਿਚ ਲਿਆਉਣ ਦਾ ਯਤਨ ਕਰਨਾ

੧੮.

ਅੰਤ ਲੂਣਾਂ ਕੁਝ ਚਿਰ ਠਹਿਰਕੇ ਬੋਲੀ ਹੇ ਮੇਰੇ ਪ੍ਰਾਣਾਂ ਤੋਂ ਵਧੀਕ ਪਿਆਰੇ ਰਾਜਾ ਜੀ ! ਮੇਰਾ ਜਿਊਣਾ ਹੁਣ ਮੇਰੇ ਵੱਸ ਨਹੀਂ, ਮੇਰੇ ਸਵਾਸ ਹੁਣ ਪੂਰੇ ਹੋ ਚੁਕੇ ਹਨ। ਜਿਸ ਇਸਤ੍ਰੀ ਦੇ ਸਤ ਦਾ ਸੌਦਾ ਵਿਕ ਜਾਣ ਦੇ ਖਤਰੇ ਵਿੱਚ ਹੋ ਜਾਵੇ ਉਸ ਦੀ ਕੱਲ ਭੀ ਮੌਤ ਤੇ ਅੱਜ ਭੀ ਮੌਤ, ਮੇਰੇ ਨਾਲ ਧੋਖਾ ਤੇ ਜ਼ੁਲਮ ਹੋਇਆ ਹੈ, ਮਾਪਿਆਂ ਨੇ ਤੇਰੇ ਦਰ ਤਾਹ ਦਿੱਤੀ ਕਿ ਤੂੰ ਮੇਰਾ ਰਾਖਾ ਬਣ, ਮੇਰੇ ਸਤੀ ਧਰਮ ਨੂੰ ਅੰਤ ਤੀਕ ਹੱਥ ਦੇਕੇ ਬਚਾ ਰੱਖੇਂਗਾ, ਪਰ ਓਹਨਾਂ ਦੇ ਖਿਆਲ ਸੋਲਾਂ ਆਨੇ ਉਕੇ ਹੀ ਝੂਠੇ ਨਿਕਲੇ। ਤੇਰੇ ਪਿਛੇ ਮਾਪਿਆਂ ਦਾ ਪਿਆਰ ਛੱਡਿਆ, ਭਰਾਵਾਂ ਦਾ ਪ੍ਰੇਮ ਤੇ ਤੋਤਲੀਆਂ ਗਲਾਂ ਛੱਡੀਆਂ। ਜੇਹੜੇ ਨਾਗ ਨੂੰ ਤੂੰ ਦੁੱਧ ਪਿਆ ਪਿਆ ਕੇ ਪਾਲਿਆ ਹੈ, ਅੱਜ ਓਹੋ ਹੀ ਕਰੂੰਡੀਆ ਮੈਨੂੰ ਡੱਸ ਗਿਆ ਹੈ, ਉਸਦੀ ਗੱਲ ਮੈਨੂੰ ਜ਼ਹਿਰ ਦੀ ਨਿਆਈਂ ਭਾਸੀ ਤੇ ਲੂੰ ਲੂੰ ਵਿੱਚ ਧਸ ਗਈ ਹੈ, ਰਾਜਾ ਜੇਹੜਾ ਪੁੱਤ੍ਰ ਮਾਪਿਆਂ ਦੀ ਇੱਜ਼ਤ ਨੂੰ ਹੱਥ ਪਾਵੇ ਉਸ ਨੂੰ ਕੱਸ ਕੇ ਤੀਰ ਮਾਰੀਏ। ਜੇ ਮੈਂ ਸਾਰੀ ਗੱਲ ਖੋਲ੍ਹਕੇ ਦੱਸਾਂ ਤਾਂ ਜਹਾਨ ਦੀ ਸਵਾਹ ਸਾਰੀ ਤੇਰੇ ਸਿਰਹੀ ਦੁਨੀਆਂ ਪਾਵੇਗੀ, ਪਰ ਮੈਂ ਭਾਵੇਂ ਕਿਡੀ ਸ਼ਰਮਾਂਦੀ ਹਾਂ ਤੇ ਨਹੀਂ ਚਾਹੁੰਦੀ ਕਿ ਐਸੀ ਦੁਖ ਭਰੀ ਤੇ ਬੇਹਯਾਈ ਦੀ ਵਿਥਿਆ ਨੂੰ ਤੇਰੇ ਅੱਗੇ ਪ੍ਰਗਟ ਕਰਾਂ ਪਰ ਧਰਮ ਪਤਨੀ ਹੋਣ ਦੀ ਹੈਸੀਅਤ ਵਿਚ

Digitized by Panjab Digital Library | www.panjabdigilib.org

ਮੇਰਾ ਫਰਜ਼ ਹੈ ਕਿ ਮੈਂ ਵਿਸਥਾਰ ਸਹਿਤ ਏਸ ਸਾਰੇ ਦੁਖ ਨੂੰ ਤੇਰੇ ਅੱਗੇ ਫੋਲ ਧਰਾਂ। ਜਦੋਂ ਹੀ ਮੈਂ ਚੰਡਾਲ ਪੁਤਰ ਪੂਰਨ ਦੇ ਮੱਥੇ ਲੱਗੀ ਤਦੋਂ ਦਾ ਹੀ ਮੇਰਾ ਏਹ ਹਾਲ ਹੋ ਗਿਆ ਹੈ ਤੇ ਮੈਂ ਉਸੇ ਦਮ ਦੀ ਮੂਰਛਾ ਹੋਈ ਪਈ ਹਾਂ। ਹੇ ਰਾਜਨ! ਭਲਾ ਤੁਸੀ ਹੀ ਦੱਸੋ ਪੁਤਰ ਭੀ ਮਾਵਾਂ ਨਾਲ ਹਸ ਹਸ ਕੇ ਕਲੋਲ ਕਰਦੇ ਹਨ ਤੇ ਗਲਵੱਕੜੀਆਂ ਪਾਉਣ ਲਈ ਪੈਰ ਵਧਾਉਂਦੇ ਹਨ, ਏਹ ਉਸੇ ਪੁਤਰ ਦੀ ਹੀ ਅੱਜ ਮੈਂ ਆਪਨੂੰ ਵਿਥਯਾ ਸੁਣਾ ਰਹੀ ਹਾਂ ਜਿਸਨੇ ਅਜੇ ਕੱਲ ਹੀ ਤੇਰੇ ਸਾਹਮਣੇ ਰਾਜ ਦਰਬਾਰ ਵਿੱਚ ਵਿਆਹ ਕਰਾਉਣ ਤੋਂ ਨਾਂਹ ਕਰਕੇ ਤੇਰੀ ਅੱਖੀਂ ਘੱਟਾ ਪਾਯਾ ਸੀ।

ਸਾਲਵਾਹਨ ਐਸੀ ਗਜ਼ਬ ਦੀ ਲੂੰ ਕੰਡੇ ਕਰ ਦੇਣ ਵਾਲੀ ਵਿਥਯਾ ਨੂੰ ਸੁਣ ਦੇਂਦੀਆਂ ਕਰੀਚ ਬੁੱਲ੍ਹ ਟੁੱਕਣ ਲੱਗਾ ਤੇ ਲੂਣਾ ਵੱਲ ਮੂੰਹ ਕਰਕੇ ਬੋਲਿਆ, ਸੱਚ ਹੈ ਜੇਹੜੀ ਔਰਤ ਮਰਦ ਤੋਂ ਭੇਦ ਛੁਪਾ ਰੱਖੇ ਉਹ ਅਸਲ ਅਣਜਾਣ ਤੇ ਪਤੀ-ਬ੍ਰਿਤ ਨਹੀਂ ਹੁੰਦੀ, ਜੇਹੜੀ ਖਸਮ ਦੇ ਸਾਹਮਣੇ ਨਿੱਤ ਬੋਲ ਬੇਅਦਬੀ ਕਰੇ ਉਹ ਭੀ ਸੱਚ ਜਾਣੀਂ ਔਰਤ ਕਲਾ ਕਲੇਸ਼ ਦਾ ਘਰ ਹੁੰਦੀ ਹੈ। ਮੈਂ ਤੇਰੇ ਪਤੀਬ੍ਰਤ ਭਾਵ ਤੇ ਦਿਲੋਂ ਖੁਸ਼ ਹਾਂ, ਤੂੰ ਜੋ ਮੈਨੂੰ ਸਾਰੀ ਸਿਰ ਬੀਤੀ ਅੱਖਰ ਅੱਖਰ ਸੱਚੋ ਸੱਚ ਕਹਿ ਸੁਣਾਈ ਹੈ, ਯਾਦ ਰੱਖ ਮੈਂ ਉਸਦਾ ਇਨਸਾਫ ਚੰਗੀ ਤਰਾਂ ਜਾਂਚ ਪੜਤਾਲ ਕਰਕੇ ਸੋਲਾਂ ਆਨੇ ਠੀਕ ਠੀਕ ਕਰਾਂਗਾ, ਯਕੀਨ ਰੱਖ ਜੇ ਸਾਲਵਾਹਨ ਨੇ ਆਪਣੇ ਪੁੱਤ੍ਰ ਨੂੰ ਹਰਾਮਖੋਰੀ ਦੇ ਬਦਲੇ ਸਜ਼ਾ ਨਾ ਦਿੱਤੀ ਤਾਂ ਪਰਜਾ ਮੇਰੇ ਹੁਕਮ ਦਾ ਸਿੱਕਾ ਕਿਸਤਰਾਂ ਮੰਨੇਗੀ? ਮੈਂ ਠੀਕ ਪਿਛਲੇ ਜੁਗ ਕੋਈ ਉਪੱਦ੍ਰਵ ਪਾਪ ਤੇ ਮੰਦੇ ਕਰਮ ਕੀਤੇ ਹਨ ਜਿਨ੍ਹਾਂ ਦਾ ਫਲ ਮੈਨੂੰ ਐਸੀ ਹਾਲਤ

Digitized by Panjab Digital Library | www.panjabdigilib.org

ਨੂੰ ਪਹਿਚਾਣ ਵਾਲਾ ਪਤ੍ਰ ਪੱਲੇ ਪਿਆ ਹੈ, ਕੀਹ ਏਹ ਸੱਚ ਹੈ ਅੱਜ ਉਹ ਪੂਰਨ ਧਰਮੋਂ ਗਿਰ ਗਿਆ ਜੇਹੜਾ ਕੱਲ ਮਨੂੰ ਦਰਬਾਰ ਵਿੱਚ ਇਨਸਾਨ ਦੇ ਜੀਵਨ ਦੇ ਅੱਡੋ ਅੱਡ ਰੇਭਾਗ ਤਥਾ ਬ੍ਰਹਮ ਚਰਯ, ਗ੍ਰਹਿਸਤ ਧਰਮ, ਬਾਨ ਪ੍ਰਸਤਿ ਆਦਿਕਾਂ ਦੇ ਝਾਕੇ ਦਿਖਾਉਂਦਾ ਸੀ? ਠੀਕ ਸੱਚ ਮੁੱਚ ਏਹ ਉਹੋ ਹੀ ਪੂਰਨ ਹੈ? ਉਦੰਬਰ ਫਲ ਦਾ ਢਿਡ ਪਾਟਾ ਹੈ ਤਦੇ ਹੀ ਇਹ ਕਿਰਮ ਸੁਰਬਲ ਸੁਰਬਲ ਕਰਦੇ ਦਿਖਾਈ ਦੇਂਦੇ ਹਨ। ਅੱਜ ਪੂਰਨ ਦੀ ਨੀਤ ਬਦਲ ਗਈ, ਲੂਣਾਂ ਸੱਚੀ ਹੈ ਤ੍ਰੀਮਤ ਅਬਲਾ ਹੈ ਕੀਹ ਕਰੇ, ਇਕ ਅਬਲਾ ਨਾਰੀ ਦੀ ਪੁਕਾਰ ਪਤੀ ਤੋਂ ਛੁੱਟ ਹੋਰ ਕਿੱਥੇ ਹੈ? ਮੇਰਾ ਧਰਮ ਹੈ ਕਿ ਮੈਂ ਇਸ ਨਾਲ ਨੌ ਸ਼ੇਰਵਾਂ ਵਾਲਾ ਇਨਸਾਫ ਕਰਾਂ। ਰਾਜਾ ਏਹ ਮਨੋਵਾਦ ਕਰ ਹੀ ਰਿਹਾ ਸੀ ਕਿ ਲੂਣਾਂ ਆਪਣੇ ਮੈਸਮਰੇਜ਼ਮ ਦਾ ਜਾਦੂ ਚਲਦਾ ਦੇਖ ਬੋਲ ਉਠੀ, ਰਾਜਾ ਮੈਂ ਸੱਚ ਕਹਿੰਦੀ ਹਾਂ ਪੂਰਨ ਨੇ ਜੋ ਮੇਰੇ ਨਾਲ ਜ਼ੁਲਮ ਕਮਾਇਆ ਹੈ ਉਹ ਕਹਿਣ ਤੇ ਸੁਨਣ ਤੋਂ ਬਾਹਰ ਹੈ, ਜਹਾਨ ਨੂੰ ਸੁਫਨੇ ਵਾਂਗ ਜਾਣਕੇ ਮੈਂ ਘੂਕ ਸੁੱਤੀ ਪਈ ਸਾਂ, ਤਾਹੀਓਂ ਖਬਰ ਜੋ ਤੇਰੇ ਏਸ ਟਿੱਕੇ ਪੂਰਨ ਨੇ ਮੈਨੂੰ ਪਲੰਘ ਤੋਂ ਔਰਤਾਂ ਵਾਂਗ ਵੀਨੀਓਂ ਤੋਂ ਆ ਫੜਿਆ, ਮੈਂ ਹੱਕੀ ਬੱਕੀ ਸ਼ਰਮ ਨਾਲ ਗ਼ਰਕਦੀ ਗਈ ਪਰ ਏਹ ਲੋਕ ਲਾਜ ਯਾ ਤੇਰੇ ਡਰ ਤੋਂ ਮੂਲ ਨਹੀਂ ਡਰਿਆ, ਮੇਰਾ ਚਿੱਤ ਸ਼ੀਸ਼ੇ ਵਾਂਗ ਸਾਫ ਸੀ ਏਸ ਖੋਟੀ ਵਾਸ਼ਨਾਂ ਪ੍ਰਗਟ ਕਰ ਮੇਰੇ ਅਡੋਲ ਦਿਲ ਨੂੰ ਆ ਹਿਲਾਇਆ ਅਰ ਅਦਬ ਅਦਾਬ ਤੋਂ ਸਖਨਾ ਹੋ ਮੁੜ ਅਗਾਂਹ ਵਧ ਮੇਰੀ ਛਾਤੀ ਵਲ ਹੀ ਵਧਦਾ ਗਿਆ, ਹੇ ਮੇਰ ਸਿਰਤਾਜ ਜੀ! ਮੈਂ ਉਸਦੀ ਕੋਹੜੀ ੨ ਉਪੱਦਰ ਭਰੀ ਹਰਕਤ ਦੱਸਾਂ, ਕਲੇਜਾ ਉੱਛਲਦਾ

ਤੇ ਮੂੰਹ ਨੂੰ ਆਉਂਦਾ ਹੈ। ਰਾਣੀ ਦੀ ਐਸੀ ਤੇਜ਼ ਭੜਖਾਉਂਣ ਵਾਲੀ ਰਮਜ਼ ਹੁਣ ਫਾਲ ਪੈ ਚੁੱਕੀ ਸੀ, ਉਸਦੀ ਨਰਦ ਟਿਕਾਣੇ ਲੱਗ ਚੁੱਕੀ ਸੀ ਤੇ ਰਾਜੇ ਨੂੰ ਪੂਰਾ ਪੂਰਾ ਨਿਸਚਾ ਹੋ ਚੁੱਕਾ ਸੀ, ਹੁਣ ਲੋਹੇ ਲਾਖੇ ਹੋਯਾ ੨ ਸਾਲਵਾਹਨ ਬੋਲਿਆ ਕਿ ਲੂਣਾਂ! ਪੂਰਨ ਅੱਜ ਦੀ ਰਾਤ ਭਾਵੇਂ ਸੁੱਖਾਂ ਦੀ ਕੱਟ ਲਵੇ ਪਰ ਨਾ ਕਲ ਪੂਰਨ ਹੋਵੇਗਾ ਤੇ ਨਾ ਉਸਦੇ ਜਨਮ ਦੇਨ ਵਾਲੀ ਇੱਛਰਾਂ ਹੋਵੇਗੀ, ਨਾ ਇੱਛਰਾਂ ਸੱਪਣੀ ਮੇਰੇ ਮਹਿਲਾਂ ਵਿੱਚ ਹੁੰਦੀ ਤੇ ਨਾ ਏਹ ਕਰੂੰਡੀਆ ਮੇਰੇ ਘਰ ਜੰਮਦਾ, ਅਜੇਹੇ ਪੁੱਤ੍ਰ ਨਾਲੋਂ ਮੈਂ ਔਤਰਾ ਹੀ ਮਰ ਜਾਂਦਾ ਤਾਂ ਚੰਗਾ ਸੀ।

# ਪੂਰਨ ਦੇ ਕਤਲ ਲਈ ਸਾਲਵਾਹਨ ਦਾ ਬਚਨ ਦੇਣਾ

## ੧੯.

ਹੁਣ ਲੂਣਾਂ ਰਾਜੇ ਨੂੰ ਹੋਰ ਪਕਿਆਂ ਕਰਨ ਦਾ ਵੇਲਾ ਤਾੜਕੇ ਬੋਲੀ ਹੇ ਰਾਜਾ! ਏਸ ਜਹਾਨ ਤੇ ਕੇਹੜਾ ਪੁੱਤ੍ਰ ਨੂੰ ਮਰਵਾਉਂਣ ਵਾਲਾ ਜੰਮਿਆਂਹੈ,ਮੇਰੇ ਵਰਗੀਆਂ ਇਸਤ੍ਰੀਆਂ ਦਾ ਆਪ ਨੂੰ ਕੀ ਘਾਟਾ ਹੈ? ਆਪ ਆਪਣੀ ਬੁਢਾਪੇਵਿੱਚ ਪੂਰੀ ਹੋਈ ੨ ਸੱਧਰ ਨੂੰ ਕਿਸਤਰਾਂ ਅੱਖਾਂ ਅੱਗੋਂ ਦੂਰ ਕਰ ਸਕਦੇ ਹੋ? ਪੁੱਤ੍ਰ ਬਿਨਾਂ ਤਾਂ ਨਰਕ ਵਿੱਚ ਭੀ ਢੋਹੀ ਨਹੀਂ ਮਿਲਦੀ ਤੇ ਮਾਪੇ ਮਰਨ ਪਿੱਛੋਂ ਕੇਵਲ ਪੁੱਤ੍ਰ ਹੀ ਨਿਸ਼ਾਨ ਹੁੰਦੇ ਹਨ। ਦਸਰਥ ਵਾਂਗ ਸਾਰੇ ਰਾਜੇ ਨਾ ਹੋਏ ਜੇਹੜੇ ਰਾਮ ਵਰਗਿਆਂ ਨੂੰ ਭੀ ਇਨਸਾਫ ਕਰ ਬਨਬਾਸ ਭੁਗਾ ਗਏ, ਉੱਤੋਂ ਤਾਂ ਭਾਵੇਂ ਤੁਸੀਂ ਏਥੇ ਮੇਰੇ ਨਾਲ ਕਿੰਨੇ ਹੀ ਕੌਲ ਕਰਾਰ ਕਰ ਜਾਓ

ਪਰ ਸੱਚ ਹੈ ਕਿ ਪੁੱਤ੍ਰ ਦੀ ਮਮਤਾ ਬੁਰੀ ਹੁੰਦੀ ਹੈ, ਮਾਪੇ ਖੋਟੇ ਤੋਂ ਖੋਟੇ ਪੁੱਤ੍ਰਾਂ ਨੂੰ ਭੀ ਅੱਖਾਂ ਅੱਗੋਂ ਉਹਲੇ ਨਹੀਂ ਕਰ ਸਕਦੇ, ਤੂੰ ਤਾਂ ਰਾਜਾ ਅਨੇਕਾਂ ਗਿਣਤੀਆਂ ਤੋਂ ਬਾਹਰ ਸੁੱਖਣਾਂ ਸੁੱਖਕੇ ਕੇਵਲ ਇਕ ਹੀ ਪੁੱਤ੍ਰ ਪ੍ਰਾਪਤ ਕੀਤਾ ਹੈ। ਹੱਛਾ, ਸਾਡੇ ਨਾਲ ਰੱਬ ਨੇ ਕੀਤੀ ਹੈ, ਬੰਦਾ ਉਸਦੇ ਬਦਲੇ ਸਜ਼ਾ ਦੇਣ ਵਾਲਾ ਕੌਣ ਜੰਮਿਆ ਹੈ ?

ਹੁਣ ਰਾਜੇ ਸਾਲਵਾਹਨ ਦੀ ਹੋਰ ਭੀ ਪ੍ਰਚੰਡ ਕ੍ਰੋਧ ਦੀ ਅਗਨੀ ਤੇਜ਼ ਹੋਗਈ ਤੇ ਆਪੇ ਤੋਂ ਬਾਹਰ ਹੋਕੇ ਬੋਲਿਆ— ਰਾਣੀ ! ਯਾਦ ਰੱਖ, ਮੈਂ ਉਹ ਇਨਸਾਨ ਹਾਂ ਜੋ ਇਕ ਵਾਰ ਹੀ ਵੇਖਣ ਨਾਲ ਤੇ ਸੁਣਨ ਨਾਲ ਗੱਲ ਦੀ ਅਸਲ ਸਚਾਈ ਲੱਭ ਲੈਂਦਾ ਹਾਂ, ਮੈਨੂੰ ਤੂੰ ਏਡਾ ਭੋਲਾ ਤੇ ਅਕਲ ਤੋਂ ਸੱਖਣਾਂ ਨਾ ਸਮਝ, ਮੈਂ ਅਕਸਰ ਫੇਰ ਰਾਜਾ ਹਾਂ, ਰਾਜ ਕਰਦਾ ਹਾਂ, ਰਾਤ ਦਿਨ ਆਦਮੀ ਚਾਰਦਾ ਹਾਂ, ਅਦਲ ਕਰਦਾ ਹਾਂ, ਸੈਂਕੜੇ ਅਜੇਹੇ ਝੇੜੇ ਨਿੱਤ ਨਿਪਟਾਂਦਾ ਹਾਂ, ਮੈਂ ਤੇਰਾ ਭੀ ਪੂਰਾ ਪੂਰਾ ਇਨਸਾਫ ਕਰਾਂਗਾਂ ਤੇ ਜੇ ਮੇਰਾ ਪੁੱਤ੍ਰ ਅਖਾਉਣ ਵਾਲਾ ਮੇਰੇ ਖਾਨਦਾਨ ਨੂੰ ਕਲੰਕਤ ਕਰਨ ਵਾਲਾ, ਬੋਦੀ ਵਾਲੇ ਤਾਰੇ ਦਾ ਭਾਈਵਾਲ ਪੂਰਣ ਦੋਸ਼ੀ ਹੋਇਆ ਤਾਂ ਮੈਂ ਉਸਦੇ ਡੱਕਰੇ ਕਰਵਾ ਚੌਹੀਂ ਦਰਵਾਜ਼ੀਂ ਟੰਗਵਾ ਦੇਵਾਂਗਾ। ਦੁਨੀਆਂ ਦੇਖੇਗੀ ਕਿ ਸਾਲਵਾਹਨ ਨੇ ਨੌਸ਼ੇਰਵਾਂ ਵਾਲਾ ਇਨਸਾਫ ਕਰਕੇ ਕਿਸ ਤਰਾਂ ਦੁੱਧ ਪਾਣੀ ਨਿਤਾਰਿਆ ਹੈ, ਕਾਠ ਦੀ ਹਾਂਡੀ ਇਕ ਵਾਰ ਹੀ ਚੜ੍ਹਦੀ ਹੈ, ਹੇ ਮੇਰੀ ਪ੍ਰਿਯ ਲੂਣਾਂ ! ਤੂੰ ਬਿਲਕੁਲ ਨਿਸਚੇ ਕਰਕੇ ਜਾਣ, ਮੇਰੀਆਂ ਏਹਨਾਂ ਗੱਲਾਂ ਨੂੰ ਕੱਲ ਸਵੇਰੇ ਵੇਖੀਂ, ਹੁਣ ਰਾਤ ਦੁੱਖ ਸੁੱਖ ਨਾਲ ਜਿਵੇਂ ਬੀਤਦੀ ਹਈ

Digitized by Panjab Digital Library | www.panjabdigilib.org

ਬਿਤਾ ਲੈ ਤੇ ਕੱਲ੍ਹ ਏਸ ਜ਼ੁਲਮ ਦਾ ਸੁਵਾਦ ਤੇਰੇ ਸਾਹਮਣੇ ਉਸ ਪੂਰਨ ਨੂੰ ਚਖਾਵਾਂਗਾ।

ਲੂਣਾਂ ਫੇਰ ਰਾਜੇ ਤੋਂ ਬਚਨ ਲੈਣ ਵਾਸਤੇ ਬੋਲੀ ਹੇ ਰਾਜਨ! ਮੁਖ ਤੋਂ ਨਿਕਲੇ ਸੁਖਨ ਨੂੰ ਸਿਰੇ ਚਾੜ੍ਹਕੇ ਮੇਰੇ ਨਾਲ ਇਨਸਾਫ ਕਰੀਂ, ਰੱਬ ਹੋਰ ਸਾਨੂੰ ਬਦਖਸ਼ਾਂ ਦਾ ਲਾਲ ਹੀਰਾ ਦੇ ਦੇਵੇਗਾ, ਪਰ ਏਸ ਕਰੂੰਡੀਏ ਦਾ ਦਰਸ਼ਨ ਫੇਰ ਮੈਨੂੰ ਜਨਮ ਭਰ ਨਾਂ ਕਰਾਵੀਂ, ਤੇਰੇ ਇਸਤਰਾਂ ਦਾ ਇਨਸਾਫ ਕਰਨ ਨਾਲ ਪਰਜਾ ਦੇ ਲੋਕਾਂ ਨੂੰ ਭੀ ਕੰਨ ਹੋ ਜਾਣਗੇ ਤੇ ਮੇਰੇ ਵਰਗੀਆਂ ਕਿਸਮਤ ਦੀਆਂ ਮਾਰੀਆਂ ਮਾਵਾਂ ਦੀ ਇੱਜ਼ਤ ਨੂੰ ਹੱਥ ਪਾਣ ਦਾ ਹੌਂਸਲਾ ਅਜੇਹੇ ਪਾਪੀ ਪੁੱਤ੍ਰ ਨਾਂ ਕਰ ਸਕਣਗੇ। ਇਸ ਪ੍ਰਕਾਰ ਬਚਨ ਦੇਕੇ ਰਾਜਾ ਸੌਂਣ ਨੂੰ ਤਾਂ ਸੌਂ ਗਿਆ ਪਰ ਨੀਂਦਰ ਕਿੱਥੋਂ ਆਵੇ? ਕਰਵਟ ਤੇ ਕਰਵਟ ਬਦਲਦਾ ਹੈ, ਮਸਾਂ ਮਸਾਂ ਰਾਤ ਅੱਧੀ ਹੀ ਅਜੇ ਬੀਤੀ ਸੀ ਕਿ ਰਾਜਾ ਜਿਵੇਂ ਸੁੱਤਾ ਹੋਯਾ ਆਦਮੀ ਅੱਬੜਵਾਯਾ ਬੋਲ ਉਠਦਾ ਹੈ ਬੋਲ ਉਠਿਆ:—ਦੁਸ਼ਟ ਪੂਰਨਾਂ! ਹੁਣ ਤੂੰ ਕਿੱਥੇ ਜਾ ਸਕਦਾ ਹੈਂ? ਸਵੇਰੇ ਤੇਰੀਆਂ ਮੇਰੀਆਂ ਗੱਲਾਂ, ਵੇਖੀਂ ਤੈਨੂੰ ਤੇਰੀ ਏਸ ਬੇਹੁਰਮਤੀ ਦਾ ਕੀ ਮਜ਼ਾ ਚਖਾਉਂਦਾ ਹਾਂ। ਬੱਸ ਇਵੇਂ ਹੀ ਨੀਮ ਪਾਗ਼ਲਾਂ ਵਾਂਗ ਰਾਜਾ ਸਾਲਵਾਹਨ ਰਾਤ ਭਰ ਟਿਕਵੀਂ ਨੀਂਦ ਨਹੀਂ ਸੌਂ ਸਕੇ, ਹੁਣ ਸਵੇਰ ਸਾਰ ਦਾ ਵੇਲਾ ਹੁੰਦਾ ਜਾਂਦਾ ਹੈ ਤੇ ਪਲ ਘੜੀ ਨੂੰ ਪਹੁ ਫੁਟਾਲਾ ਹੋਯਾ ਕਿ ਹੋਯਾ ਤੇ ਪੂਰਨ ਜਤੀ ਦੀ ਨਿਖੁੱਟੀ ਕਿਸਮਤ ਦਾ ਝਗੜਾ ਚਲਿਆ ਕਿ ਚਲਿਆ।

Digitized by Panjab Digital Library | www.panjabdigilib.org

# ਕਚਹਿਰੀ ਵਿੱਚ ਪੂਰਨ ਨਾਲ ਇਨਸਾਫ

੨੦.

ਸਿਆਲਕੋਟ ਦੇ ਰਾਜੇ ਸਾਲਵਾਹਨ ਦੀ ਕਚਹਿਰੀ ਦੇਖਣ ਵਾਲਿਆਂ ਨਾਲ ਖਚਾਖੱਚ ਭਰਪੂਰ ਹੈ, ਤਿਲ ਸੁੱਟਣ ਨੂੰ ਜਗਾ ਨਹੀਂ, ਇਕ ਵੱਡੇ ਸਾਰੇ ਸਿੰਘਾਸਨ ਤੇ ਰਾਜਾ ਸਾਲਵਾਹਨ ਸਿਰ ਤੇ ਬੜਾ ਹੀ ਆਲੀਸ਼ਾਨ ਤਾਜ ਪਹਿਨਕੇ ਅਮੀਰਾਂ ਵਜ਼ੀਰਾਂ ਦੇ ਘੇਰੇ ਵਿੱਚ ਘਿਰੇ ਹੋਏ ਬੈਠੇ ਦਿਖਾਈ ਦੇ ਰਹੇ ਹਨ, ਪਾਸ ਰਾਜ ਮੰਤ੍ਰੀ ਭੀ ਬੈਠੇ ਡੂੰਘੀਆਂ ਸੋਚਾਂ ਵਿੱਚ ਪਏ ਹਨ, ਤੇ ਆਪਣੀ ਕਿਸਮਤ ਦਾ ਅੰਤਮ ਫੈਸਲਾ ਸੁਣਨ ਲਈ ਯੋਗੀ ਰਾਜ ਕੁਮਾਰ ਪੂਰਨ ਜੀ ਦੋਵੇਂ ਹੱਥ ਜੋੜੇ ਸੀਸ ਨਿਵਾਈ ਪਿਤਾ ਦੇ ਸਾਹਮਣੇ ਖੜੇ ਦਿਖਾਈ ਦੇ ਰਹੇ ਹਨ, ਦ੍ਰਿਸ਼ਟੇ ਰਾਜੇ ਦੇ ਮੂੰਹ ਵੱਲ ਦੇਖ ਰਹੇ ਹਨ ਕਿ ਪੂਰਨ ਨਾਲ ਰਾਜਾ ਕੀ ਇਨਸਾਫ ਕਰਦਾ ਹੈ, ਦੇਖਦਿਆਂ ੨ ਹੀ ਇਕ ਡਰਾਉਣੀ ਅਵਾਜ਼ ਰਾਜਾ ਜੀ ਦੇ ਮੂੰਹੋਂ ਨਿਕਲੀ:—

"ਹੇ ਦੁਸ਼ਟ ਚੰਡਾਲ ਮੇਰੀ ਕੁਲ ਨੂੰ ਕਲੰਕਤ ਕਰਨ ਵਾਲੇ! ਤੂੰ ਜਿਸ ਦਿਨ ਦਾ ਮੇਰੇ ਘਰ ਜਨਮ ਲਿਆ ਹੈ ਮੈਨੂੰ ਛਿਨ ਭਰ ਭੀ ਸੁਖ ਤੇ ਚੈਨ ਨਹੀਂ ਲੈਣ ਦਿੱਤਾ, ਬਾਰਾਂ ਵਰ੍ਹੇ ਭੋਰੇ ਵਿੱਚ ਰਿਹੋਂ ਤੇ ਨਿਕਲਦਿਆਂ ਹੀ ਚੁੱਕ ਏਹ ਕਰਤੂਤ ਘੋਲੀ ਊ, ਜਿਸ ਵਿਆਹ ਲਈ ਮੈਂ ਤੇ ਮੰਤ੍ਰੀ ਆਦਿਕ ਹੋਰ ਸਾਰੇ ਪ੍ਰੇਰਨਾਂ ਕਰ ਰਹੇ ਸਾਂ ਉਸਦਾ ਅੱਜ ਸ਼ੌਕ ਕੁੱਦ ਪਿਆ ਹਈ? ਕੀ ਮਾਤਾ ਤੋਂ ਛੁਟ ਹੋਰ ਕਿਸੇ ਦੀ ਸੇਜ ਨਹੀਂ ਸੀ? ਕੀ ਤੈਨੂੰ ਲੂਣਾਂ ਦੀ ਸੇਜ ਹੀ ਯਾਦ ਰਹਿ ਗਈ ਸੀ? ਉਹ ਇੱਜ਼ਤ ਜੋ ਦੜੀ ਲੱਖੀਂ ਹੱਥ ਨਹੀਂ ਆਉਂਦੀ ਅੱਜ ਤੂੰ ਖ਼ਾਕ

Digitized by Panjab Digital Library | www.panjabdigilib.org

ਵਿੱਚ ਰਲਾਕੇ ਮੇਰਾ ਸੱਤਿਆਨਾਸ ਕਰ ਦਿੱਤਾ ਹੈ, ਕਾਸ਼! ਤੇਰੇ ਵਰਗੇ ਪੁੱਤ੍ਰ ਦੁਨੀਆਂ ਵਿੱਚ ਪੈਦਾ ਹੋਣ ਤੋਂ ਪਹਿਲਾਂ ਹੀ ਕਿਉਂ ਨਾ ਧਰਤ ਅਕਾਸ਼ ਗ਼ਰਕ ਹੋ ਗਏ ?" ਅੱਗੋਂ ਹੱਥ ਜੋੜਕੇ ਪੁੱਤ੍ਰ ਪੂਰਨ ਜੀ ਬੋਲੇ—'ਹੇ ਮੇਰੇ ਸਿਰ ਦੇ ਛਤ੍ਰ ਤੇ ਜਨਮ ਦਾਤਾ ਪਿਤਾ ਜੀ! ਪੂਰਨ ਪੁੱਤ੍ਰ ਆਪ ਦੇ ਤੁਖਮ ਤੋਂ ਪੈਦਾ ਹੋਕੇ (ਸੱਚ ਜਾਣੋਂ ਦੁਨੀਆਂ ਬਦਲ ਜਾਵੇ ਤਾਂ ਭਾਵੇਂ ਬਦਲ ਜਾਵੇ) ਆਪਣੇ ਜਾਨ ਤੋਂ ਪਿਆਰੇ ਧਰਮਨੂੰ ਕਦੇ ਨਹੀਂ ਭੁੱਲ ਸਕਦਾ, ਹੇ ਪਿਤਾ ਜੀ! ਹਮੇਸ਼ਾਂ ਪੂਰਨ ਦੀ ਨਜ਼ਰ ਨੀਵੀਂ ਰਹਿੰਦੀ ਹੈ, ਪੂਰਨ ਨੇ ਕਦੇ ਭੀ ਕਿਸੇ ਇਸਤ੍ਰੀ ਵੱਲ ਨਜ਼ਰ ਭਰਕੇ ਨਹੀਂ ਵੇਖਿਆ, ਪਿਤਾ ਜੀ! ਤੁਸੀਂ ਅੱਜ ਇਸਤ੍ਰੀ ਦੇ ਕਹੇ ਲੱਗਕੇ ਪੂਰਨ ਦੇ ਸੱਤ ਵਿੱਚ ਭਰਮ ਚਿੱਤੀ ਠਾਣ ਬੈਠੇ ਹੋ, ਕੀਹ ਸਿਅਲਕੋਟ ਦੀ ਧਰਤੀ ਸੱਚ ਮੁੱਚ ਅਜੇਹੇ ਹੀ ਕਲੰਕਾਂ ਜੋਗੀ ਰਹਿ ਗਈ ਹੈ ? ਮੇਰੇ ਤੋਂ ਪਹਿਲਾਂ ਭੀ ਇਸੇ ਨਗਰੀ ਵਿੱਚ ਸੱਚੀ ਧਰਮ ਦੀ ਸ਼ਮਾਂ ਤੋਂ ਪ੍ਰਵਾਨ ਹੋ ਚੁੱਕੇ ਹਕੀਕਤ ਰਾਇ ਨਾਲ ਐਸਾ ਹੀ ਇਨਸਾਫ ਹੋਯਾਸੀ ਜਿਹਾਕਿਅੱਜ ਪਤਾ ਜੀ ਅ ਪ ਹੱ ਮੇਰੇ ਨਾਲਹੋਣਦੀ ਆਸਹੈ, ਉਹ ਅੱਜ ਤੱਕ ਪੰਜਾਬੀਆਂ ਦੀਆਂ ਨਸਲਾਂ ਦੇ ਦਿਲਾਂ ਵਿੱਚ ਨਕਸ਼ ਹੋਯਾ ੨ ਚਲਿਆ ਆਉਂਦਾ ਹੈ, ਹੇ ਪਿਤਾ ਜੀ! ਮੇਰੇ ਧਰਮ ਵਿਚਰਾਈ ਜਿੰਨਾਂ ਭੀ ਫਰਕ ਨਹੀਂ ਆਯਾ, ਮੇਰਾ ਧਰਮ ਉਸੇਤਰਾਂ ਅਟੱਲ ਹੈ ਜਿਵੇਂ ਪੈਹਿਲਾਂ ਸ, ਅੱਜਜਿਨ੍ਹਾਂ ਔਰਤਾਂਦੇ ਮਗਰਲੱਗਕੇ ਮੇਰੇ ਨਾਲਜ਼ੁਲਮ ਦਾ ਇਨਸਾਫ ਕਰਨ ਲੱਗੇਹੋ,ਏਹ ਉਹ ਹੋਣੀਆਂ ਹਨ ਕਿ ਕੀੜੀ ਨਾਲ ਹਾਥੀ ਭਿੜਾਦੇ, ਪਿਤਾ ਪੁੱਤ੍ਰ, ਭਰਾ ੨ ਨੂੰ ਲੜਾਕੇ ਆਪੋ ਵਿੱਚ ਟਕਰਾਕੇ ਮਰਵਾ ਦਿੰਦੀਆਂ ਹਨ। ਹੇ ਰਾਜ ਦ ਤਖ਼ਤ ਪ ਬੈਠ ਕੇ ਭੀਪਿਤਾ ਜੀ ਆਪ ਪੂ ਰਾ-
Digitized by Panjab Digital Library | www.panjabdigilib.org

ਤਨ ਹੋਣੀਆਂ ਜੋ ਪਿਛਲੀਆਂ ਹੋ ਬੀਤੀਆਂ ਮਤ੍ਰੇਈਆਂ ਦੇ ਹੱਥੋਂ ਮੇਰੇ ਵਰਗੇ ਅੱਲ੍ਹੜ ਕੁਮਾਰਾਂ ਨਾਲ ਵਰਤੀਆਂ ਸਨ ਸਾਰੀਆਂ ਭੁੱਲ ਗਏ ਹੋ ? ਕੀ ਕਕੇਈ ਨੇ ਰਾਮ ਚੰਦ੍ਰ ਵਰਗੇ ਮਹਾਂ ਬੀਰ ਧਰਮੱਗਜ ਅਵਤਾਰ ਨੂੰ ਬਨਬਾਸ ਦਿਵਾਕੇ ਰਾਜ ਪਾਟ ਦਾ ਬੇੜਾ ਗਰਕ ਕਿਵੇਂ ਕਰਵਾ ਦਿੱਤਾ ਸੀ, ਆਪ ਨੂੰ ਯਾਦ ਨਹੀਂ ? ਏਹਨਾਂ ਔਰਤਾਂ ਦੇ ਸਦਕੇ, ਕੇਹੜੇ ੨ ਵਸਦੇ ਘਰ ਉਜਾੜ ਨਹੀਂ ਬਣਗਏ। ਹੁਣ ਰਾਜਾ ਜੀ ਗੁੱਸੇ ਨਾਲ ਪ੍ਰਚੰਡ ਹੋ ਬੋਲੇ, ਪੁਤ੍ਰ ! ਤੂੰ ਮੇਰੇ ਸ਼ਿਕਮੋਂ ਪੈਦਾ ਹੋ ਮੈਨੂੰ ਹੀ ਛਲਨ ਦੀ ਕੋਸ਼ਸ਼ ਨਾਂ ਕਰ, ਤੇਰਾ ਹੁਣ ਦਾਣਾ ਪਾਣੀ ਏਸ ਦੁਨੀਆਂ ਤੋਂ ਨਿਖੁੱਟ ਗਿਆ ਹੈ, ਹੁਣ ਬਹੁਤੇ ਮਕਰ ਤੇ ਮੰਤਕ ਛਾਂਟਣ ਦੀ ਬਾਹਲੀ ਲੋੜ ਨਹੀਂ ਭਾਸਦੀ, ਜੇ ਕਿਸੇ ਸ਼ੈ ਨੂੰ ਦਿਲ ਭੜਕਦਾ ਹੈ ਤਾਂ ਪੂਰੀ ਕਰ ਲੈ, ਜੇ ਕਿਸੇ ਯਾਰ ਮਿੱਤ੍ਰ ਨੂੰ ਮਿਲਨਾਂ ਹੈ ਤਾਂ ਮਿਲ ਲੈ, ਕਿਉਂ ਜੋ ਤੇਰੇ ਲਈ ਹੁਣ ਕਈ ਬਚਨ ਦਾ ਰਸਤਾ ਨਹੀਂ, ਤੂੰ ਮੇਰੇ ਘਰ ਪੈਦਾ ਹੋਕੇ ਮੇਰੀ ਕੁਲ ਨੂੰ ਵੱਟਾ ਲਾ ਦਿੱਤਾ ਹੈ, ਹੁਣ ਦਸ ਬਜ ਹਨ ਤੇ ਮੈਂ ਬਾਰਾਂ ਵਜੇ ਪੂਰੇ ਜੱਲਾਦਾਂ ਵੱਲ ਹੁਕਮ ਲਿਖਕੇ ਤੇਰੇ ਕਤਲ ਕਰ ਦੇਣ ਲਈ ਘੱਲ ਦੇਣਾ ਹੈ, ਬਾਕੀ ਕੇਵਲ ਦੋ ਘੰਟੇ ਹਨ, ਤੇਰੀ ਜਾਨ ਬਖਸ਼ੀ ਹੋਣ ਦਾ ਹੁਣ ਕੋਈ ਸਾਧਨ ਬਾਕੀ ਨਹੀਂ, ਏਸ ਲਈ ਮੈਨੂੰ ਧੋਖਾ ਦੇਕੇ ਛਲਣ ਦੀ ਕੋਸ਼ਸ਼ ਕਰਨੀ ਨਿਸ਼ਫਲ ਹੈ।

## ਧਰਮ ਦੀ ਦ੍ਰਿੜ੍ਹਤਾ

### ੨੧.

ਪੂਰਨ ਜੀ ਦੇ ਮੁਖ ਤੇ ਵਿੱਦਿਅਤਾ ਦਗ ੨ ਕਰ ਰਹੀ ਹੈ ਜੋ ਭਗਤ ਜਨਾਂ ਵਿੱਚ ਅਜੇਹੀ ਕੁਰਬਾਨੀ ਸਮੇਂ ਕੁਦਰਤੀ ਜੋਤ

ਦਾ ਪ੍ਰਕਾਸ਼ ਸੁਤੇ ਸਿਧ ਹੀ ਹੋ ਜਾਂਦਾ ਹੈ, ਅੱਜ ਉਹ ਇਨ੍ਹਾਂ ਦੇ ਚੇਹਰੇ ਪਰ ਭੀ ਦਿਖਾਈ ਦੇ ਰਿਹਾ ਹੈ ਤੇ ਲਿਵ ਪ੍ਰਭੂ ਦੇ ਚਰਨਾਂ ਵਿੱਚ ਜੁੜ ਰਹੀ ਹੈ ਤੇ ਕਹਿ ਰਹੇ ਹਨ ਕਿ ਪਿਤਾ ਜੀ! ਭਾਵੇਂ ਆਪ ਦਾ ਇਰਾਦਾ ਮੇਰੇ ਕਤਲ ਕਰਨ ਲਈ ਤੁੱਲ ਚੁੱਕਾ ਹੈ, ਭਾਵੇਂ ਮੈਨੂੰ ਬੇਦੋਸੇ ਨੂੰ ਕਿਸਮਤ ਨੇ ਘੇਰਾ ਪਾ ਹਾਰ ਦੇ ਦਿੱਤੀ ਹੈ, ਭਾਵੇਂ ਮੈਨੂੰ ਆਪਣੇ ਜਨਮ ਦਾਤਾ ਪਿਤਾ ਦੇ ਹੱਥੋਂ ਭੀ ਇਨ-ਸਾਫ ਦਾ ਖਾਤਮਾਂ ਹੋ ਚੁੱਕਾ ਨਜ਼ਰ ਆ ਰਿਹਾ ਹੈ, ਪਰ ਹੇ ਪਿਤਾ! ਆਪ ਦਾ ਪੁੱਤ੍ਰ ਪੂਰਨ ਧਰਮ ਤੋਂ ਇੰਚ ਭਰ ਵੀ ਪਿੱਛੇ ਪੈਰ ਨਹੀਂ ਪਰਤੇਗਾ, ਪੂਰਨ ਜਤ ਸਤ ਨਿਬਾਹਕੇ ਇੰਵ ਦਿਖਾਵੇਗਾ ਕਿ ਇਸ ਤੋਂ ਪਿੱਛੋਂ ਆਵਣ ਵਾਲੀਆਂ ਨਸਲਾਂ ਏਸ ਰਾਮ ਕਹਾਣੀ ਨੂੰ ਗੀਤ ਬਨਾਬਨਾਕੇ ਗਾਉਣਗੀਆਂ। ਮੇਰਾ ਸਤ ਧਰਮ ਉਹ ਹੈ ਜਿਸ ਨੂੰ ਆਪ ਈਸ਼ਵਰ ਨੇ ਹੱਥ ਦੇਕੇ ਬਚਾਯਾ ਹੈ, ਮੇਰਾ ਜਤ ਸਤ ਕਾਇਮ ਹੈ, ਇਸ ਲਈ ਮੈਨੂੰ ਆਪਣੇ ਧਰਮ ਪਰ ਵਿਸ਼ਵਾਸ ਹੈ, ਮੈਨੂੰ ਦ੍ਰਿੜ੍ਹਤਾ ਹੈ, ਜੇ ਆਪ ਮੇਰੀ ਅੰਤਮ ਅਜ਼ਮਾਇਸ਼ ਕਰਨ ਦੀ ਚਾਹ ਰੱਖਦੇ ਹੋ ਤਾਂ ਭਰੀ ਸਭਾ ਵਿੱਚ ਤੇਲ ਦਾ ਕੜ੍ਹਾਹਿਆ ਗਰਮ ਕਰਵਾਕੇ ਲਾਲ ਅੰਗਾਰੇ ਵਰਗੇ ਸੜਦੇ ਤੇਲ ਵਿੱਚ ਦੋਵੇਂ ਹੱਥ ਡੋਬਕੇ ਪ੍ਰੀਖਯਾ ਕਰਕੇ ਦੇਖਲਵੋ, ਜੇ ਮੈਂ ਜਤੀ ਹੋਵਾਂਗਾ ਤਾਂ ਮੇਰੀ ਭਗਵਾਨ ਆਪ ਰੱਖਿਆ ਕਰੇਗਾ ਤੇ ਜੇ ਮੇਰੇ ਵਿੱਚ ਕਿਸੇ ਤਰਾਂ ਦਾ ਖੋਟ ਹੋਵੇਗਾ ਤਾਂ ਮੈਂ ਉਸੇ ਕੜਾਹੇ ਵਿੱਚ ਆਪਣੇ ਪਾਪ ਦੀ ਸਜ਼ਾ ਭੁਗਤਦਾ ਹੋਯਾ ਜਲ ਬਲਕੇ ਖ਼ਾਕ ਰੂਪ ਹੋ ਖ਼ਾਕ ਵਿੱਚ ਸਮਾ ਜਾਵਾਂਗਾ। ਹੁਣ ਜਦ ਦ੍ਰਿਸ਼ਕਾਂ ਨੇ ਅਜੇਹੇ ਪਿਤਾ ਪੁੱਤ੍ਰ ਦੇ ਉੱਤਰ ਪ੍ਰਸ਼ਨ ਸੁਣੇ ਤਾਂ ਅਨੇਕਾਂ ਨੇ ਤਾਂ ਮੂੰਹ ਵਿੱਚ ਉਂਗਲਾਂ ਪਾ ਲਈਆਂ, ਕਈਆਂ ਨੇ ਮੱਥੇ ਤੇ ਹੱਥ ਰੱਖ ਲਏ ਤੇ ਦਿਲ ਵਿੱਚ ਪੂਰਨ ਨੂੰ ਕਸੂਰ ਵਾਰ

Digitized by Panjab Digital Library | www.panjabdigilib.org

ਠਹਿਰਾਉਂਣ ਲੱਗੇ ਕਿ ਸ਼ਾਇਦ ਪੂਰਨ ਦਾ ਧਰਮ ਗਲ ਗਿਆ ਹੋਵੇ। ਏਸ ਅਥਾਹ ਸਮੁੰਦਰ ਵਿੱਚ ਵੱਡੇ ੨ ਰੁੜ੍ਹ ਗਏ ਤੇ ਇਹ ਵਿਚਾਰਾ ਕਿਸਦਾ ਪਾਣੀ ਹਾਰ ਹੈ ? ਤੇ ਕਈ ਇਕ ਬੰਦੇ ਢਾਣੀਆਂ ਬਣਾਈ ਇਹ ਭੀ ਕਹਿ ਰਹੇ ਸਨ ਕਿ ਪੂਰਨ ਧਰਮੀ ਹੈ, ਏਹ ਲੂਣਾਂ ਦਾ ਮਕਾਰੀ ਛੱਲ ਹੈ, ਵਿਚਾਰੇ ਧਰਮੀ ਪੁੱਤਰ ਦਾ ਅੱਜ ਰਾਜਾ ਲਹੂ ਵੀਟਣ ਲੱਗਾ ਹੈ, ਐਸਾ ਭਜਾਨਕ ਤੇ ਦਰਦਨਾਕ ਨਜ਼ਾਰਾ ਬਣ ਰਿਹਾ ਸੀ ਕਿ ਹਰੇਕ ਵੇਖਣ ਵਾਲੇ ਦਾ ਦਿਲ ਛੇਤੀ ਤੋਂ ਛੇਤੀ ਇਸ ਜ਼ੁਲਮ ਦੀ ਦਾਸਤਾਨ ਦਾ ਖਾਤਮਾਂ ਵੇਖਣ ਦਾ ਚਾਹਵਾਨ ਹੋ ਰਿਹਾ ਸੀ, ਇਕ ਦੂਜੇ ਨੂੰ ਪਿੱਛੇ ਕਰ ਹੋਰ ਕੋਈ ਅੱਗੇ ਵਧ ਏਸ ਸੰਬਾਦ ਨੂੰ ਸੁਣਨ ਲਈ ਉਤਾਵਲਾ ਹੋ ਰਿਹਾ ਸੀ। ਹੁਣ ਰਾਜਾ ਜੀ ਬੋਲੇ ਕਿ ਬੱਸ ਪੂਰਨ ਪੁੱਤ੍ਰਾ ! ਸਾਡਾ ਤੇਰਾ ਹੁਣ ਅੰਤ ਹੋ ਚੁਕਾ ਹੈ, ਮੈਂ ਆਪਣੇ ਪੁੱਤ੍ਰ ਦੇ ਹੱਥੋਂ ਐਹੋ ਜਿਹਾ ਉਪੱਦ੍ਰਵ ਹੁੰਦਾ ਵੇਖ ਕਦਾਚਿੱਤ ਨਹੀਂ ਸਹਾਰ ਸਕਦਾ ਤੇ ਹੁਕਮ ਦਿੰਦਾ ਹਾਂ ਕਿ ਤੈਨੂੰ ਅੱਜ ਪੂਰੇ ਬਾਰਾਂ ਬਜੇ ਕਤਲ ਕਰ ਦਿੱਤਾ ਜਾਵੇ, ਤੇਰੇ ਕਤਲ਼ ਤੋਂ ਮੇਰੀ ਹਕੂਮਤ ਦੀ ਜੜ੍ਹ ਪੁਖਤਾ ਹੋ ਜਾਵੇਗੀ, ਇਨਸਾਫ ਦੇ ਨੁਕਤਾ ਨਿਗਾਹ ਤੋਂ ਮੇਰਾ ਇਨਸਾਫ ਨੌਸ਼ੇਰਵਾਂ ਨਾਲੋਂ ਕੁਝ ਘੱਟ ਨਹੀਂ ਗਿਣਿਆਂ ਜਾਵੇਗਾ, ਪੁੱਤ੍ਰ ! ਤੇਰੀ ਮੌਤ ਮੇਰੀ ਕੁਲ ਦਾ ਦੀਵਾ ਤਾਂ ਭਾਵੇਂ ਗੁੱਲ ਕਰ ਜਾਵੇਗੀ ਪਰ ਦੁੱਧ ਪਾਣੀ ਦਾ ਨਿਸਤਾਰਾ ਸਾਲਵਾਹਨ ਦੇ ਸਿੱਕੇ ਵਾਂਗ ਪਰਜਾ ਸਦਾ ਮੰਨੇਗੀ, ਪੁੱਤ੍ਰ ! ਹੁਣ ਮਾਂ ਦੀ ਸੇਜ ਮਾਣਨ ਦਾ ਫਲ ਮੌਤ ਤੋਂ ਛੁੱਟ ਹੋਰ ਕੁਝ ਨਹੀਂ, ਸੋ ੧੧ ਬਜ ਚੁਕੇ ਹਨ, ਕੇਵਲ ਇਕ ਘੰਟਾ ਬਾਕੀ ਹੈ, ਇਤਨੇ ਚਿਰ ਵਿੱਚ ਕੀਤੇ ਪਾਪਾਂ ਦਾ ਪ੍ਰਾਸ਼ਚੱਤ ਨਿਰੰਕਾਰ ਦੀ ਦਰਗਾਹ ਵਿੱਚੋਂ ਕਰ ਲੈ, ਜਾਪ ਤਾਪ

Digitized by Panjab Digital Library | www.panjabdigilib.org

ਜੋ ਕਰਨਾ ਹਈ ਕਰ ਲੈ, ਬਾਰਾਂ ਬਜੇ ਤੇਰੇ ਕਰਮ ਰੇਖ ਦਾ ਭਾਂਡਾ ਫੁੱਟ ਜਾਵੇਗਾ।

# ਰਾਣੀ ਇੱਛਰਾਂ ਦਾ ਵਿਰਲਾਪ

## ੨੨.

ਹੁਣ ਕਿਸਮਤ ਮਾਰੀ ਇੱਛਰਾਂ ਅੱਗੇਵਧੀ ਤੇ ਬੋਲੀ ਕਿ ਹੇ ਰਾਜਨ ! ਇਨਸਾਫ ਕਰ ਤੇ ਹੋਸ਼ ਸੰਭਾਲ, ਕਿਉਂ ਲੂਣਾਂ ਤੱਤੀ ਦੇ ਮਕਰ ਵਿੱਚ ਆ ਧਰਮ ਪੁੱਤ੍ਰ ਦੀ ਰੱਤ ਨਾਲ ਹੱਥ ਰੰਗਣ ਲੱਗਾ ਹੈਂ ? ਜਿਸ ਰਾਜ ਤਖਤ ਦਾ ਮਾਨ ਕਰਦਾ ਹੈਂ ਏਹ ਸਾਰਾ ਰਾਜ ਪਾਟ ਮੈਂ ਇਕ ਆਹ ਨਾਲ ਗ਼ਰਕ ਕਰ ਦਿਆਂਗੀ,ਧਰਮੀ ਪੁੱਤਰ ਦੀ ਮੌਤ ਤੋਂ ਯਾਦ ਰੱਖ ਤੂੰ ਕਦੀ ਸੁਖ ਨਹੀਂ ਪਾਵੇਂਗਾ।

ਜ਼ਰਦ ਵਸਾਰ ਵਰਗੀ ਪੀਲੀ ਹੋਈ ੨ ਇੱਛਰਾਂ ਆਪਣੇ ਧਰਮੀ ਪੁੱਤਰ ਦੀ ਜਾਨ ਬਖਸ਼ੀ ਕਰਵਾਉਂਣ ਲਈ ਮਿੰਨਤਾਂ ਕਰ ਰਹੀ ਹੈ, ਪਰ ਕਿਸੇ ਅਮੀਰ ਵਜ਼ੀਰ ਦਾ ਹੌਂਸਲਾ ਨਹੀਂ ਪੈਂਦਾ ਕਿ ਰਾਜੇ ਦੇ ਪ੍ਰਚੰਡ ਕ੍ਰੋਧ ਅੱਗੇ ਕੁਝ ਬੋਲ ਸਕੇ, ਕੁਝ ਅਰਜ਼ ਕਰ ਸਕੇ, ਸਾਰੇ ਸਭਾ ਦੇ ਦ੍ਰਿਸ਼ਟੇ ਤੇ ਐਹਲਕਾਰ ਦਿਲੋਂ ਭਾਵੇਂ ਐਸੇ ਉਪੱਦਰ ਪਰ ਹੰਝੂ ਕੇਰਦੇ ਹਨ, ਪਰ ਪ੍ਰਤੱਖ ਕਿਸੇ ਦੀ ਕੀਹ ਮਜਾਲ ਹੈ ਜੋ ਰਾਜੇ ਨੂੰ ਐਸੀ ਮਹਾਂ ਹੱਤਿਆ ਤੋਂ ਵਰਜ ਸਕੇ। ਏਸੇ ਤਰਾਂ ਇੱਛਰਾਂ ਕੀਰਨੇ ਤੇ ਬਿਰਹੋਂ ਕਰਦੀ ਬਾਰ ਬਾਰ ਇਹੋ ਹੀ ਕਹੀ ਜਾਂਦੀ ਹੈ, "ਵੇ ਮੇਰੇ ਧਰਮੀ ਪੁੱਤਰ ਨੂੰ ਕੋਈ ਬਚਾਓ, ਮੇਰਾ ਹੀਰਾ ਮਿਰਗ ਅੱਜ ਕੁੱਸਣ ਲੱਗਾ ਜੇ, ਮੇਰਾ ਯੂਸਫ ਸਾਨੀ ਪੁੱਤਰ ਇਕ ਵਿਲਾਸਨੀ ਇਸਤ੍ਰੀ ਤੋਂ ਰਾਜਾ ਅੰਨ੍ਹਾਂ ਹੋਕੇ ਘੋਲ

Digitized by Panjab Digital Library | www.panjabdigilib.org

ਘੁਮਾਣ ਲੱਗਾ ਜੇ" ਪਰ ਉਸ ਅਨਾਥ ਰਾਣੀ ਦੀ ਚੀਕ ਪੁਕਾਰ ਕੌਣ ਸੁਣੇ ! ਅੰਤ ਰਾਜੇ ਦੇ ਕ੍ਰੋਧ ਨੇ ਹੁਕਮ ਦਿੱਤਾ ਕਿ ਏਸ ਨੂੰ ਕਚੈਹਰੀ ਵਿਚੋਂ ਬਾਹਰ ਕੱਢ ਦਿਓ। ਹੁਕਮ ਪਾਉਂਦਿਆਂ ਹੀ ਸਿਆਲ ਕੋਟ ਰਾਜ ਭਵਨ ਦੀ ਪਟਰਾਣੀ ਰਾਣੀ ਇੱਛਰਾਂ ਨੂੰ ਦਰਬਾਨ ਧੂਹ ਘਸੀਟ ਕੇ ਬਾਹਰ ਲੈ ਗਏ ਤੇ ਮੁੜ ਆ ਆਪੋ ਆਪਣੇ ਨੀਯਤ ਕੀਤੇ ਪੈਹਰਿਆਂ ਪਰ ਖੜੇ ਹੋ ਗਏ।

ਹੁਣ ਬਾਰਾਂ ਬਜ ਚੁਕੇ ਸਨ, ਵਕਤ ਪੂਰਾ ਹੋ ਚੁਕਾ ਸੀ, ਪੂਰਨ ਦੇ ਕਤਲ ਲਈ ਰਾਜਾ ਜੀ ਨੇ ਜਲਾਦਾਂ ਨੂੰ ਹੁਕਮ ਦੇ ਦਿੱਤਾ ਕਿ ਸ਼ਹਿਰੋਂ ਬਾਹਰ ਕੱਢਕੇ ਪੂਰਨ ਨੂੰ ਲੈ ਜਾਵੋ ਤੇ ਦੋਵੇਂ ਹੱਥ ਦੋਵੇਂ ਪੈਰ ਇਸਦੇ ਵੱਢਕੇ ਖੂਹੇ ਵਿਚ ਸਿਟ ਆਓ, ਭਾਵੇਂ ਜ਼ਮੀਨ ਵਿਚ ਗੱਡਕੇ ਇਸਨੂੰ ਤੀਰੀ ਲੇਖ ਕਰ ਨਿੱਤ ਦੀ ਅਲਖ ਚੁਕਾ ਆਓ।

ਐਸੇ ਕੈਹਰ ਤੇ ਜ਼ੁਲਮ ਦਾ ਹੁਕਮ ਸੁਣਕੇ ਸਭ ਵਜ਼ੀਰ ਗੁੰਮ ਦੇ ਗੁੰਮ ਹੀ ਰਹਿ ਗਏ, ਹੁਣ ਆਪੋ ਵਿਚ ਇਸ਼ਾਰਿਆਂ ਵਿਚ ਏਹ ਫੈਸਲਾ ਹੋਇਆ ਕਿ ਏਸ ਜ਼ੁਲਮ ਵੱਲੋਂ ਹੋੜਨ ਲਈ ਰਾਜੇ ਨੂੰ ਉਪਦੇਸ਼ ਕਰਨਾ ਚਾਹੀਦਾ ਹੈ। ਏਸ ਫੈਸਲੇ ਦੇ ਹੋਣ ਸਾਰ ਇਕ ਸਰਲ ਸੁਭਾਵ ਸਿਆਣੇ ਰਾਜ ਮੰਤ੍ਰੀ ਜੀ ਉੱਠਕੇ ਬੋਲੇ-"ਹੇ ਰਾਜਨ ! ਪੂਰਨ ਆਪਦਾ ਧਰਮੀ ਪੁੱਤ੍ਰ ਹੈ, ਏਸ ਦੀ ਜਾਨ ਬਖਸ਼ੀ ਕਰਨੀ ਹੀ ਠੀਕ ਹੈ। ਬਾਲ ਉਮਰਾ ਵਿਚ ਕਾਮ ਨਹੀਂ ਫੁਰਦਾ, ਐਸੇ ਭਰਮ ਵਿਚ ਪੈਕੇ ਆਪਆਪਣੇ ਸਰਬੰਸ ਨੂੰ ਨਾਸ ਨਾ ਕਰੋ। ਨੀਤੀ ਦੇ ਬਰਖਿਲਾਫ ਐਸਾ ਹੁਕਮ ਬਿਨਾਂ ਲੰਮੀ ਸੋਚ ਵਿਚਾਰ ਦੇ ਦੇਣਾ ਬਹੁਤ ਹਾਨੀ-ਕਾਰਕ ਹੈ।" ਪਰ ਕ੍ਰੋਧ ਨਾਲ ਅੰਧੇ ਹੋਏ ੨ ਰਾਜੇ ਨੂੰ ਕੋਈ ਗੱਲ, ਕੋਈ ਉਪਦੇਸ਼, ਕੋਈ ਸਿੱਖਯਾ ਨਹੀਂ ਪੋਂਹਦੀ ਤੇ

Digitized by Panjab Digital Library | www.panjabdigilib.org

ਉਹ ਉਸੇ ਤਰਾਂ ਆਪਣੇ ਜੋਸ਼ ਵਿਚ ਆਇਆ ਹੋਯਾ ਮੰਤ੍ਰੀ ਨੂੰ ਭੀ ਪੂਰਨ ਦਾ ਤਰਫਦਾਰ ਸਮਝਕੇ ਬੁਰਾ ਭਲਾ ਕਹਿੰਦਾ ਹੈ। ਅੰਤ ਸਿਆਣਾ ਮੰਤ੍ਰੀ ਜਦ ਦੇਖ ਚੁਕਾ ਕਿ ਰਾਜਾ ਏਸ ਹੱਤਯਾ ਕਾਂਡ ਤੋਂ ਹੱਥ ਨਹੀਂ ਸੰਕੋਚਦਾ ਤਾਂ ਟੁੱਟੇ ਦਿਲ ਚੁਪ ਚਾਪ ਕਰਕੇ ਆਪਣੀ ਨੀਯਤ ਥਾਉਂ ਤੇ ਆ ਬੈਠਾ। ਹੁਣ ਚਾਰੇ ਪਾਸੇ ਸੱਨਾਟੇ ਦਾ ਰਾਜ ਦਿਖਾਈ ਦੇ ਰਿਹਾ ਹੈ। ਯੋਗੀ ਰਾਜ ਕੁਮਾਰ ਦੇ ਬਚਾਉ ਲਈ ਕੋਈ ਸਾਧਨ ਬਾਕੀ ਨਹੀਂ ਰਿਹਾ ਜੋ ਉਸ ਅਨਾਥ ਨੂੰ ਏਸ ਵਿਕਰਾਲ ਰੂਪ ਧਾਰੇ ਹੋਏ ਵਿਲਾਸਨੀ ਲੂਣਾਂ ਦੇ ਫੰਧੇ ਵਿੱਚ ਫਸੇ ਹੋਏ ਰਾਜੇ ਦੇ ਹੱਥਾਂ ਧਰਮੀ ਪੂਰਨ ਨੂੰ ਬਚਾ ਸਕੇ। ਹੁਣ ਰਾਜਾ ਫੇਰ ਆਪਣੇ ਪ੍ਰਚੰਡ ਕ੍ਰੋਧ ਦੇ ਵਸ ਹੋਕੇ ਜੱਲਾਦਾਂ ਵੱਲ ਮੂੰਹ ਕਰਕੇ ਬੋਲੇ ਕਿ ਜਦ ਮੈਂ ਤੁਹਾਨੂੰ ਇੱਕ ਵੇਰ ਹੁਕਮ ਦੇ ਚੁਕਾ ਹਾਂ ਕਿ ਪੂਰਨ ਨੂੰ ਲਿਜਾਕੇ ਹੱਥ ਪੈਰ ਵੱਢ ਦੇਵੋ ਤਾਂ ਫੇਰ ਹੁਣ ਢਿਲ ਕਿਉਂ ਲਾਈ ਜਾ ਰਹੀ ਹੈ ? ਚੰਡਾਲਾਂ (ਜੱਲਾਦਾਂ) ਨੂੰ ਦੂਸਰੀ ਵਾਰ ਤਾੜਨਾਂ ਐਸੀ ਗਰਜਵੀਂ ਤੇ ਡਰਾਵਣੀ ਅਵਾਜ਼ ਨਾਲ ਹੋਈ ਸੀ ਕਿ ਨਿੱਤ ਨਵੀਆਂ ਤੋਂ ਨਵੀਆਂ ਦੇਹਾਂ ਦੇ ਲਹੂ ਪੀਣ ਵਾਲੇ ਚੰਡਾਲ ਭੀ ਭੈ ਖਾ ਗਏ ਤੇ ਪੂਰਨ ਜਤੀ ਨੂੰ ਕਤਲਗਾਹ ਵੱਲ ਲੈ ਤੁਰੇ।

# ਜੱਲਾਦ

## ੨੩.

ਦੁਪੈਹਰ ਦੀ ਧੁੱਪ ਕੈਹਰ ਢਾ ਰਹੀ ਹੈ, ਮਨੁੱਖ ਮਾਤ੍ਰ ਤੇ ਪਸ਼ੂ ਪੰਛੀ ਸਾਰੇ ਹੀ ਬਿਆਕੁਲ ਨਜ਼ਰ ਆ ਰਹੇ ਹਨ। ਅਜੇਹੇ ਸਮੇਂ ਜਦਕਿ ਧਰਤੀ ਅੱਗ ਵਾਂਗ ਤਪਤ ਸੀ ਤਾਂ ਉਸਦੀ

Digitized by Panjab Digital Library | www.panjabdigilib.org

ਛਾਤੀ ਤੇ ਸਾਡੇ ਜਤ ਸਤ ਦੇ ਸਿਰਤਾਜ ਯੋਗੀ ਪੂਰਨ ਚੰਦ ਜੀ ਜੱਲਾਦਾਂ ਸਮੇਤ ਕਤਲਗਾਹ ਵੱਲ ਟੁਰੇ ਜਾ ਰਹੇ ਹਨ। ਹੁਣ ਦ੍ਰਿਸ਼ਟੇ ਕਚਹਿਰੀ ਤੋਂ ਹਟਕੇ ਰਾਜ ਕੁਮਾਰ ਪੂਰਨ ਜੀ ਦੇ ਮਗਰ ੨ ਕਤਲਗਾਹ ਵੱਲ ਟੁਰੇ ਜਾਂਦੇ ਦਿਖਾਈ ਦੇਂਦੇ ਹਨ।ਅੱਜ ਸਿਆਲਕੋਟ ਨਗਰੀ ਦੇ ਵਸਨੀਕਾਂ ਨੂੰ ਆਪੋ ਆਪਣੇ ਕੰਮ ਕਾਜ ਬਿਲਕੁਲ ਵਿਸਰੇ ਹੋਏ ਹਨ ਤੇ ਪੂਰਨ ਜੀ ਦੇ ਇਨਸਾਫ਼ ਵੱਲ ਅੱਖਾਂ ਲਾਈ ਬੈਠੇ ਹਨ ਤੇ ਚਿੱਤ ਵਿੱਚ ਸੋਚ ਰਹੇ ਹਨ ਕਿ ਵੇਖੀਏ ਵਿਚਾਰੇ ਬੇਦੋਸ਼ ਰਾਜ ਕੁਮਾਰ ਨਾਲ ਕੀ ਹਨੇਰ ਵਰਤਦਾ ਹੈ। ਕਈ ਤਰਾਂ ਦੇ ਲੋਕ ਅੱਡੋ ਅੱਡਰੀਆਂ ਟੋਲੀਆਂ ਬਨਾਕੇ ਏਸ ਜ਼ੁਲਮ ਦੀ ਦਾਸਤਾਨ ਪਰ ਤਰਾਂ ੨ ਦੇ ਆਪੋ ਆਪਣੇ ਖਿਆਲ ਪ੍ਰਗਟ ਕਰ ਰਹੇ ਹਨ ਕਿ ਅਚਾਨਕ ਇਕ ਖੁੱਲ੍ਹਾ ਰੜਾ ਤੇ ਮੈਦਾਨ ਦਿਖਾਈ ਦੇਣ ਲੱਗਾ।

ਬੱਸ ਏਹੋ ਹੀ ਰਾਜਕੁਮਾਰ ਪੂਰਨ ਜੀ ਦੇ ਯੋਗੀ ਖ਼ੂਨ ਨੂੰ ਵੀਟਣ ਵਾਲੀ ਨਿਰਦਈ ਧਰਤੀ ਸੀ, ਝੱਟ ਪੱਟ ਇਸ ਕਹਿਰ ਨੂੰ ਸਹਾਰਨ ਵਾਲੀ ਧਰਤੀ ਦਾ ਆ ਜਾਣਾ ਹੀ ਸੀ ਕਿ ਦੇਖਣ ਵਾਲੇ ਪਰਜਾ ਦੇ ਲੋਕ ਕਤਾਰ ਦਰ ਕਤਾਰ ਬਨਾਕੇ ਚੌਤਰਫਾ ਗੋਲ ਘੇਰਾ ਘੱਤਕੇ ਖੜੇ ਹੋ ਗਏ, ਦੁਨੀਆਂ ਟੁੱਟਕੇ ਘਰ ਬਾਹਰ ਵਿਸਾਰਕੇ ਇਸ ਹੱਤਜਾ ਕਾਂਡ ਦਾ ਦਰਦਨਾਕ ਨਜ਼ਾਰਾ ਦੇਖਣ ਲਈ ਜੁੜੀ ਹੋਈ ਸੀ ਤੇ ਯੋਗੀ ਪੂਰਨ ਜੀ ਦੇ ਅੰਤਲੇ ਸੁਆਸਾਂ ਦਾ ਅੰਤਮ ਖ਼ੂਨ ਵੀਟਦਾ ਦੇਖਣ ਦੀਆਂ ਘੜੀਆਂ ਗਿਣ ਰਹੀ ਸੀ, ਸੋ ਹੁਣ ਉਹ ਨਕਸ਼ਾ ਉਨ੍ਹਾਂ ਦੀਆਂ ਅੱਖਾਂ ਅੱਗੇ ਆਯਾ ਹੀ ਚਾਹੁੰਦਾ ਸੀ ਤੇ ਇਸ ਗੋਲ ਘੇਰੇ ਦੇ ਠੀਕ ਵਿਚਕਾਰ ਪੂਰਨ ਚੰਦ ਇਕ ਜੱਲਾਦ

Digitized by Panjab Digital Library | www.panjabdigilib.org

ਨਾਲ ਖਲੋਤੇ ਦਿਖਾਈ ਦੇ ਰਹੇ ਹਨ, ਦੂਸਰੇ ਨੇ ਹਥਕੜੀ ਹੱਥਾਂ ਵਿੱਚ ਪਾਈ ਹੋਈ ਹੈ ਤੇ ਜ਼ੰਜੀਰ ਆਪਣੇ ਮਜ਼ਬੂਤ ਹੱਥਾਂ ਨਾਲ ਪਕੜ ਰੱਖੀ ਹੈ।ਹੁਣ ਜੱਲਾਦ ਨੇ ਤੇਜ਼ ਸ਼ੂਕਦੀ ਨਾਗਣੀ ਕੱਢੀ ਜਿਸਦਾ ਲਿਸ਼ਕਾਰ ਅੱਖਾਂ ਨੂੰ ਚੁੰਧਿਆ ਰਿਹਾ ਸੀ। ਏਸ ਤੇਗ ਦੇ ਮਿਆਨ ਤੋਂ ਬਾਹਰ ਆਉਂਣ ਦੀ ਹੀ ਢਿੱਲ ਸੀ ਕਿ ਮਮਤਾ ਦੀ ਮਾਰੀ ਇੱਛਰਾਂ ਪੂਰਨ ਜੀ ਦੀ ਜਨਮ ਦਾਤੀ ਜੱਲਾਦਾਂ ਨੂੰ ਵਿਲਕ ੨ ਕੇ ਪੂਰਨ ਜੀ ਦੀ ਜਾਨ ਬਖਸ਼ੀ ਕਰਾਨ ਲਈ ਬੇਨਤੀਆਂ ਕਰਨ ਲੱਗੀ, ਜੱਲਾਦ ਦਰਦਨਾਕ ਝਿੜਕਾਂ ਦੇ ਦੇ ਕੇ ਅਨਾਥ ਬੇਬਸ ਇੱਛਰਾਂ ਨੂੰ ਨਿਰਾਸ ਕਰੀ ਜਾ ਰਹੇ ਹਨ ਤੇ ਕਹਿ ਰਹੇ ਹਨ ਕਿ ਜਾਹ ਜਾਹ ਹੁਣ ਤੇਰੇ ਕਰਮਾਂ ਨੇ ਜਦ ਹਾਰ ਦੇ ਦਿੱਤੀ ਤਾਂ ਸਾਡੇ ਕੀ ਵਸ ਹੈ ? ਪਰ ਇੱਛਰਾਂ ਲਗਾਤਾਰ ਆਪਣੇ ਪਿਆਰੇ ਪੁੱਤ੍ਰ ਦੀ ਜਾਨ ਬਚਾਉਂਣ ਲਈ ਯਤਨ ਕਰੀ ਜਾ ਰਹੀ ਹੈ, ਪੁੱਤ੍ਰ ਦੇ ਵਿਛੋੜੇ ਦੇ ਦਰਦ ਦੀ ਬ੍ਰਾਟ ਇੱਛਰਾਂ ਨੂੰ ਵਿਆਕੁਲ ਤੇ ਬੇਹਬਲ ਕਰਦੀ ਹੈ, ਸਾਰੇ ਵਜ਼ੀਰ ਅਮੀਰ ਏਸ ਨਿਰਦੋਸ਼ ਖੂਨ ਦੇ ਬਚਾਓ ਲਈ ਰਾਜੇ ਦੇ ਅਪਾਰ ਕ੍ਰੋਧ ਤੋਂ ਬਚਦੇ ਹੋਏ ਲੁਕਵੀਆਂ ਕੋਸ਼ਸ਼ਾਂ ਕਰ ਰਹੇ ਹਨ ਕਿ ਜਿਵੇਂ ਕਿਵੇਂ ਰਾਜੇ ਦਾ ਧਰਮੀ ਪੁੱਤ੍ਰ ਮਾਰਿਆ ਨਾ ਜਾਵੇ। ਏਧਰ ਰਾਣੀ ਇੱਛਰਾਂ ਭੀ ਸਿਰ ਤੋਂ ਲੈਕੇ ਪੈਰਾਂ ਤੱਕ ਆਪਣੇ ਸਪੁੱਤ੍ਰ ਪੁੱਤ੍ਰ ਦੇ ਬਚਾ ਲਈ ਜ਼ੋਰ ਲਗਾ ਰਹੀ ਹੈ, ਕਦੀ ਜੱਲਾਦਾਂ ਨੂੰ ਨਿਮਕ ਹਲਾਲ ਕਰਨ ਵਾਸਤੇ ਪ੍ਰੇਰਨਾਂ ਕਰਦੀ ਹੈ, ਕਦੀ ਪੂਰਨ ਜੀ ਦੀ ਨਿਰਦੋਸ਼ਤਾ ਦੀ ਤਸਵੀਰ ਖਿੱਚਦੀ ਹੈ ਤੇ ਕਦੀ ਆਪਣੇ ਆਪ ਨੂੰ ਔਤਰੀ ਹੋ ਜਾਣ ਦੇ ਕੀਰਨੇ ਪਾ ਪਾਕੇ ਜੱਲਾਦਾਂ ਦੇ ਕਸਾਈ ਦਿਲਾਂ ਨੂੰ ਪੂਰਨ ਜੀ ਦੇ ਛੁਡਾਉਂਣ ਲਈ ਪ੍ਰੇਰਨਾਂ ਕਰਦੀ ਹੈ। ਜਦ ਇੱਛਰਾਂ ਹਰ ਪ੍ਰਕਾਰ ਕੋਸ਼ਸ਼ਾਂ

Digitized by Panjab Digital Library | www.panjabdigilib.org

ਕਰ ਚੁੱਕੀ ਤਾਂ ਕਾਮਯਾਬ ਹੁੰਦੀ ਨਾ ਦੇਖ ਹਿੰਮਤ ਨਹੀਂ ਹਾਰਦੀ ਤੇ ਹੌਂਸਲਾ ਬੰਨ੍ਹਕੇ ਆਪਣੇ ਧਰਮ ਪੁੱਤ੍ਰ ਨੂੰ ਏਸਤਰਾਂ ਕਹਿੰਦੀ ਹੈ ਕਿ ਸੰਸਾਰ ਦੀ ਸਭ ਤੋਂ ਵਧੀਕ ਦਾਤ ਪੁੱਤ੍ਰ ਹੀ ਹੁੰਦੀ ਹੈ, ਲੋਕਾਂ ਦੇ ਘਰ ਦੋ ਦੋ ਚਾਰ ੨ ਹੁੰਦੇ ਹਨ, ਪਰ ਮੈਂ ਨਿਖੁੱਟੀ ਦੇ ਦਿਲ ਨੂੰ ਤੇ ਅੱਖਾਂ ਨੂੰ ਠਾਰਨ ਵਾਲਾ ਇੱਕੋ ਇਕ ਤੂੰ ਹੀ ਹੈਂ, ਕਿਸੇ ਤਰਾਂ ਭੀ ਹੋਵੇ ਤੇਰੀ ਜਿੰਦ ਬਖਸ਼ੀ ਹੀ ਜਾਂਦੀ ਤਾਂ ਮੇਰਾ ਕਲੇਜਾ ਠੰਢਾ ਰਹਿੰਦਾ, ਹੁਣ ਮੈਂ ਤੇਰੇ ਨਾ ਹੋਣ ਨਾਲ ਅੱਧੀ ਰਹਿ ਜਾਵਾਂਗੀ, ਤੇਰਾ ਨਾ ਹੋਣਾ ਮੇਰੇ ਲਈ ਮੌਤ ਨਾਲੋਂ ਭੀ ਵਧ ਹੋ ਜਾਵੇਗਾ, ਮੇਰੀਆਂ ਖੁਸ਼ੀਆਂ ਦਾ ਸਹਾਰਾ ਤੂੰਹੇਂ ਹੀ ਹੈਂ ।

# ਪੂਰਨ ਜੀ ਦਾ ਇੱਛਰਾਂ ਨੂੰ ਹੌਂਸਲਾਂ ਦੇਣਾ

## ੨੪.

ਏਸਤਰਾਂ ਦੀਆਂ ਨਿਰਾਸਤਾ ਭਰੀਆਂ ਗੱਲਾਂ ਪੂਰਨ ਜੀ ਨੂੰ ਆਪਣੀ ਉਸ ਗਿਆਨਵਾਨ ਮਾਤਾ ਦੇ ਮੂੰਹੋਂ ਜ਼ਹਿਰ ਸੁਨਾਈ ਦਿੰਦੀਆਂ ਹਨ ਤੇ ਉਹ ਜਤ ਸਤ ਦੀ ਸ਼ਮਾਂ ਤੋਂ ਕੁਰਬਾਨ ਹੋ ਚੁੱਕਾ ਪੁੱਤ੍ਰ ਆਪਣੀ ਪਿਆਰੀ ਪੂਜਯ ਮਾਤਾ ਪ੍ਰਤੀ ਇਸਤਰਾਂ ਬੋਲਦਾ ਹੈ ਕਿ ਹੇ ਮਾਤਾ ਜੀ ! ਤੁਸੀਂ ਹੀ ਕੱਲ ਮੈਨੂੰ ਧਰਮ ਦੇ ਬਚਾਉਂਣ ਲਈ ਉਪਦੇਸ਼ ਕਰ ਰਹੇ ਸਾਓ, ਤੁਸੀਂ ਹੀ ਕੱਲ ਆਪਣੇ ਆਪਨੂੰ ਧੰਨਭਾਗੀ ਵਡ ਭਾਗਣ ਸਮਝਦੇ ਸਾਉ, ਤੁਸੀਂ ਹੀ ਆਪਣੀ ਕੁੱਖ ਸਫਲੀ ਹੋ ਗਈ ਸਮਝਦੇ ਸਾਉ ਤੇ ਮੇਰੇ ਝੂਠੇ ਊਜ ਤੋਂ ਡੋਲੇ ਹਿਰਦੇ ਨੂੰ ਜ਼ਬਰਦਸਤ ਹੌਸਲਾ ਬਨ੍ਹਾਰਹੇਸਾਉ, ਅੱਜ ਕੀ ਕਲਾ ਵਰਤ ਗਈ ਹੈ ਕਿ ਤੁਸੀਂ ਏਸ ਅਸਾਰ ਸੰਸਾਰ ਦੀ ਮਮਤਾ ਵਿੱਚ ਪੈਕੇ ਮੈਨੂੰ ਆਪਣੀ ਦ੍ਰਿੜ੍ਹਤਾ ਤੋਂ ਡੇਗਣ

ਲਈ ਯਤਨ ਕਰ ਰਹੇ ਹੋ? ਤੇਰਾ ਇਤਨਾਂ ਮੋਹ ਮਾਯਾ ਦੇ ਜਾਲ ਵਿੱਚ ਫਸਨਾਂ ਬਿਅਰਥ ਹੈ, ਹੇ ਮਾਤਾ ਜੀ ! ਤੁਸੀਂ ਗਿਆਨਵਾਨ ਹੋ, ਸੋਚੋ ਤੇ ਸਮਝੋ, ਡੂੰਘੀ ਵਿਚਾਰ ਤੋਂ ਕੰਮ ਲਵੋ, ਮੇਰਾ ਤੇ ਤੁਹਾਡਾ ਏਹ ਮਾਂ ਪੁੱਤ ਦਾ ਸੰਬੰਧ ਕਰਮਗਤ ਅਨੁਸਾਰ ਹੋਣਾ ਬਿਧਨਾਂ ਨੇ ਲਿਖਿਆ ਸੀ ਸੋ ਹੋ ਗਿਆ, ਅਮਲ ਵਿੱਚ ਨਾ ਕੋਈ ਕਿਸੇ ਦੀ ਮਾਂ ਹੈ ਤੇ ਨਾ ਕੋਈ ਕਿਸੇ ਦਾ ਪੁੱਤ੍ਰ ਹੈ, ਸਭ ਥਾਂ ਕੇਵਲ ਵਾਹਿਗੁਰੂ ਨਿਰੰਕਾਰ ਨਿਰਾਕਾਰ ਦਾ ਹੀ ਸਰੂਪ ਹੈ, ਹਰ ਦਿਲ ਵਿੱਚ ਸਰਬੰ ਬ੍ਰਹਮ ਹੀ ਪ੍ਰਕਾਸ਼ ਕਰ ਰਿਹਾ ਹੈ, ਬੀਮਾਰੀਆਂ ਨਾਲ ਚੁੜ ਚੁੜਕੇ ਮਰਨ ਨਾਲੋਂ ਏਹ ਮੌਤ ਜੋ ਕੇਵਲ ਆਪਣੇ ਜਤ ਸਤ ਨੂੰ ਬਚਾਉਂਣ ਲਈ ਹੈ ਇਕ ਮੁਬਾਰਕ ਮੌਤ ਹੈ, ਇਹ ਉਹ ਮੌਤ ਹੈ ਜੋ ਕਦੇ ਕਦੇ ਕਿਸੇ ਭਾਗਾਂ ਵਾਲੇ ਨੂੰ ਹੀ ਪ੍ਰਾਪਤ ਹੋਯਾ ਕਰਦੀ ਹੈ, ਏਸ ਮੌਤ ਦੀ ਬਾਬਤ ਪੁਸਤਕਾਂ ਵਿੱਚ ਬੜੀ ਉੱਚ ਬਿਵਸਥਾ ਲਿਖੀ ਹੈਕਿ:–

"ਮਰਤਾ ਮਰਤਾ ਜਗ ਮੂਆ ਮਰ ਭਿ ਨ ਜਾਨੈ ਕੋਇ।
ਐਸੀ ਮਰਨੀ ਜੋ ਮਰੈ ਬਹੁਰਿ ਨ ਮਰਨਾ ਹੋਇ।" ਕੇਵਲ

ਮਾਤਾ ਜੀ ! ਇਹੋ ਮਰਨਾ ਹੈ ਜਿਸਦੇ ਮਰਨੇ ਨਾਲ ਬਹੁੜ ਮਰਨਾ ਨਹੀਂ ਹੁੰਦਾ, ਏਹ ਗੱਲ ਤੁਸੀਂ ਭੀ ਤੇ ਹੋਰ ਭੀ ਸਾਰੇ ਲੋਕ ਜਾਣਦੇ ਹਨ ਕਿ ਮੌਤ ਇਕ ਦਿਨ ਹਰਇਕ ਤੇ ਆਉਂਣੀ ਹੈ, ਤੇ ਜ਼ਰੂਰੀ ਹੈ ਕਿ ਉਸਦੇ ਪੰਜੇ ਵਿੱਚੋਂ ਕਿਸੇ ਤਰਾਂ ਭੀ ਛੁਟਕਾਰਾ ਨਹੀਂ ਹੋਣਾ, ਜੇ ਮੈਂ ਤੇਰੀ ਮਮਤਾ ਨੂੰ ਦੇਖਕੇ ਆਪਣੇ ਧਰਮ ਨੂੰ ਕਲੰਕ ਲੁਆ ਬੈਠਦਾ ਤੇ ਏਸ ਮੁਬਾਰਕ ਮੌਤ ਤੋਂ ਮੂੰਹ ਮੋੜ ਲੈਂਦਾ ਤਾਂ ਕੀ ਪਤਾ ਜੇ ਮੈਂ ਐਸੇ ਉਪੱਦਰ ਦੇ ਕਰ ਚੁੱਕਣ ਪਿੱਛੋਂ ਝੱਟ ਹੀ ਕਾਲ ਚੱਕਰ ਦੀ ਰਜ਼ਾ ਵਿੱਚ ਤੁਹਾਡੀਆਂ ਅੱਖਾਂ ਅੱਗੋਂ ਚੱਲ ਬਸਦਾ ?

Digitized by Panjab Digital Library | www.panjabdigilib.org

ਤਦ ਤੁਸੀਂ ਹੀ ਦੱਸੋ ਮੇਰੇ ਧਰਮ ਤਿਆਗਣ ਦਾ ਤੁਹਾਨੂੰ ਮੈਨੂੰ ਤੇ ਤੁਹਾਡੀ ਵੰਸ ਨੂੰ ਕੀਹ ਲਾਭ ਹੁੰਦਾ ? ਨਿਸਚੇ ਹੀ ਸੱਚ ਕਰਕੇ ਜਾਣੋਂ ਮਾਤਾ ਜੀ ! ਉਸ ਵੇਲੇ ਆਪਦੀ ਕੁੱਖ ਪਰ ਜੇਹੜੇ ਕਲੰਕ ਦਾ ਟਿੱਕਾ ਲਗਾਉਣ ਦਾ ਮਨਹੂਸ ਕਾਰਣ ਬਣਨਾਂ ਸੀ, ਉਸਤੋਂ ਭਗਵਾਨ ਨੇ ਆਪ ਹੱਥ ਦੇਕੇ ਬਚਾ ਲਿਆ। ਮੈਂ ਏਹ ਨਹੀਂ ਚਾਹੁੰਦਾ ਕਿ ਜਿਸ ਤੋਂ ਤੁਹਾਡੀ ਕੁੱਖ ਦੀ ਕੋਈ ਬੇਇਜ਼ਤੀ ਕਰ, ਮੈਂ ਤਾਂ ਸਗੋਂ ਏਹ ਚਾਹੁੰਦਾ ਹਾਂ ਕਿ ਕੋਈ ਕਹੇ ਕਿ ਕਦੇ ਰਾਣੀ ਇੱਛਰਾਂ ਨੇ ਭੀ ਉਹ ਪੁਤ੍ਰ ਜਨਮਿਆ ਸੀ ਜਿਸਦੇ ਜਨਮ ਪਰ ਲੋਕ ਇਉਂ ਕਿਹਾ ਕਰਦੇ ਹਨ "ਜਨਨੀ ਜਨੈ ਤੋ ਭਗਤ ਜਨ ਕੈ ਦਾਤਾ ਕੈ ਸੂਰ ॥" ਪੂਰਨ ਜੀ ਆਪਣੀ ਅੱਥਰੂ ਕੇਰ ਰਹੀ ਮਾਤਾ ਵੱਲ ਵੇਖਕੇ, ਮਾਤਾ ! ਮਾਤਾ !! ਧਰਮ ਦੇ ਰਾਹ ਵਿੱਚ ਮੌਤ ਆ ਜਾਏ, ਪੂਰਨ, ਪੂਰਨ ਜਤੀ ਬਣਕੇ ਜਤ ਸਤ ਦੇ ਹਵਨ ਕੁੰਡ ਪਰ ਜਾਨ ਵਾਰ ਦੇਵੇ ਤਾਂ ਇਸ ਤੋਂ ਵਧੀਕ ਹੋਰ ਮੁਬਾਰਕ ਮੌਤ ਕੇਹੜੀ ਹੈ? ਜ਼ਿੰਦਗੀ ਇੱਕ ਪਾਣੀ ਦਾ ਬੁਲਬੁਲਾ ਹੈ। ਮੇਰੇ ਬੇਗੁਨਾਹ ਦੇ ਹੱਥਾਂ ਪੈਰਾਂ ਵਿੱਚੋਂ ਜੋ ਖੂਨ ਦੇ ਟੇਪੇ ਕਿਰਣਗੇ ਉਹ ਜਿੱਥੇ ਜਿਸ ਧਰਤੀ ਤੇ ਡਿਗਣਗੇ ਉਸ ਤੋਂ ਇਖਲਾਕ ਦੀ ਫੁਲਵਾੜੀ ਮੋਹਕ ਉਠੇਗੀ, ਧਰਮੀ ਦਾ ਖੂਨ ਧਰਮ ਦੀ ਕਜ਼ਾਰੀ ਨੂੰ ਪੁਖਤਾ ਕਰਦਾ ਹੈ। ਮੈਂ ਕੋਈ ਗੁਨਾਹ ਨਹੀਂ ਕੀਤਾ ਸਗੋਂ ਧਰਮ ਤੋਂ ਕੁਰਬਾਨ ਹੋਣ ਲਈ ਏਹ ਖਾਕ ਦਾ ਸਰੀਰ ਮੁਬਾਰਕ ਮੌਤ ਦੇ ਅਰਬ ਲਾਉਣ ਲੱਗਾ ਹਾਂ। ਪਿਆਰੀ ਮਾਤਾ ! ਤੂੰ ਮੈਨੂੰ ਜਨਮ ਦਿੱਤਾ ਹੈ, ਮੇਰੇ ਪਾਲਨ ਵਿੱਚ ਅਨੇਕਾਂ ਕਸ਼ਟ ਸਹਾਰ ਹਨ, ਮੈਂ ਉਹਨਾਂ ਖੇਦਾਂ ਦਾ ਬਦਲਾ ਦੇਣ ਦੀ ਹਿੰਮਤ ਨਹੀਂ ਰੱਖਦਾ ਪਰ ਕਦੀ ਉਹ ਦਿਨ ਆਵੇਗਾ ਕਿ ਜਿਸ ਦਿਨ ਤੇਰੀ

Digitized by Panjab Digital Library | www.panjabdigilib.org

ਕੁੱਖ ਨੂੰ ਭਾਗ ਭਰੀ ਤੇ ਇੱਕ ਭਗਤ ਧਰਮੀ ਤਥਾ ਜਤ ਸਤ ਤੋਂ ਕੁਰਬਾਨ ਹੋ ਜਾਣ ਵਾਲੇ ਦੀ ਮਾਂ ਕਿਹਾ ਕਰਨਗੇ। ਸਮੇਂ ਦੇ ਗੇੜ ਨੇ ਕੋਈ ਦਿਨ ਲਿਆਉਣਾ ਹੈ ਕਿ ਜਿਸ ਦਿਨ ਲੂਣਾਂ ਥੰਮ ਨਾਲ ਬੱਝੀ ਹੋਈ ਦੱਸੇਗੀ ਤੇ ਨਿਰੰਕਾਰ ਦੀ ਦਰਗਾਹੇ ਇਨਸਾਫ ਲਈ ਮੈਂ ਭੀ ਫਰਿਆਦੀ ਪੇਸ਼ ਹੋਵਾਂਗਾ, ਤਦ ਏਸ ਪਾਪ ਆਤਮਾਂ ਮਾਤਾ ਨੂੰ ਸਿਵਾਏ ਰੋਣ ਤੇ ਪਛਤਾਉਣ ਦੇ ਹੋਰ ਕੁਝ ਨਹੀਂ ਸੁਝੇਗਾ। ਯਥਾ:—"ਬਾਉਂ ਨਾ ਹੋਵਈ ਪਉਦੀਈ ਹੁਣ ਸੁਣੀਐ ਕਿਆ ਰੂਆਇਆ।"

# ਦ੍ਰਿੜ੍ਹਤਾ ਦਾ ਕਮਾਲ

੨੫.

ਹੇ ਮਾਤਾ! ਤੁਧੀਂ ਗਿਆਨ ਵਾਨ ਹੋ ਸਗੋਂ ਮੈਨੂੰ ਧੀਰਜ ਦਿਓ, ਜਿਹਾ ਕਿ ਪਿਛੇ ਦੇਂਦੇ ਚਲੇ ਆਏ ਹੋ ਤੇ ਉਡੀਕੋ ਉਸ ਦਿਨ ਨੂੰ ਜਦੋਂ ਕਿ ਸਾਡਾ ਇਨਸਾਫ ਨਿਰੰਕਾਰ ਦੀ ਦਰਗ ਹੇ ਹੋਵੇਗਾ। ਜੋ ਕੁਝ ਹੋਣ ਵਾਲਾ ਹੈ ਮੇਰੀ ਜਨਮ ਦੇਣ ਵਾਲੀ ਮਾਤਾ ਜੀ ਠੀਕ ਹੈ ਤੇ ਤਸੱਲੀ ਨਾਲ ਹੁੰਦੇ ਨੂੰ ਦੇਖਦੇ ਰਹੋ ਤੇ ਧੀਰਜ ਧ ਰਕੇ ਖਿੜੇ ਮੱਥੇ ਪੁਤ੍ਰ ਪੂਰਨ ਨੂੰ ਧਰਮ ਪਰ ਕੁਰਬਾਨ ਹੋ ਜਾਣ ਲਈ ਉਪਦੇਸ਼ ਕਰੋ। ਜਦ ਪੁੱਤ੍ਰ ਨੂੰ ਹਰ ਤਰਾਂ ਆਪਣੇ ਜਾਨ ਤੋਂ ਪਿਆਰੇ ਧਰਮ ਤੋਂ ਇੰਚ ਭਰ ਪਿਛੇ ਹਟਦਾ ਮਾਤਾ ਨੇ ਨਾਂ ਦੇਖਿਆ, ਤੇ ਏਸਤਰਾਂ ਦਾ ਆਪਣੇ ਮੱਥੇ ਤੇ ਕਾਲਕ ਦਾ ਟਿੱਕਾ ਨਾ ਲਗਣ ਦਾ ਭਾਰੀ ਦ੍ਰਿੜ੍ਹ ਸੰਕਲਪ ਦੇਖਜਾ ਤਾਂ ਰਾਣੀ ਇਛਰਾਂ ਆਪਣੇ ਐਡੇ ਧਰਮੀ ਪੁੱਤ੍ਰ ਨੂੰ ਕੁੱਸਦਾ ਦੇਖਣ ਦੀ ਘੜੀ ਸਾਹਮਣੇ ਆਉਣ ਵਾਲੀ ਵਿਚਾਰਕੇ ਫੇਰ ਇਕ ਵਾਰੀ ਗੋਤੇ ਲੱਥੀ, ਐਸੀ ਗਈ ਜੋ

Digitized by Panjab Digital Library | www.panjabdigilib.org

ਆਮ ਤ੍ਰੀਮਤਾਂ ਵਾਂਗ ਔਲਾਦ ਦੀ ਡੂੰਘੀ ਮੁਹੱਬਤ ਨੂੰ ਨਾ ਸਹਾਰਦੀ ਹੋਈ ਉੱਚੀ ੨ ਰੋਣ ਲੱਗ ਪਈ। ਰੋਂਦਿਆਂ ੨ ਘਿੱਘੀ ਬੱਝ ਗਈ, ਕੇਸ ਖਿੱਲਰ ਗਏ, ਸਰੀਰ ਦੀ ਦਸ਼ਾ ਬਹੁਤ ਭੈੜੀ ਤੇ ਸਾਰੇ ਸਰੀਰ ਦੇ ਬਸਤ੍ਰ ਘੱਟੇ ਮਿੱਟੀ ਨਾਲ ਲੇਥੂ ਪੇਥੂ ਹੋਏ ੨ ਦਿਖਾਈ ਦੇ ਰਹੇ ਹਨ। ਉਸਦੀ ਆਸ ਜੋ ਡਕੋ ਡੋਲੇ ਖਾਂਦੀ ਉਸਦੇ ਦਿਲ ਵਿੱਚ ਅਜੇ ਤੱਕ ਮੌਜੂਦ ਸੀ, ਤੇ ਢਾਰਸ ਬਨ੍ਹਾਈ ਜਾ ਰਹੀ ਸੀ ਕਿ ਸ਼ਾਇਦ ਕਿਸੇ ਰਸਤੇ ਪੁੱਤ ਦੀ ਜਾਨ ਬਖਸ਼ੀ ਹੋ ਜਾਵੇਗੀ, ਇਕੋ ਵੇਰ ਖੂਹ ਵਿੱਚ ਪੈਂਦਾ ਦੇਖ ਪੈਹਲੇ ਨਾਲੋਂ ਭੀ ਵਧੀਕ ਜ਼ਾਰੋ ਜ਼ਾਰ ਰੋਂਦੀ ਵਿਲ੍ਹਕਦੀ ਹੋਈ ਜੱਲਾਦਾਂ ਵੱਲ ਮੂੰਹ ਮੋੜਕੇ ਤੱਕੀ ਤੇ ਆਪਣੇ ਯੂਸਫ ਸਾਨੀ ਸ਼ੀਂਹ ਜੁਵਾਨ ਯੋਗੀ ਰਾਜਕੁਮਾਰ ਪੁੱਤ੍ਰ ਦੇ ਬਚਾਉਣ ਲਈ ਇਉਂ ਬੋਲੀ:—

ਹੇ ਜੱਲਾਦੋ! ਤੁਸਾਂ ਅੰਤ ਮੇਰੇ ਪ੍ਰਾਣ ਪਤੀ ਦਾ ਨਿਮਕ (ਲੂਣ) ਖਾਧਾ ਹੈ, ਮੈਂ ਫੇਰ ਅੰਤ ਉਸਦੀ ਪਤਨੀ (ਵਹੁਟੀ) ਤੇ ਮਹਿਲਾਂ ਦੀ ਪਟਰਾਣੀ ਹਾਂ, ਮੈਂ ਭਗਵੰਤ ਦੀ ਸੌਂਹ ਖਾ ਕੇ ਸੱਚ ਆਖਦੀ ਹਾਂ ਕਿ ਮੇਰਾ ਸਰਵਨ ਪੁੱਤ੍ਰ ਬਿਲਕੁਲ ਨਿਰਦੋਸ਼ ਤੇ ਸੱਚਾ ਹੈ। ਰਾਜਾ ਚੰਦਰੀ ਲੂਣਾਂ ਦੇ ਕਪਟ, ਛਲ, ਫਰੇਬ ਤੇ ਦਗੇ ਵਿੱਚ ਆ ਗਿਆ ਹੈ, ਤੁਸੀਂ ਇਸਨੂੰ ਨਾ ਮਾਰੋ ਤੇ ਇਕ ਨਿਰਦੋਸ਼ ਦੇ ਖੂਨ ਦਾ ਸੇਹਰਾ ਆਪਣੇ ਸਿਰ ਤੇ ਨਾ ਬੰਨ੍ਹੋ, ਰਾਮ ਤੁਹਾਡੇ ਤੇ ਤੁਹਾਡੀ ਆਲ ਔਲਾਦ ਤੇ ਟੱਬਰ ਕਬੀਲ ਤੇ ਦਯਾ ਕਰੇਗਾ, ਤੁਸੀਂ ਆਪਣੇ ਬੱਚੇ ਦੀ ਖਾਤਰ ਤਰਸ ਖਾਕੇ ਮੈਂ ਤਤੜੀ ਦੀ ਵੰਸ ਦੇ ਨਾਮ ਨੂੰ ਨਾ ਮੇਟੋ, ਮੇਰੇ ਹਰੇ ਭਰੇ ਵਸਦੇ ਬਾਗ ਨੂੰ ਨਾ ਉਜਾੜੋ। ਪਰ ਹਾਹੁਕੇ ਭਰਦੀ ਇੱਛਾਂ ਦੀ ਓਥੇ ਕੌਣ ਸੁਣਦਾ ਸੀ?

Digitized by Panjab Digital Library | www.panjabdigilib.org

# ਪਾਪਣ ਲੂਣਾਂ ਦਾ ਦੂਤ

## ੨੬.

ਅੰਤ ਪੂਰਨ ਨੂੰ ਮੌਤ ਨਾਲ ਵਿਆਹੁਣ ਦੀ ਘੜੀ ਨੇੜੇ ਢੁਕ ਆਈ ਤੇ ਜੱਲਾਦ ਚਮਕਦੀ ਤਲਵਾਰ ਚੁੱਕਕੇ ਅਜੇ ਵਾਹੁਣ ਹੀ ਲੱਗਾ ਸੀ ਕਿ ਸਾਹਮਣੇ ਪਾਸਿਓਂ ਇਕ ਦੂਤ ਆਉਂਦਾ ਨਜ਼ਰ ਪਿਆ, ਜਦੋਂ ਇਹ ਕਾਲਾ ਧੂਤ ਬਦਸ਼ਕਲ ਦੂਤ ਪੂਰਨ ਜੀ ਦੇ ਨੇੜੇ ਪਹੁੰਚਾ ਤੇ ਇਉਂ ਕੰਨ ਵਿੱਚ ਮਲਕੜੇ ਜੇਹੇ ਕਹਿਣ ਲੱਗਾ— ਹੇ ਮੌਤ ਦੇ ਜ਼ਬਰਦਸਤ ਪੰਜੇ ਵਿੱਚ ਫਸ ਚੁੱਕੇ ਰਾਜ ਕੁਮਾਰ ਜੀ ! ਆਪ ਦੇ ਬਚਾਓ ਦਾ ਅੰਤਲਾ ਸੁਨੇਹਾ ਲੂਣਾਂ ਨੇ ਮੇਰੇ ਹੱਥ ਭੇਜਿਆ ਹੈ, ਉਹ ਅਜੇ ਭੀ ਜਾਕੇ ਅਪਨੀ ਸ਼ਰਤ ਮਨਾਕੇ ਆਪ ਦੀ ਜਾਨ ਬਖਸ਼ੀ ਕਰਵਾ ਸਕਦੀ ਹੈ ਤੇ ਮੈਨੂੰ ਭੀ ਇਹੋ ਕਹਿਕੇ ਭੇਜਿਆ ਹੈ ਕਿ ਪੂਰਨ ਚੰਦ ਨੂੰ ਅਜੇ ਭੀ ਜਾਕੇ ਸਮਝਾ ਦੇਹ ਕਿ ਉਹ ਮੇਰਾ ਕਿਹਾ ਮੰਨ ਲਵੇ ਤਾਂ ਮੈਂ ਜੇਹੜੀ ਟਾਕੀ ਆਪਣੇ ਮਕਰ ਨਾਲ ਅਸਮਾਨ ਤੋਂ ਤੋੜੀ ਹੈ ਮੁੜ ਜੋੜ ਦਿਆਂਗੀ ਤੇ ਮੁੜ ਤਾਜੋ ਤਖਤ ਦੇ, ਸੁਖ ਭੁਗਾਕੇ ਸਭ ਤਰਾਂ ਦੇ ਐਸ਼ ਅਰਾਮ ਦੇ ਸਾਮਾਨ ਕਾਇਮ ਕਰ ਦਿਆਂਗੀ, ਪਰ ਇਹ ਸਭ ਕੁਛ ਤਦ ਹੀ ਹੋ ਸਕਦਾ ਹੈ ਜੇ ਮੇਰੀ ਇੱਕ ਗੱਲ ਉਹੋ ਪ੍ਰਵਾਨ ਕਰ ਲਵੇ, ਜਿਸਦੇ ਨਾ ਮੰਨਣ ਨੇ ਅੱਜ ਤੈਨੂੰ ਕਤਲਗਾਹ ਵੱਲ ਤੋਰਿਆ ਹੈ, ਯਾਦ ਰੱਖ, ਮੇਰੇ ਕਹੇ ਲੱਗ ਜਾਣ ਨਾਲ ਤੇਰੀ ਦੁੱਖ ਦੀ ਘੜੀ ਦਾ ਖਾਤਮਾਂ ਹੋਕੇ ਬਹਿਸ਼ਤਾਂ ਦੇ ਦਰਵਾਜ਼ੇ ਖੁੱਲ੍ਹ ਜਾਣਗੇ ।

ਹੁਣ ਕੀ ਸੀ, ਸੁਣਦਿਆਂ ਸਾਰ ਯੋਗੀ ਪੂਰਨ ਜੀ ਦਾ

Digitized by Panjab Digital Library | www.panjabdigilib.org

ਚੇਹਰਾ ਜੋ ਅੱਗੇ "ਜਿਸ ਮਰਨੇ ਤੇ ਜਗਡਰੇ ਮੇਰੇ ਮਨਆਨੰਦ" ਦੇ ਭਾਵ ਅਨੁਸਾਰ ਖਿੜ ਰਿਹਾ ਸੀ, ਕਹਿਰ ਦੀ ਸ਼ਕਲ ਵਿੱਚ ਬਦਲ ਗਿਆ ਤੇ ਦੂਤ ਨੂੰ ਲੂਣਾਂ ਦੇ ਸੁਨੇਹੇ ਦਾ ਉੱਤਰ ਇਸ ਪ੍ਰਕਾਰ ਦੇਕੇ ਤੋਰ ਦਿੱਤਾ:—

ਤੂੰ ਲੂਣਾਂ ਹੈਂਸਿਆਰੀ ਨੂੰ ਜਾਕੇ ਕਹਿ ਦੇਹ ਕਿ ਜੇਹੜੇ ਸਮੇਂ ਦੀ ਉਡੀਕ ਤੈਨੂੰ ਲੱਗ ਰਹੀ ਹੈ ਉਹ ਸਮਾਂ ਜਲਦੀ ਹੀ ਆਉਂਣ ਵਾਲਾ ਹੈ ਜਦ ਕਿ ਬਾਰਾਂ ਬਰਸਾਂ ਦੀ ਉਮਰ ਵਿੱਚ ਇਸਤ੍ਰੀ ਪੁੱਤ੍ਰ ਦੀ ਖਿਡਾਵੀ ਹੋਕੇ ਬੀਸ ਬਰਸ ਦੀ ਉਮਰ ਵਿੱਚ ਪੋਤ੍ਰਿਆਂ ਦੀ ਮੁਰਾਦ ਵੇਖੇਗੀ, ਵਿਸ਼ੇ ਵਾਸ਼ਨਾਂ ਦੀ ਅੰਧਾ ਧੁੰਧ ਲਹਿਰ ਠਾਠਾਂ ਮਾਰੇਗੀ ਤੇ ਤੇਰੇ ਵਰਗੀਆਂ ਅਨੇਕਾਂ ਹੰਕਾਰਨ ਮਤ੍ਰੇਈਆਂ ਪੁੱਤ੍ਰਾਂ ਦੀਆਂ ਸੇਜਾਂ ਮਾਨਣਗੀਆਂ, ਭਾਈ, ਭੈਣ, ਪੁੱਤ੍ਰ, ਮਾਤਾ ਆਦਿਕ ਦੀ ਲੀਕ ਮਿਟ ਜਾਵੇਗੀ, ਚੋਰ ਚਤਰ ਮੌਜਾਂ ਮਾਨਣਗੇ, ਸਾਧ ਸੰਤ ਦੀ ਪ੍ਰਤੀਤ ਉੱਡ ਜਾਊ ਤੇ ਅਸਲ ਕਰਨੀ ਵਾਲਿਆਂ ਨੂੰ ਛੱਡ ਪਖੰਡੀਆਂ ਦੇ ਮਗਰ ਲੱਗ ਦੁਨੀਆਂ ਖੂਹ ਖਾਤੇ ਵਿੱਚ ਡਿੱਗਕੇ ਕਰਮ, ਧਰਮ ਤੇ ਸ਼ਰਮ ਨੂੰ ਜਵਾਬ ਦੇ ਦੇਵੇਗੀ, ਉਸ ਵਕਤ ਮੇਰੇ ਜੇਹੇ ਮਾਪਿਆਂ ਦੇ ਪੁੱਤ੍ਰ ਵਿਰਲੇ ਹੀ ਹੋਣਗੇ, ਭਗਵਾ ਵੇਸ ਪਹਿਨਕੇ ਦੁੱਧ ਮਲਾਈ ਦਾ ਅਹਾਰ ਹੀ ਦੰਭ। ਸਾਧੂਆਂ ਦਾ ਮੁਖ ਮੰਤਵ ਹੋਵੇਗਾ, ਧੀਆਂ ਦਾ ਪੈਸਾ ਵੱਟਕੇ ਮਾਪੇ ਉੱਚੇ ਤੇ ਚੌਧਰੀ ਬਣਨਗੇ, ਮਾਂ ਪੁੱਤ੍ਰ ਦਾ ਧਰਮ ਛੀਨ ਹੋਵੇਗਾ, ਇਸ ਤਰਾਂ ਘੋਰ ਕਲਯੁਗ ਦਾ ਪਹਿਰਾ ਵਰਤ ਜਾਵੇਗਾ, ਅਸੇ ਮਹਾਂ ਉਪੱਦਰੀ ਸਮੇਂ ਵਿਚ ਸ੍ਰਿਸ਼ਟੀ ਦਾ ਭਾਰ [illegible] ਲਈ ਕੋਈ ਨਿਰੰਕਾਰ ਦੀ ਜੋਤ ਪ੍ਰਗਟੇਗੀ [illegible] ਨਿਰਦੋਸ਼ਿਆਂ ਦੇ ਖੂਨ ਡੋਲਣ ਦਾ ਇਨਸਾਫ ਹੋਵੇਗਾ।

ਦੂਤ ਨੇ ਜਦ ਪੂਰਨ ਜੀ ਨੂੰ ਸਿਦਕ ਤੋਂ ਡੋਲੇ ਹੋਏ ਰਾਈ ਭਰ ਨਾ ਡਿੱਠਾ ਤਾਂ ਸ਼ਰਮਿੰਦਾ ਦਿਲ ਹੀ ਦਿਲ ਵਿਚ ਲੂਣਾਂ ਪਾਪਣ ਨੂੰ ਲਾਨਤਾਂ ਪਾਉਂਦਾ ਮੁੜ ਪਿਆ ਤੇ ਜਾਕੇ ਲੂਣਾਂ ਨੂੰ ਕਹਿਣ ਲੱਗਾ:—

ਹੇ ਲੂਣਾਂ ! ਭਾਵੇਂ ਤੂੰ ਮੇਰੀ ਮਾਲਕ ਤੇ ਪਾਲਕ ਹੈਂ, ਮੈਂ ਤੇਰੇ ਹੀ ਲੂਣ ਤੋਂ ਪਲਦਾ ਹਾਂ, ਮੇਰਾ ਬਾਲ ਬੱਚਾ ਤੇਰੀ ਹੀ ਮੇਹਰਬਾਨੀ ਨਾਲ ਪਰਵਰਸ਼ ਹੁੰਦਾ ਹੈ, ਪਰ ਸੱਚ ਨੂੰ ਛੱਡ ਮੈਂ ਕੱਚ ਨਹੀਂ ਵਿਹਾਝ ਸਕਦਾ ਤੇ ਸੱਚ ਕਹਿੰਦਾ ਹਾਂ ਕਿ ਏਸ ਜ਼ੁਲਮ ਤੇ ਅੱਤਜਾਚਾਰ ਦਾ ਨਤੀਜਾ ਬਹੁਤ ਹੀ ਭੈੜਾ ਹੋਵੇਗਾ। ਯੋਗੀ ਰਾਜਕੁਮਾਰ ਪੂਰਨ ਸੱਚ ਮੁੱਚ ਹੀ ਪੂਰਨ ਭਗਤ ਹੈ, ਉਹ ਭਗਤੀ ਦੀ ਅਮਰ ਸ਼ਕਤੀ ਨੂੰ ਅੱਪੜਕੇ ਅਮਰ ਹੋ ਚੁੱਕਾ ਹੈ। ਅੱਜ ਏਸ ਦੁਨੀਆਂ ਵਿਚ ਭਾਵੇਂ ਤੇਰੇ ਹੱਥੋਂ ਉਹ ਹੱਥ ਵਢਵਾਕੇ ਮੌਤ ਦੇ ਮੂੰਹ ਜਾ ਪਵੇਗਾ ਪਰ ਯਾਦ ਰੱਖ, ਮੈਂ ਉਸਦੀ ਸੰਗਤ ਘੰਟਾ ਪੌਣਾ ਘੰਟਾ ਕਰ ਆਯਾ ਹਾਂ ਤੇ ਉਸ ਦੀਆਂ ਗਿਆਨ ਵਾਲੀਆਂ ਗੱਲਾਂ ਤੋਂ ਬਹੁਤ ਕੁਝ ਲਾਭ ਪ੍ਰਾਪਤ ਕੀਤਾ ਹੈ, ਉਹ ਸੱਚ ਮੁੱਚ ਹੀ ਕੋਈ ਧਰਮੀ ਬੰਦਾ ਹੈ, ਧਰਮੀ ਹੀ ਨਹੀਂ ਸਗੋਂ ਜਤੀ ਸਤੀ ਤਪੀ ਤਪੀਸ਼ਵਰ ਹੋਣ ਦੀ ਝਲਕ ਭੀ ਉਸਦੇ ਚੇਹਰੇ ਪਰ ਦਮਕਦੀ ਸੀ। ਐਸੇ ਭਗਤ ਤੇ ਧਰਮੀ ਦਾ ਖ਼ੂਨ ਵੀਟਣ ਤੋਂ ਤੇਰੀਆਂ ਤੇ ਸਿਆਲ ਕੋਟ ਦੇ ਤਖਤ ਦੀਆਂ ਜੜ੍ਹਾਂ ਉੱਖੜ ਜਾਣਗੀਆਂ, ਆ ਸਮਝ ਤੇ ਡਰ ਉਸ ਕਰਤਾਰ ਸਿਰਜਣਹਾਰ ਤੋਂ,ਜੋ ਛਿਨ ਭਰ ਵਿਚ ਰੰਕ ਨੂੰ ਰਾਉ ਤੇ ਰਾਉ ਨੂੰ ਰੰਕ ਕਰ ਸਕਦਾ ਹੈ।

ਪਰ ਲੂਣਾਂ ਇਕ ਨੌਕਰ ਨੂੰ ਸਚੋ ਸੱਚ ਕਹਿਣ ਪਰ ਖਿਝੀ ਤੇ ਕ੍ਰੋਧ ਖਾਕੇ ਬੋਲੀ''ਐ ਗੁਸਤਾਖ਼! ਦੋਢ ਕੌਡੀ ਦਾ ਮੁੱਲ

Digitized by Panjab Digital Library | www.panjabdigilib.org

ਰੱਖਣ ਵਾਲੇ ਬਦਜ਼ਾਤ ! ਨਿਮਕ ਹਰਾਮ ! ਕੀਹ ਮੈਂ ਅਧਰਮ ਕੀਤਾ ਹੈ ? ਮੈਂ ਆਪਣੇ ਧਰਮ ਪਰ ਕਾਇਮ ਹਾਂ। ਸਤਯੁਗ, ਦੁਆਪਰ, ਤ੍ਰੇਤੇ ਵਿਚ ਕੇਹੜਾ ਜੰਮਿਆ ਹੈ ਜੋ ਉਸ 'ਕਾਮਦੇਵ' ਦੇ ਵੱਸ ਹੋਕੇ ਬੇਬਸ ਨਾ ਹੋ ਗਿਆ ਹੋਵੇ, ਪੂਰਨ ਨੇ ਮੇਰੇ ਨਾਲ ਉਹ ਅਧਰਮ ਤੇ ਅਨਜਾਇ ਕੀਤਾ ਹੈ ਜੋ ਮੇਰੀਆਂ ਆਂਦਰਾਂ ਨੂੰ ਸੁਲਘਦੀ ਚਵਾਤੀ ਲਾ ਕੇ ਸਦਾ ਲਈ ਸੜੇਵੇਂ ਦੇ ਦਰਿਆ ਵਿਚ ਰੋਹੜ ਦਿੱਤਾ ਹੈ। ਯਾਦ ਰੱਖ ਤੂੰ ਮੇਰਾ ਦੁਖ ਸੁਖ ਦਾ ਸਾਂਝੀਵਾਲ ਨੌਕਰ ਹੋਕੇ ਉਸ ਚੰਦਰੇ ਦੀ ਤਰਫਦਾਰੀ ਕਰਦਾ ਹੈਂ ? ਜ਼ਿੰਦਗੀ ਦੀ ਲੋੜ ਹਈ ਤਾਂ ਮੂੰਹ ਨੂੰ ਲਗਾਮ ਦੇਹ, ਨਹੀਂ ਤਾਂ ਮੌਤ ਨੂੰ ਵਾਜਾਂ ਮਾਰ ੨ ਕੇ ਆਪਣੀ ਦੇਹ ਨੂੰ ਖਾਕ ਨਾਲ ਨਾਂ ਰੁਲਾ ਲਵੀਂ ?

ਦੂਤ ਨੂੰ ਪੂਰਨ ਚੰਦ ਜੀ ਪਾਸੋਂ ਗਏ ਨੂੰ ਅਜੇ ਦਸ ਮਿੰਟ ਹੀ ਹੋਏ ਸਨ ਕਿ ਜੱਲਾਦ ਬੋਲਯਾ-'ਰਾਜ ਕੁਮਾਰ ਜੀ ! ਆਪ ਆਪਣੇ ਧਰਮ ਇਸ਼ਟ ਅਨੁਸਾਰ ਨਿੱਤਨੇਮ ਨੂੰ ਪੂਰਨ ਕਰ ਲਵੋ, ਕਿਉਂ ਜੋ ਪਲੋ ਪਲੀ ਨੂੰ ਹੁਣ ਅਸੀਂ ਹੁਕਮ ਦੇ

ਪੂਰਨ ਜਤੀ ਤੇ ਮਤ੍ਰੇਈ ਲੂਣਾ ੬੭
ਬੱਧੇ ਹੋਏ ਆਪਦਾ ਵਿਆਹ ਮੌਤ ਲਾੜੀ ਨਾਲ ਕਰ ਦੇਵਾਂਗੇ।

## ਹੱਥ ਪੈਰ ਵੱਢੇ ਜਾਣ ਦੀ ਤਿਆਰੀ

੨੭.

ਯੋਗੀ ਪੂਰਨ ਜੀ ਨੇ ਜੱਲਾਦ ਦਾ ਏਹ ਕਹਿਰ ਵਰਤਾ ਦੇਣ ਵਾਲਾ ਹੁਕਮ ਸੁਣਕੇ ਸ਼ਾਂਤੀ ਨਾਲ ਇਕ ਚੌਂਕੀ ਦੀ ਮੰਗ ਕੀਤੀ, ਮੰਗ ਹੁੰਦੇ ਸਾਰ ਫੌਰਨ ਚੌਂਕੀ ਲਿਆਕੇ ਡਾਹ ਦਿੱਤੀ ਗਈ ਤੇ ਉਸ ਪਰ ਬੈਠਕੇ ਪੂਰਨ ਜੀ ਉਸ ਨਿਰੰਕਾਰ

ਦੀ ਦਰਗਾਹੇ ਵੱਲੇ ਲਿਵ ਜੋੜ ਬੈਠੇ, ਜਿਸਨੇ ਆਪ ਏਹਨਾਂ ਦੇ ਰੁੜ੍ਹਦੇ ਜਾਂਦੇ ਧਰਮ ਦੀ ਹੱਥ ਦੇਕੇ ਰੱਖਯਾ ਕੀਤੀ ਸੀ। ਅੰਤ ਕੁਝ ਸਮਾਂ ਜਦ ਲੰਘ ਚੁੱਕਾ ਤਾਂ ਸਮਾਧ ਸਥਿਤ ਪੂਰਨ ਜੀ ਨੇ ਤਾੜੀ ਖੋਹਲੀ ਤੇ ਜੱਲਾਦ ਵੱਲ ਮੂੰਹ ਕਰਕੇ ਬੋਲੇ—"ਹੇ ਭਲੇ ਲੋਕ ਰਾਜੇ ਦੇ ਹੁਕਮ ਵਿਚ ਬੱਧੇ! ਤੂੰ ਨਿਰਭੈ ਹੋਕੇ ਮੇਰੇ ਹੱਥਾਂ ਪੈਰਾਂ ਤੇ ਆਪਣੀ ਚਮਕਦੀ ਤਲਵਾਰ ਫੇਰ, ਤਾਂ ਜੋ ਮੈਂ ਸਦਾ ਲਈ ਮੁਕਤ ਪ੍ਰਾਪਤ ਕਰ ਹਰੀ ਦੇ ਚਰਨਾਂ ਵਿਚ ਆਪਣਾ ਜਨਮ ਸਫਲਾ ਕਰਨ ਲਈ ਲਿਪਟ ਜਾਵਾਂ ?" ਜੱਲਾਦ ਭਾਵੇਂ ਨਿਰਦਈ ਹੁੰਦੇ ਹਨ ਪਰ ਏਹਬਚਨ ਪੂਰਨਜੀ ਦੇ ਚੰਦ ਵਰਗੇ ਮੁੱਖੜੇ ਵਿਚੋਂ ਐਸੇ ਢੰਗ ਨਾਲ ਨਿਕਲੇ ਕਿ ਹੱਥ ਪੈਰ ਵੱਢਣੇ ਤਾਂ ਕਿਧਰੇ ਰਹੇ ਸਗੋਂ ਓਹਨਾਂਨੂੰਆਪਣੀਆਂ ਸੱਤੇ ਸੁਧਾਂ ਭੁਲ ਗਈਆਂ ਤੇ ਉਹ ਭੀ ਚਾਰ ਅੱਥਰੂ ਐਸੇ ਮਹਾਂ ਉਪੱਦਰੀ ਸਮੇਂ ਪਰ ਕੇਰੇ ਬਿਨਾਂ ਨਾ ਰਹਿ ਸਕੇ। ਮਾਲਕ ਦੇ ਨਿਮਕਖਾਰ ਜੱਲਾਦ ਏਸ ਹੱਤਿਆ ਤੋਂ ਆਪਣੇ ਹੱਥ ਸੰਕੋਚਨਾਂ ਚਾਹੁੰਦੇ ਹੋਏ ਭੀ ਨਿਮਕ ਹਲਾਲ ਕਰਨ ਲਈ ਨਹੀਂ ਸੰਕੋਚ ਸਕਦੇ ਸੀ, ਪਰ ਦਿਲ ਨਹੀਂ ਮੰਨਦਾ, ਅੰਤ ਨਿਮਕ ਹਲਾਲੀ ਦਾ ਜ਼ੋਰ ਪੈ ਗਿਆ ਤੇ ਜੱਲਾਦ ਨੇ ਤਲਵਾਰ ਸੂਤਕੇ ਪੂਰਨ ਭਗਤ ਜੀ ਦੇ *ਦੋਵੇਂ ਹੱਥ ਪੈਰ ਵੱਢਕੇ

---

*ਰਾਜ ਕਮਾਰ ਪੂਰਨ ਜੀ ਦੇ ਹੱਥ ਪੈਰ ਵੱਢ ਦੇਣ ਵਾਲੀ ਕਥਾ ਨੂੰ ਤਿੰਨ ਕਵੀ (ਲੇਖਕ) ਤਾਂ ਏਸੇਤਰਾਂ ਲਿਖਦੇ ਹਨ ਕਿ ਪੂਰਨ ਜੀ ਦੇ ਹੱਥ ਪੈਰ ਠੀਕ ਕਿਸੇ ਸੰਸੇ ਤੋਂ ਬਿਨਾਂ ਵੱਢੇ ਗਏ, ਪਰ ਇਕ ਲੇਖਕ ਕਿਸ਼ਨ ਸਿੰਘ ਆਰਫ ਨਾਮੀ ਏਸ ਘਟਨਾਂ ਪਰ ਅੱਜ ਤੋਂ ੩੦ ਸਾਲ ਪਹਿਲਾਂ ਰੌਸ਼ਨੀ☞

Digitized by Panjab Digital Library | www.panjabdigilib.org

ਤਨ ਨਾਲੋਂ ਜੁਦਾ ਕਰ ਦਿੱਤੇ, ਲਹੂ ਚਲਿਆ ਤੇ ਧਰਤੀ ਲਾਲ ਰੰਗ ਨਾਲ ਰੰਗੀ ਗਈ। ਏਥੇ ਹੀ ਬੱਸ ਨਹੀਂ—ਹੁਣ ਓਸੇ ਹੀ ਹੁਕਮ ਦੇ ਬੱਧੇ ਜੱਲਾਦ ਜਿਸ ਹੁਕਮ ਨੇ ਅੱਗੇ ਐਸਾ ਪ੍ਰਿਥਵੀ ਨੂੰ ਕੰਬਾ ਦੇਣ ਵਾਲਾ ਕੰਮ ਕਰਵਾਯਾ ਸੀ, ਯੋਗੀ ਤੇ ਜਤ ਸਤ ਦੇ ਸਿਰਤਾਜ, ਚਮਕਦੇ ਸਤਾਰੇ ਨੂੰ ਹਣ ਇਕ ਖੂਹ ਪਾਸ

---

☞ ਪਾਗਏ ਹਨ, ਤੇ ਊਹ ਅਪਨੀ ਰਾਇ ਪ੍ਰਗਟ ਕਰਦੇ ਹੋਏ ਲਿਖਦੇ ਹਨ ਕਿ ਪੂਰਨ ਭਗਤ ਜੀ ਦੇ ਹੱਥ ਪੈਰ ਵੱਢ ਦੇਣ ਦੇ ਹੁਕਮ ਜਦ ਦੇ ਦਿੱਤੇ ਤਾਂ ਉਸ ਵੇਲੇ ਦੇ ਸਾਰੇ ਅਹਿਲਕਾਰ ਤੇ ਤਮਾਮ ਪਰਜਾ ਦੇ ਲੋਕ ਏਸ ਉਪੱਦਰ ਦੇ ਬਰਖਿਲਾਫ਼ ਸਨ ਤੇ ਚਾਹੁੰਦੇ ਸਨ ਕਿ ਰਾਜਾ ਧਰਮੀ ਪੁਤ੍ਰਦੀਹੱਤਜਾ ਦਾ ਪਾਪ ਆਪਣੇ ਸਿਰ ਨਾ ਲਵੇ, ਪਰ ਉਹ ਰਾਜੇ ਦੇ ਪ੍ਰਚੰਡ ਕ੍ਰੋਧ ਦੇ ਸਾਹਮਣੇ ਕਾਮਯਾਬ ਨਾ ਹੋਏ ਤੇ ਨਿਰਾਸ ਹੋ ਗਏ, ਅੰਤ ਜਦ ਇੱਛਰਾਂ ਨੇ ਭੀ ਆਪਣੀ ਕਿਸਮਤ ਨਿਖੁੱਟਦੀ ਡਿੱਠੀ ਤਾਂ ਵਜ਼ੀਰਾਂ, ਅਹਿਲਕਾਰਾਂ ਨਾਲ ਮਿਲਕੇ ਪੂਰਨਭਗਤਦੀ ਜਾਨ ਬਚਾਉਣ ਲਈ ਦੂਰ ਦੀ ਸੋਚ ਤੇ ਧਨ ਦਾ ਲਾਲਚ ਦੇਕੇ ਵਜ਼ੀਰਾਂ ਦੀ ਕ੍ਰਿਪਾ ਨਾਲ ਜੱਲਾਦਾਂ ਦੇ ਹੱਥੋਂ ਪੂਰਨ ਨੂੰ ਬਚਵਾਕੇ ਜੰਗਲ ਵਿੱਚ ਛਡਵਾ ਦਿੱਤਾ ਤੇ ਲੂਣਾਂ ਨੂੰ ਕਿਸੇ ਜਾਨਵਰ ਦਾ ਲਹੂ ਭਰਿਆ ਕਟੋਰਾ ਲਿਆਕੇ ਦਿਖਲਾ ਦਿੱਤਾ। ਜੱਲਾਦਾਂ ਨੇ ਪੂਰਾ ੨ ਸਾਂਗ ਉਤਾਰਕੇ ਜਦ ਲੂਣਾਂ ਦੀ ਤਸੱਲੀ ਕਰ ਦਿਤੀ ਤਾਂ ਰਾਜਾ ਰਾਣੀ ਦੋਵੇਂ ਆਪਣੇ ਵੱਲੋਂ ਜ਼ਹਿਰੀ ਬ੍ਰਿਛ ਦਾ ਖਾਤਮਾਂ ਕਰ ਚੁੱਕੇ ਸਨ ਪਰ ਨਾਲ ਹੀ ਕਿਸ਼ਨਸਿੰਘ ਜੀ ਆਰਫ ਏਹਭੀ ਦਸਦੇ ਹਨ ਕਿ ਏਹ ਸੰਮਤੀ ਮੇਰੀ ਭੀ ਹੈ ਤੇ ਆਮ ਲੋਕਾਂ ਦੀ ਭੀ ਹੈ ਕਿ ਬਾਰਾਂ ਬਰਸ ਖੂਹੇ ਵਿੱਚ ਰਹਿਕੇ ਪੂਰਨ ਜੀ ਦਾ ਅੰਨ ਪਾਣੀ ਖਾਧੇ ਬਿਨਾਂ ਬਚਨਾਂ ਅਸੰਭਵ ਸੀ ਤੇ ਇਹ ਮਨਘੜਤ ☜

Digitized by Panjab Digital Library | www.panjabdigilib.org

ਲੈ ਗਏ ਤੇ ਰਾਜੇ ਦੇ ਹੁਕਮ ਅਨੁਸਾਰ ਧੱਕਾ ਦੇਕੇ ਉਸ ਵਿੱਚ ਸੱਟਕੇ ਪਿਛਾਂਹ ਪਰਤ ਅ ਏ।

ਆਹ! ਮ੍ਹੇਈ ਲੂਣਾਂ ਦੇ ਕਹਿਰ ਦੀ ਹੱਦ ਹੋ ਗਈ, ਇਸ ਤੋਂ ਵੱਧ ਦੁਨੀਆਂ ਦੇ ਤਖਤੇ ਤੋਂ ਕੋਈ ਜ਼ੁਲਮ ਨਹੀਂ ਜੋ ਇਕ ਅੱਲ੍ਹੜ ਉਮਰ ਦੇ ਬਾਲਕ ਨਾਲ ਅੱਜ ਲੂਣਾਂ ਦੇ ਹੱਥੋਂ ਰਿਹਾ ਹੈ। ਹੁਣ ਜੱਲਾਦ ਵਿਚਾਰੇ ਆਪਸ ਵਿੱਚ ਗੱਲਾਂ

ਯਾਮਨ ਕਲਪਤ ਵਿਗਾੜਿਆ ਹੋਯਾ ਪ੍ਰਸੰਗ ਹੈ ਤੇ ਅਸਲ ਵਾਰਤਾ ਇਸੇਤਰਾਂ ਹੈ ਜਿਸਤਰਾਂ ਮੈਂ ਲਿਖਿਆ ਹੈ।ਹੁਣ ਵਿਚਾਰ ਪੈਦਾ ਹੁੰਦੀ ਹੈ ਕਿ ਦੁਨੀਆਂ ਵਿੱਚ ਕੋਈ ਅਜੇਹੀ ਸ਼ੈ ਨਹੀਂ ਜੋ ਅਸੰਭਵ ਹੋਵੇ, ਭਗਤ ਜਨਾਂ ਦੇ ਨੇੜੇ ਬਾਰਾਂ ਬਰਸ ਹਰੀਭਜਨਦੇ ਆਸਰੇ ਕੋਟ ਗੁਜ਼ਰਨੇ ਕੋਈ ਔਖੇਨਹੀਂ, ਜਿਵੇਂ ਸਾਮ੍ਹਤੇਂਖਅਨੇਕਾਂ ਭਗਤਾਂ ਦੀ ਰੱਖਯਾ ਦੇ ਉਦਾਹਰਨ ਇਤਿਹਾਸ ਵਿੱਚ ਮਿਲਦੇ ਚਲੇ ਆਉਂਦੇ ਹਨ ਤਿਵੇਂ ਏਸ ਘਟਨਾਂ ਵਿੱਚ ਭੀ ਕੋਈ ਸ਼ੱਕ ਨਹੀਂ ਉਪਜ ਸਕਦਾ ਤੇ ਨਿਸਚੇ ਮੰਨ ਲੈਣ ਵਿੱਚ ਕੋਈ ਉਜ਼ਰ ਨਹੀਂ ਹੋ ਸੱਕਦਾ ਕਿ ਪੂਰਨ ਜੀ ਦੇ ਹਥ ਪੈਰ ਜ਼ਰੂਰ ਵੱਢੇ ਗਏ ਪਰ ਦੂਸਰੇ ਪਾਸੇ ਜੇ ਦੁਨੀਆਂ ਵਿੱਚ ਅਕਸਰ ਵਾਰਦਾਤਾਂ ਵੱਲ ਨਜ਼ਰ ਦੁੜਾਏ ਤਾਂ ਏਹ ਗੱਲਭੀ ਕੋਈਔਖੀ ਨਹੀਂ ਕਿ ਪੂਰਨ ਜੀ ਨਾਲ ਉਸੇਤਰਾਂ ਹੋਈ ਹੋਵੇ ਜਿਸਤਰਾਂ ਇਕ ਪੁਰਾਤਨ ੩੦ ਬਰਸ ਬੀਤ ਚੁੱਕੇ ਲੇਖਕ ਦਾ ਖਯਾਲ ਹੈ। ਹਰਹਾਲਤ ਵਿੱਚ ਸਾਡਾ ਨਿਸਚਾਭੀ ਇਹੋ ਮੰਨਦਾ ਹੈਕਿ ਜਿਵੇਂ ਰਾਜ ਘਰਾਣਿਆਂ ਵਿੱਚ ਇਸਤਰਾਂ ਦੀਆਂ ਅਨੇਕ ਘਟਨਾਂ ਹੁੰਦੀਆਂ ਹਨ ਤੇ ਵਜ਼ੀਰ ਜੇਹੜੇ ਦੂਰ ਦੀ ਸੋਚਨ ਵਾਲੇ ਅਕਲ ਦੇ ਕੋਟ ਹੁੰਦੇ ਹਨ ਉਹ ਐਸੇ ਦੁਪੱਦਰ ਨੂੰ ਕਿਸੇ ਢੰਗ ਨਾਲ ਰੋਕ ਲੈਂਦੇ ਹਨ, ਤੇ ਸਮਾਂ ਬਚਾਕੇ ਫੇਰ ਉਸ ਆਦਮੀ ਨੂੰ

ਕਰਦੇ ਰਾਜੇ ਨੂੰ ਏਸ ਹੋ ਚੁੱਕੇ ਅਨਰਥ ਦੀ ਖਬਰ ਪਹੁੰਚਾਣ ਲਈ ਮੁੜ ਪਏ ਹਨ, ਕੋਈ ਕਹਿੰਦਾ ਜਾ ਰਿਹਾ ਹੈ ਕਿ ਪੂਰਨ ਮੱਰਾ ਬੇਦੋਸ਼ਾ ਤੇ ਅਨਾਥ ਮਾਰਿਆ ਗਿਆ ਹੈ, ਕੋਈ ਕਹਿ ਰਿਹਾ ਹੈ ਕਿ ਪੂਰਨ ਸੱਚ ਮੁੱਚ ਧਰਮ ਅਵਤਾਰ ਸਰੂਪ ਸੀ, ਗੱਲ ਕੀ ਜਿੰਨੇ ੨ ਕਿਸੇ ਦੇ ਖਿਆਲ ਸਨ ਜ਼ਾਹਰ ਕਰਦੇ ਵਿਚਾਰੇ ਨਿਰਾਸ ਜਹੇ ਹੋਕੇ ਟੁਰੇ ਜਾ ਰਹੇ ਹਨ।

---

☞ਪ੍ਰਗਟ ਕਰਕੇ—ਜਿਸ ਲਈ ਕਿ ਰਾਜਾ ਕ੍ਰੋਧ ਵਸ ਹੋਕੇ ਕਤਲ ਦਾ ਹੁਕਮ ਦੇ ਚੁੱਕਾਹੁੰਦਾ ਹੈ—ਇਨਾਮ ਅਕਰਾਮ ਹਾਸਲ ਕਰਦੇ ਹਨ, ਸੋ ਏਸੇਤਰਾਂ ਜੇ ਏਸ ਘਟਨਾਂ ਨੂੰ ਲੰਬੀ ਸੋਚ ਦੀ ਨਜ਼ਰ ਨਾਲ ਵੇਖੀਏ ਤਾਂ ਦਿਲ ਮੰਨਦਾ ਹੈ ਤੇ ਹਾਲਾਤ ਦਸਦੇ ਹਨ ਕਿ ਸਿਵਾਏ ਲੂਣਾਂ ਤੇ ਰਾਜੇ ਦੇ ਪੂਰਨ ਭਗਤ ਦਾ ਘਾਤ ਕਰਨ ਵਿੱਚ ਕੋਈ ਐਹਲਕਾਰ, ਕੋਈ ਵਜ਼ੀਰ, ਕੋਈ ਅਮੀਰ ਤੇ ਨਾ ਹੀ ਪਰਜਾ ਦਾ ਕੋਈ ਆਦਮੀ ਰਾਜ਼ੀ ਸੀ, ਸਗੋਂ ਹਰਇਕ ਇਹੋ ਹੀ ਚਾਹੁੰਦਾ ਸੀ ਕਿ ਜਿਵੇਂ ਕਿਵੇਂ ਭੀ ਹੋਵੇ ਏਸ ਧਰਮਮੂਰਤਦਾ ਬਚਾਉਹੋਵੇ,ਰਾਣੀਇੱਛਰਾਂਦੀ ਪ੍ਰਬਲ ਇੱਛਾ ਭੀ ਇਹੋ ਹੀ ਸੀ, ਰਾਜੇ ਦ ਅਪਾਰ ਬਲ ਦੇ ਸਾਹਮਣੇ ਵਜ਼ੀਰਾਂ, ਅਮੀਰਾਂ,ਐਹਲਕਾਰਾਂ ਦੀ ਕੋਈਨਹੀਂ ਸੀ ਵੱਟੀਂਦੀ, ਹੋ ਸਕਦਾ ਹੈ ਕਿ ਉਨ੍ਹਾਂ ਨੇ ਤੇ ਰਾਣੀ ਇੱਛਰਾਂ ਨੇ ਮਿਲਕੇ ਜੱਲਾਦਾਂ ਦੀ ਰਾਹੀਂ ਏਸ ਅਨਿਸ਼ਟ ਨੂੰ ਰੋਕ ਲਿਆ ਹੋਵੇ, ਸੋ ਪਾਠਕ ਜੀ ਏਸ ਪੁਸਤਕ ਦੇ ਲੇਖਕ ਦੀ ਸੰਮਤੀ ਆਮ ਚਲੀ ਆ ਰਹੀ ਪੁਰਾਤਨ ਰਵਾਇਤ ਨਾਲੋਂ ਕਿਸ਼ਨ ਸਿੰਘ ਆਰਫ਼ ਜੀ ਦੀ ਲਿਖਤ ਨਾਲ ਬਹੁਤੀ ਸੰਭਾਵਨਾ ਰਖਦੀ ਹੈ ਤੇ ਅਸਲ ਵਾਕਿਆ ਇਸਤਰਾਂ ਹੀ ਹੋਯਾ ਖਿਆਲ ਕਰਦਾ ਹੈ।

Digitized by Panjab Digital Library | www.panjabdigilib.org

# ਪੂਰਨ ਜਤੀ ਖੂਹ ਵਿਚ

੨੮.

ਚਾਰੇ ਪਾਸੇ ਘੋਰ ਸੁੰਨਸਾਨ ਜੰਗਲ ਬੀਆਬਾਨ, ਨਾਂ ਵਸਤੀ ਨਾਂ ਗਿਰਾਂ, ਨਜ਼ਰ ਉਠਾ ਕੇ ਦੇਖਣ ਤੋਂ ਕੋਹਾਂ ਤੱਕ ਨਜ਼ਰੀ ਕੁਝ ਨਹੀਂ ਪੈਂਦਾ, ਸਾਂ ਸਾਂ ਦੀ ਡਰਾਉਣੀ ਅਵਾਜ਼ ਇਕ ਬੜਾ ਹੀ ਭਿਆਨਕ ਦ੍ਰਿਸ਼ਜ ਬਨਾ ਰਹੀ ਹੈ। ਅਜੇਹੇ ਸਮੇਂ ਐਸੇ ਭ੍ਰਿਆਨਕ ਜੰਗਲ ਵਿਚ ਕੌਣ ਮੁਸੀਬਤ ਮਾਰਿਆ ਹੈ ਜੋ ਭਟਕਦਾ ਫਿਰੇ, ਕਿਸ ਨੂੰ ਲੋੜ ਹੈ ਜੋ ਘਰ ਦੇ ਸੁਖ ਤੇ ਐਸ਼ ਅਰਾਮ ਛੱਡਕੇ ਬੀਆਬਾਨਾਂ ਵਿਚ ਠੋਕਰਾਂ ਖਾਂਦਾ ਫਿਰੇ, ਕੌਣ ਹੈ ਜੋ ਸ਼ੇਰ ਚਿਤ੍ਰੇ ਆਦਿਕ ਖੂੰਖਾਰ ਜਾਨਵਰਾਂ ਦੇ ਮੂੰਹ ਵਿਚ ਜਾਣ ਬੁੱਝਕੇ ਪਵੇ ਤੇ ਐਸਾ ਮਹਾਂ ਭਿਯੰਕਰ ਸਮੇਂ ਵਿਚ ਜੰਗਲ ਯਾਤ੍ਰਾ ਕਰਕੇ ਆਪਣੇ ਜਾਨ ਮਾਲ ਨੂੰ ਖਤਰੇ ਵਿੱਚ ਪਾਵੇ। ਕੇਵਲ ਓਹੋ ਹੀ ਮੁਸੀਬਤ ਮਾਰੇ ਐਸੀਆਂ ਮਨ ਨੂੰ ਹਿਲਾ ਦੇਣ ਵਾਲੀਆਂ ਥਾਵਾਂ ਪਰ ਸਦੀਵ ਵਿਚਰਦੇ ਅਕਸਰ ਦਿਖਾਈ ਦਿਆ ਕਰਦੇ ਹਨ, ਜਿਨ੍ਹਾਂ ਨੂੰ ਕਰਮ ਗਤ ਨੇ ਧੋਖਾ ਦਿੱਤਾ ਹੋਵੇ, ਜਿਨ੍ਹਾਂ ਨੂੰ ਈਸ਼੍ਵਰ ਨੇ ਮੁਸੀਬਤ ਪਾਈ ਹੋਵੇ, ਜਿਨ੍ਹਾਂ ਤੇ ਨਿਰੰਕਾਰ ਦੇ ਦਰੋਂ ਕਹਿਰ ਦੀ ਹਨੇਰੀ ਝੁਲ ਪਈ ਹੋਵੇ, ਭਲਾ ਹੋਰ ਕੌਣ ਹੈ ਜੋ ਸੁਖ ਚੈਨ ਦੀ ਜ਼ਿੰਦਗੀ ਛੱਡਕੇ ਮੁਸੀਬਤ ਦੇ ਪੰਜੇ ਵਿਚ ਜਾਣ ਬੁੱਝਕੇ ਫਸੇ, ਸਦਾ ਮੁਸੀਬਤ ਵਿਚ ਹਰ ਇਕ ਇਨਸਾਨ ਖੁਦ ਨਹੀਂ ਪੈਂਦਾ ਸਗੋਂ ਉਸਦਾ ਮਾਲਕ ਤੇ ਪਾਲਕ ਯਾਂ ਜਿਸਨੂੰ ਆਮ ਲੋਕ ਲੇਖ ਲਿਖਨਹਾਰੀ ਬਿਧਨਾਂ ਕਿਹਾ ਕਰਦੇ ਹਨ ਪਾਉਂਦੀ ਹੈ, ਤੇ ਘਸਵੱਟੀ ਪਰਖ ਕੇ ਸੋਨੇ ਪਿੱਤਲ ਦਾ ਨਿਸਤਾਰਾ ਕਰਦੀ ਹੈ।

Digitized by Panjab Digital Library | www.panjabdigilib.org

ਅੱਜ ਉਸੇ ਬਿਧਨਾਂ ਦੇ ਪੰਜੇ ਵਿਚ ਕਾਬੂ ਆਏ ਹੋਏ ਦੈਵ ਗਤੀ ਨੂੰ ਸਿਰ ਮੱਥੇ ਰੱਖੀ ਸਾਡੇ ਕੰਵਰ ਪੂਰਨ ਚੰਦ ਜੀ ਇਸ ਉਜਾੜ ਦੇ ਇਕ ਨੁੱਕਰ ਵਾਲੇ ਖੂਹੇ ਵਿਚ ਲਟਕ ਰਹੇ ਵਿਖਾਈ ਦੇ ਰਹੇ ਹਨ। ਠੀਕ ਪੂਰਨ ਜੀ ਨੂੰ ਏਹ ਭਾਰੀ ਸਜਾ ਜਤ ਸਤ ਦੀ ਰੁੜ੍ਹਦੀ ਜਾਂਦੀ *ਨਾਉ ਨੂੰ ਬਚਾਉਣ ਦੀ ਖਾਤ੍ਰ ਹੀ ਮਿਲੀ ਹੈ, ਕਿਉਂ ਨਾਂ ਹੋਵੇ, ਜਗਤ ਅੰਦਰ ਕੇਹੜਾ ਧਰਮ ਅਵਤਾਰ, ਭਗਤ, ਨਬੀ, ਰਸੂਲ, ਹਾਦੀ, ਪੈਗੰਬਰ, ਸੁਧਾਰਕ ਹੋਇਆ ਹੈ ਜਿਸਨੂੰ ਧਰਮ ਤੇ ਅਸੂਲ ਨੂੰ ਕਾਇਮ ਰੱਖਣ ਬਦਲੇ ਅਸਹਿ ਕਸ਼ਟ ਨਹੀਂ ਸਹਿਣੇ ਪਏ। ਇਤਿਹਾਸ ਪੁਕਾਰ ੨ ਕੇ ਗਵਾਹੀ ਦੇ ਰਿਹਾ ਹੈ ਕਿ ਧਰਮ ਦੀ ਜਗਵੇਦੀ ਪਰ ਕੁਰਬਾਨ ਹੋਨ ਵਾਲੇ ਭਾਈ ਮਨੀ ਸਿੰਘ ਜੀ, ਭਾਈ ਬੋਤਾ ਸਿੰਘ ਜੀ, ਭਾਈ ਮਤਾਬ ਸਿੰਘ ਜੀ ਆਦਿਕਾਂ ਨੂੰ ਕੀਹ ਕੀਹ ਤਸੀਹੇ ਦਿਤੇ ਗਏ, ਤੇ ਕਿਵੇਂ ਏਸ ਪੰਜਾਬ ਦੇਸ ਨੂੰ ਭਾਗ ਲਾਣ ਵਾਲੇ ਪਵਿੱਤ੍ਰ ਆਤਮਾਂ ਸ਼ਾਂਤਮਈ ਅਵਤਾਰ ਸ੍ਰੀ ਗੁਰੂ ਅਰਜਨ ਦਵ ਜੀ ਨੂੰ ਕਰੜੇ ਤੋਂ ਕਰੜੇ ਖੇਦ ਅਸੂਲ ਛੁਡਾਉਣ ਲਈ ਦਿਤੇ ਗਏ, ਜਿਨ੍ਹਾਂ ਨੂੰ ਪੜ੍ਹਦਿਆਂ ਸੁਣਦਿਆਂ ਲੂੰ ਕੰਡੇ ਖੜੇ ਹੋ ਜਾਂਦੇ ਹਨ, ਏਸ ਗੱਲ ਵਿਚ ਰੰਚਕ ਮਾਤ੍ਰ ਭੀ ਸ਼ੱਕ ਨਹੀਂ ਕਿ ਜੋ ਪਵਿੱਤ੍ਰ ਆਤਮਾਵਾਂ ਸੰਸਾਰਕ ਸੁਧਾਰ ਦਾ ਆਦਰਸ਼ ਲੈਕੇ ਜਗਤ ਅੰਦਰ ਸਰੀਰ ਧਾਰੀ ਹੋਈਆਂ, ਉਹਨਾਂ ਲਈ ਏਹ ਦੁਨਿਆਵੀ ਕਸ਼ਟ ਅਮਰ ਪਦ ਦੀ ਨੋਕ ਪਰ ਲੈ ਜਾਣ ਦਾ ਇਕ ਉਤਮ ਤੇ ਸਖੈਨ ਵਸੀਲਾ ਸਾਬਤ ਹੋਏ, ਜੋ ਕਸ਼ਟ ਆਮ ਸ਼੍ਰੇਣੀ ਦ ਲੋਕਾਂ ਲਈ ਅਜਿੱਤ ਹੁੰਦੇ ਹਨ ਓਹਨਾਂ ਪਰ ਭਗਤ ਜਨਾਂ ਤੇ ਰੱਬੀ ਬੰਦਿਆਂ ਲਈ ਫਤਹ

*ਕਿਸ਼ਤੀ ਯਾ ਬੇੜੀ।

Digitized by Panjab Digital Library | www.panjabdigilib.org

ਹਾਸਲ ਕਰ ਲੈਣੀ ਖੱਬੇ ਹੱਥ ਦੀ ਖੇਡ ਹੁੰਦੀ ਹੈ, ਰੱਬ ਦੇ ਪਿਆਰ ਵਾਲਿਆਂ ਤੇ ਧਰਮ ਤੋਂ ਵਾਰਨੇ ਹੋ ਜਾਣ ਵਾਲੇ ਪਤੰਗਿਆਂ ਦੀਆਂ ਅਨਗਿਣਤ ਮਿਸਾਲਾਂ ਪੰਜਾਬ ਦੇ ਇਤਿਹਾਸ ਵਿਚ ਲਗਾਤਾਰ ਚਲੀਆਂ ਆ ਰਹੀਆਂ ਹਨ। ਏਸੇ ਤਰਾਂ ਰਾਜਕੁਮਾਰ ਪੂਰਨ ਜੀ ਦਾ ਨਾਮ ਭੀ "ਭਗਤ" ਪਦ ਨਾਲ ਸੁਸ਼ੋਭਿਤ ਹੋਕੇ ਛਿਨ ਭਰ ਦਾ, ਦੇਹੀ ਪਰ ਦੁਖ ਸਹਾਰਨ ਦੇ ਬਦਲੇ ਇਖਲਾਕ ਤੋਂ ਮਰ ਮਿਟਨ ਵਾਲੇ ਮਹਾਂ ਪੁਰਖਾਂ ਦੇ ਇਤਿਹਾਸ ਵਿਚ ਮੋਟੇ ਮੋਟੇ ਸੁਨੈਹਰੀ ਅੱਖਰਾਂ ਨਾਲ ਅੱਜ ਤੱਕ ਉਕਰਿਆ ਚਲਿਆ ਆਉਂਦਾ ਹੈ ਤੇ ਸੰਸਾਰ ਲਈ ਇਕ ਜੀਉਂਦੀ ਜਾਗਦੀ ਇਖਲਾਕੀ ਲਹਿਰ ਨੂੰ ਪਰਫੁਲਤ ਕਰਨ ਲਈ ਸੋਨੇ ਪਰ ਸੁਹਾਗੇ ਦਾ ਕੰਮ ਕਰ ਰਿਹਾ ਹੈ। ਯੁਵਰਾਜ ਪੂਰਨ ਚੰਦ ਜੀ ਐਸੀ ਦਸ਼ਾ ਵਿਚ ਜਦ ਕਿ ਉਹ ਇਕ ਕਾਲੇ ਬੋਲੇ ਅੰਧਾਧੁੰਦ ਖੂਹੇ ਵਿਚ ਬੇਦਰਦੀ ਨਾਲ ਸੱਟ ਦਿਤੇ ਗਏ ਸਨ, ਬਿਲਕੁਲ ਧੀਰਜਵਾਨ ਰਹੇ, ਮਾਨੋਂ ਅਧੀਰਜੀ ਹੋਣਾ ਉਹਨਾਂ ਕਦੇ ਸੁਣਿਆਂ ਹੀ ਨਹੀਂ? ਅਡੋਲ ਰੱਬੀ ਓਟ ਦੇ ਆਸਰੇ ਖੂਹੇ ਵਿੱਚ ਖੜੇ ਹਰੀ ਦਾ ਭਜਨ ਕਰ ਰਹੇ ਹਨ, ਅੱਖਾਂ ਅਸਮਾਨ ਵੱਲ ਲੱਗ ਰਹੀਆਂ ਹਨ ਤੇ ਰਜ਼ਾ ਵਿੱਚ ਮਸਤ ਹਨ, ਹਰੀ ਭਜਨ ਦੇ ਸਦਕੇ ਕੋਈ ਖੇਦ ਕੋਈ ਕਸ਼ਟ ਨਹੀਂ ਉਪਜਦਾ, ਲਗਾਤਾਰ ਮਨ ਇਕ ਰਸ ਦਾਤਾਰ ਸਿਰਜਨਹਾਰ ਦੇ ਚਰਨਾਂ ਨਾਲ ਜੁੜਿਆ ਹੋਯਾ ਉਸ ਪਤੀ ਪੂਰਨ ਦੀ ਸਿਫਤ ਸਲਾਹ ਦੇ ਸ਼ਬਦ ਕਹੀ ਜਾ ਰਿਹਾ ਹੈ, ਭਾਂਵੇਂ ਕਸ਼ਟ ਕੇਡਾ ਦੁਖਦਾਈ ਤੇ ਅਸਹਿਹੈਪਰ ਹਰੀਭਜਨ ਵਿੱਚ ਐਤੀ ਆਕਰਖ਼ਣ ਸ਼ਕਤੀ ਹੈ ਜੋ ਪੂਰਨ ਜੀ ਦੇ ਜ਼ਖਮਾਂ ਤਥਾ ਹੱਥਾਂ ਪੈਰਾਂ ਨੂੰ ਭੀ ਹੌਲੇ ੨ ਵੱਲ ਕਰੀ ਜਾ ਰਹੀ ਹੈ ਤੇ

Digitized by Panjab Digital Library | www.panjabdigilib.org

"ਸਿਰ ਸਿਰ ਰਿਜ਼ਕ ਸੰਬਾਹੇ ਠਾਕਰ ਕਾਹੇ ਮਨ ਭਉ ਕਰਿਆ" ਦੀ ਤੁਕ ਦੇ ਬਿਰਦ ਨੂੰ ਭੀ ਪੂਰਾ ਕਰੀ ਜਾ ਰਹੀ ਹੈ। ਹੁਣ ਯੋਗੀ ਪੂਰਨ ਜੀ ਨੂੰ ਜੇ ਕਿਸੇ ਸ਼ੈ ਦੀ ਓਟ ਹੈ ਆਸਰਾ ਹੈ ਤਾਂ ਕੇਵਲ ਸਰਬਾਧਾਰ "ਨਿਮਖ ਨਿਮਖ ਤੁਮ ਹੀ ਪ੍ਰਤਿਪਾਲਕ ਨਾਇਕ ਖਸਮ ਹਮਾਰੇ" ਦਾ ਹੈ।

# ਪੁੱਤ੍ਰ ਵਿਯੋਗ ਵਿੱਚ ਰਾਣੀ ਇੱਛਰਾਂ ਦਾ ਵਿਰਲਾਪ

## ੨੯.

ਅੱਜ ਤੋਂ ਤ੍ਰੈ ਦਿਨ ਪਹਿਲਾਂ ਜੇਹੜੀ ਰਾਣੀ ਇੱਛਰਾਂ ਆਪਣੇ ਦੁਲਾਰੇ ਦਾ ਮੂੰਹ ਮੱਥਾ ਚੁੰਮ ਚੁੰਮਕੇ ਖੁਸ਼ ਤੇ ਖੀਵੀ ਹੋ ਹੋ ਕੇ ਬਲ਼ਾਵਾਂ ਲੈਂਦੀ ਦਿਖਾਈ ਦੇ ਰਹੀ ਸੀ, ਅੱਜ ਸਾਹਮਣੇ ਸਿਰ ਖੁੱਲ੍ਹਾ ਤੇ ਰੋ ਰੋਕੇ ਅੱਖਾਂ ਨੂੰ ਅੰਨ੍ਹਿਆਂ ਕਰ ਚੁੱਕੀ ਦਿਖਾਈ ਦੇ ਰਹੀ ਹੈ, ਪੁੱਤ੍ਰ ਦੇ ਵਿਛੋੜੇ ਦਾ ਸੱਲ ਐਡਾ ਭਾਰਾ ਹੈ ਕਿ ਉਸਦਾ ਕਲੇਜਾ ਛਾਨਣੀ ੨ ਹੁੰਦਾ ਜਾ ਰਿਹਾ ਹੈ ਤੇ ਵਿਲਕ ਵਿਲਕਕੇ ਆਹਾਂ ਤੇ ਆਹਾਂ ਮਾਰ ਰਹੀ ਹੈ, ਸੱਚ ਹੈ ਉਹ ਪੁੱਤ੍ਰ ਜਿਸਨੂੰ ਬੜੀ ਭਾਰੀ ਸਿੱਕ ਪਿੱਛੋਂ ਕ੍ਰੋੜਾਂ ਬੇਸ਼ੁਮਾਰ ਦੇਵੀ ਦੇਵਤਿਆਂ ਦੀ ਅਰਾਧਨਾਂ ਕਰਕੇ ਪ੍ਰਾਪਤ ਕੀਤਾ ਹੋਵੇ ਜੇ ਉਹ ਅੱਖਾਂ ਅੱਗੋਂ ਦੂਰ ਹੋ ਜਾਵੇ ਤਾਂ ਉਸਦੀ ਜਨਮ ਦਾਤੀ ਨੂੰ ਕੇਹੜਾ ਹੌਸਲਾ ਆਕੇ ਧੀਰਜ ਬਨ੍ਹਾਵੇ ? ਕੇਹੜੀ ਸ਼ਕਤੀ ਆਕੇ ਉਸਦੀ ਲੱਗੀ ਅੱਗ ਨੂੰ ਬੁਝਾ ਦੇਵੇ ? ਕੇਹੜਾ ਆਕੇ ਉਸਦੇ ਹੀਰੇ ਮਿਰਗ ਦੇ ਵਿਛੋੜੇ ਤੋਂ ਪ੍ਰਾਪਤ ਹੋਏ ਬਿਰਹੋਂ ਨੂੰ ਸ਼ਾਂਤ ਕਰ ਸਕੇ ? ਅੱਜ ਏਸੇ ਪੁੱਤ੍ਰ ਵਿਯੋਗ ਦੇ ਜ਼ਬਰਦਸਤ ਲਪੇਟ ਵਿੱਚ ਇੱਛਰਾਂ ਆਕੇ ਆਪਣੇ ਸਰੀਰ ਦਾ ਸੱਤਜਾਨਾਸ ਕਰ

Digitized by Panjab Digital Library | www.panjabdigilib.org

ਰਹੀ ਹੈ, ਸੱਚ ਹੈ—ਜਿਸਨੂੰ ਜ਼ਖਮ ਲੱਗਾ ਹੋਵੇ ਉਸਦੀ ਪੀੜ ਨੂੰ ਉਹੋ ਹੀ ਅਨਭਵ ਕਰ ਸੱਕਦਾ ਹੈ, ਜਿਵੇਂ "ਜਾਂਕੇ ਪਾਵ ਨ ਫਟੇ ਬਿਆਈ। ਸੋ ਕਿਤ ਜਾਣੇ ਪੀਰ ਪਰਾਈ" ਸੋ ਇੱਛਰਾਂ ਭੀ ਆਪਣੀ ਅੰਦ੍ਰਲੀ ਪੀੜਾ ਨੂੰ ਜੋ ਉਸ ਪਰ ਅੱਚਨਚੇਤ ਬੈਠੀ ਸੁੱਤੀ ਨੂੰ ਗ਼ੈਬੋਂ ਆ ਪਈ ਸੀ, ਬਿਰਹੋਂ ਕਰਦੀ ਤੇ ਇਸਤਰਾਂ ਕੀਰਨੇ ਪਾ ਰਹੀ ਅਪਨੇ ਅੱਲ੍ਹੜ ਉਮਰ ਦੇ ਕੁਦਰਤੀ ਸਿੱਧੇ ਸਾਦੇ ਜਤੀ ਪੁੱਤ੍ਰ ਦਾ ਦੁੱਖ ਅਨਭਵ ਕਰ ਕਰਕੇ ਇਉਂ ਲਿੱਲਾਂ ਦੇ ਰਹੀ ਹੈ ਕਿ ਹੇ ਮੇਰੀਆਂ ਆਂਦਰਾਂ ਨੂੰ ਠੰਢ ਪਾਉਂਣ ਵਾਲਿਆ ਤੇ ਮੇਰੀਆਂ ਅੱਖੀਆਂ ਨੂੰ ਠੰਢਵਰਤਾਉਂਣ ਵਾਲਿਆ ਪੂਰਨਾਂ! ਜਿਨ੍ਹਾਂ ਚੰਦਰੇ ਜੱਲਾਦਾਂ ਨੇ ਤੇਰੇ ਹੱਥ ਪੈਰ ਵੱਢੇ ਹਨ ਉਹ ਜੁਆਨੀਓਂ ਟੁੱਟ ਪੈਣ, ਰੱਬਾ! ਉਨ੍ਹਾਂ ਦੀਆਂ ਇਸਤ੍ਰੀਆਂ ਭੀ ਮੇਰੇ ਵਾਕਣ ਆਪੋ ਆਪਣੇ ਘਰੀਂ ਏਸੇਤਰਾਂ ਹੀ ਕੀਰਨੇ ਕਰਦੀਆਂ ਦੁਖੀ ਦਿਖਾਈ ਦੇਣ, ਹੇ ਰੱਬਾ! ਜੇ ਤੂੰ ਸੱਚਾ ਹੈਂ ਤਾਂ ਮੇਰੇ ਬੇਗੁਨਾਹ ਪੂਰਨ ਦਾ ਫੇਰ ਮਿਲਾਪ ਕਰਾ ਦੇਹ, ਹੇ ਡਾਢਿਆ ਰੱਬਾ! ਕੀ ਤੈਨੂੰ ਮੈਂ ਨਿਮਾਣੀ ਦੇ ਹੀ ਅੱਲ੍ਹੜ ਪੁੱਤ੍ਰ ਦਾ ਖ਼ੂਨ ਪੀਣ ਲਈ ਦਿਸਦਾ ਸੀ? ਮੇਰੀ ਸਾਰੀ ਉਮਰ ਦੀ ਸੱਧਰ ਤੇ ਕਮਾਈ ਵੇ ਲੋਕੋ! ਡਾਢਾ ਲੈ ਗਿਆ ਜੇ, ਵੇ ਕੋਈ ਬਹੁੜੋ ਤੇ ਮੇਰੇ ਧਰਮੀ ਪੁੱਤਰ ਦੀ ਰੱਖਜਾ ਕਰੋ ਤਾਂ ਜੋ ਮੈਂ ਵਿਚਾਰੀ ਭੀ ਔਂਤਰੀ ਨਾ ਹੋਵਾਂ, ਵੇ ਰਾਮ ਦੁਹਾਈ ਵੇ! ਕੋਈ ਬਹੁੜੋ ਤੇ ਰਾਮ ਆਸਰ ਹੀ ਮੇਰੀ ਅਬਲਾ ਤ੍ਰੀਮਤ ਦੀ ਮਦਦ ਕਰਕੇ ਮੇਰੇ ਲਾਲ ਨੂੰ ਬਚਾ ਲਵੋ, ਬਹੁੜੋ ਬਹੁੜੋ ਵੇ ਕੋਈ ਬਹੁੜੋ। ਹੁਣ ਡੂੰਘੀਆਂ ਵਿਲਕਣੀਆਂ ਤੇ ਕੀਰਨਿਆਂ ਦਾ ਨਤੀਜਾ ਕੀ ਨਿਕਲਨਾਂ ਸੀ? ਸੁਖੱਈਆਂ ਵਾਂਗ ਅੱਖਾਂ ਮਿਟਨ ਲੱਗ ਪਈਆਂ, ਸਾਰੀ ਸਾਰੀ ਰਾਤ ਤੇ ਸਾਰਾ ਿਦਨ

Digitized by Panjab Digital Library | www.panjabdigilib.org

ਚਵੀ ੨ ਘੰਟੇ ਪੁਤ੍ਰ ਵਿਯੋਗ ਦੇ ਅੱਥਰੂ ਕੇਰਨ ਨਾਲ ਤੇ ਅੱਖਾਂ ਦੀਆਂ ਪੁਤਲੀਆਂ ਵਿੱਚੋਂ ਗੜਿਆਂ ਜੇਡੇ ਹੰਝੂ ਕਿਰ ੨ ਕੇ ਪਾਨੀ ਦਾ ਚਸ਼ਮਾਂ ਭੀ ਖਤਮ ਹੋ ਚੁਕਾ ਸੀ, ਹੁਣ ਨਿਤਾਣੀਆਂ ਹੋ ਗਈਆਂ ਤੇ ਆਪਣੇ ਵਿੱਚ ਤਾਨ ਨਾ ਹੋਣ ਦੇ ਕਾਰਨ ਮਿਟ ਗਈਆਂ ਹਨ। ਭਲਾ ਪਾਠਕ ਜੀ! ਐਡੀ ਦੁਖਿਆਰੀ ਤੇ ਕਹਿਰ ਦੀ ਵਾਰਦਾਤ ਕਦੋਂ ਇਕ ਮਿੰਟ ਭੀ ਇੱਛਰਾਂ ਅੱਖਾਂ ਤੋਂ ਪਰੇ ਹਟਾ ਸਕਦੀ ਸੀ ? ਦੋ ਕੁ ਮਿੰਟ ਊਂਘ ਲੈਕੇ ਝੱਟ ਫੇਰ ਅੱਖਾਂ ਬਦੋ ਬਦੀ ਖੋਹਲਣ ਲੱਗ ਪਈ ਤੇ ਲੱਗੀ ਵਿਰਲਾਪ ਕਰਨ ਕਿ ਹੇ ਪੂਰਨਾਂ! ਹੁਣ ਤੇਰੀਆਂ ਤੋਤਲੀਆਂ ਗੱਲਾਂ ਨਾਲ ਮੈਨੂੰ ਕੌਣ ਖੁਸ਼ ਕਰੇਗਾ ? ਤੇਰੀਆਂ ਖੁਸ਼ ਕਰਨ ਦੀਆਂ ਖੇਡਾਂ ਦਾ ਹੁਣ ਮੁੱਚ ਮੁੱਚ ਅੰਤ ਹੋ ਚੁੱਕਾ ਹੈ, ਤੇ ਹੁਣ ਯਕੂਬ ਦੀ ਮਾਂ ਵਾਂਗ ਮੇਰੇ ਮਰ ਜਾਣ ਦਾ ਵੇਲਾ ਨੇੜੇ ਆ ਗਿਆ ਹੈ, ਰਾਜੇ ਨੇ ਮੇਰੇਨਾਲ ਸੱਚਾ ਨਿਆਉਂ ਨਹੀਂ ਕੀਤਾ, ਉਸਨੇ ਮੇਰੇਨਾਲ ਪਤੀ ਪਤਨੀ ਵਾਲੇ ਫਰਜ਼ ਸਿਰੇ ਨਹੀਂ ਚਾੜ੍ਹੇ, ਉਸਨੇ ਸਾਧੂਆਂ ਨੂੰ ਬੰਨ੍ਹਕੇ ਤੇ ਚੋਰਾਂ ਨੂੰ ਛੱਡ ਦੇਣ ਵਾਲਾ ਘੋਰ ਜ਼ੁਲਮ ਮੇਰੇ ਤੇ ਕੀਤਾ ਹੈ, ਹੱਛਾ ਏਹ ਮੇਰੀ ਕਰਮਾਂ ਦੀ ਰੇਖ ਦੇ ਖੋਟੇ ਲੇਖਾਂ ਦਾ ਭਾਂਡਾ ਫੁੱਟ ਗਿਆ ਹੈ, ਜਿਸਦਾ ਫਲ ਅੱਜ ਮੈਨੂੰ ਏਹ ਅਣਹੋਣਾਂ ਸੱਲ ਸਹਿਣਾਂ ਪਿਆ ਹੈ, ਹੇ ਰੱਬਾ! ਹੁਣ ਤਾਂ ਮੇਰੇ ਦੁੱਖਾਂ ਦਾ ਬਹੁਤ ਕੁਝ ਬੇੜਾ ਭਰ ਚੁਕਾ ਹੈ, ਹੁਣ ਮੈਂ ਮਰ ਜਾਵਾਂ ਤਾਂ ਮੇਰੇ ਨਾਲ ਹੀ ਏਹ ਦੁੱਖ ਰੂਪੀ ਬੇੜਾ ਭੀ ਗ਼ਰਕ ਹੋ ਜਾਵੇਗਾ ਤੇ ਮੈਂ ਰੋਜ ਦੇ ਤਸੀਹੇ ਤੇ ਦੁਖ ਦੇਖਣ ਤੋਂ ਛੁਟ ਜਾਵਾਂਗੀ? ਹੁਣ ਮੇਰੇ ਵਿਚ ਨਾ ਉਠਣ ਦੀ, ਨਾ ਬੈਠਣ ਦੀ, ਨਾ ਗੱਲ ਕਰਨ ਦੀ, ਕਿਸੇ ਤਰਾਂ ਦੀ ਭੀ ਹਿੰਮਤ ਨਹੀਂ ਰਹੀ, ਏਸ ਵਾਸਤੇ ਹੇ ਭਗਵੰਤ! ਹੁਣ

Digitized by Panjab Digital Library | www.panjabdigilib.org

ਮੇਰੀ ਪਾਪਣ ਜਿੰਦ ਦਾ ਨਿਬੇੜਾ ਕਰੋ, ਰਾਮਚੰਦ੍ਰ ਵਾਂਗ ਪੁੱਤ੍ਰ ਨੂੰ ਬਨਵਾਸ ਦੇ ਕੇ ਰਾਜੇ ਨੇ ਮੇਰੇ ਗਲ ਤੇ ਤੇਜ਼ ਛੁਰੀ ਫੇਰੀ ਹੈ, ਇਹ ਦੁਖ ਸਹਾਰਨ ਦੀ ਤਾਕਤ ਮੇਰੇ ਵਿਚ ਨਹੀਂ, ਸੋ ਹੇ ਮਨਾ! ਹੁਣ ਪੁੱਤ੍ਰ ਦੀ ਮੌਤ ਪਿਛੋਂ ਮੇਰੇ ਲਈ ਜੀਉਣਾ ਧ੍ਰਿਗ ਤੇ ਧਿਰਕਾਰ ਹੈ। ਮੇਰਾ ਪੁੱਤ੍ਰ ਭਾਵੇਂ ਧਰਮ ਦੀ ਲਾਟ ਪਰ ਕੁਰਬਾਨ ਹੋ ਗਿਆ ਹੈ, ਭਾਵੇਂ ਉਸ ਨੇ ਮੇਰੀ ਕੁਖ ਨੂੰ ਕਲੰਕ ਨਹੀਂ ਲੱਗਣ ਦਿੱਤਾ, ਭਾਵੇਂ ਉਸ ਨੇ ਜਤ ਸਤ ਦੀ ਛੱਦ ਨਹੀਂ ਟੁੱਟਣ ਦਿੱਤੀ, ਭਾਵੇਂ ਉਹ ਸਤਿਯੁਗੀ ਜੀਵਾਂ ਵਰਗਾ ਕਾਰਾ ਕਰਕੇ ਆਪਣੀ ਜੀਵਨ ਯਾਤ੍ਰਾ ਤੋਂ ਹੱਥ ਧੋ ਬੈਠਾ ਹੈ, ਪਰ ਹੁਣ ਮੈਂ ਤੱਤੀ ਭੀ ਅੰਤ ਕੀਹਦੇ ਆਸਰੇ ਜੀਵਾਂ। ਏਸ ਜੀਉਣੇ ਨਾਲੋਂ ਤਾਂ ਪੁੱਤ੍ਰ ਦੇ ਮਗਰ ੨ ਹੀ ਏਸ ਪਾਪ ਨਗਰੀ ਤੋਂ ਬਿਸਤ੍ਰਾ ਬੰਨ੍ਹਕੇ ਕੂਚ ਕਰ ਜਾਣਾ ਚੰਗਾ ਹੈ, ਕਾਸ਼! ਮੈਂ ਪੁੱਤ੍ਰ ਦੇ ਵੱਢੇ ਹੋਏ ਹੱਥ ਪੈਰ ਏਹਨਾਂ ਸੜ ਜਾਣੇ ਦੀਦਿਆਂ ਨਾਲਨਾ ਵੇਖਦੀ ਤੇ ਏਸ ਕਹਿਰ ਦੀ ਹਨੇਰੀ ਝੁਲਣ ਤੋਂ ਪਹਿਲਾਂ ਨਿਰੰਕਾਰ ਦੀ ਦਰਗਾਹੇ ਜਾਕੇ ਕਾਸਦ ਦਾ ਕੰਮ ਕਰਦੀ ਤੇ ਧਰਮੀ ਪੁੱਤ੍ਰ ਪਰ ਐਸੇ ਉਪੱਦਰ ਦੇ ਰੋਕਣ ਲਈ ਉਸ ਸੱਚੀ ਅਦਾਲਤ ਵਿਚੋਂ ਪ੍ਰਵਾਨਾਂ ਭਿਜਵਾਉਂਦੀ, ਪਰ ਮੈਂ ਨਿਖੁੱਟੀ ਦੀ ਐਸੀ ਚੰਗੀ ਕਿਸਮਤ ਕਿਥੋਂ, ਜੋ ਪੁੱਤ੍ਰ ਦਾ ਸੱਲ ਦੇਖਣ ਤੋਂ ਪਹਿਲਾਂ ਹੀ ਉਸ ਟਿਕਾਣੇ ਜਾ ਪਹੁੰਚਦੀ, ਜਿਥੇ ਕਿ ਪਤਾ ਨਹੀਂ ਮੇਰੇ ਸਰੀਰ ਦੇ ਹਿਸੇ ਤੋਂ ਬਣਿਆਂ ਹੋਯਾ ਸਰੀਰਧਾਰੀ ਪੁੱਤ੍ਰ ਕਿਨ੍ਹਾਂ ਮੱਛਾਂ ਕੱਛਾਂ ਯਾਂ ਜੰਗਲੀ ਜਾਨਵਰਾਂ ਆਦਿਕ ਦੇ ਮੂੰਹ ਪਿਆ ਭੋਜਨ ਬਨਦਾ ਹੋਵੇਗਾ।ਹੇ ਮਨ, ਹੁਣ ਰਾਜ ਮਹਿਲਾਂ ਵਿਚ ਸੋਹਣੇ ੨ ਗੁਦਗੁਦੇ ਮਖਮਲੀ ਗੁਧੇਲਿਆਂ ਪਰ ਸੌਂਕੇ ਰਾਤ ਕੱਟਣਵਾਲੇ ਆਰਾਮਨੂੰਛੱਡ ਤੇਹੁਣ ਏਹਨਾਂ ਸਾਰੇ ਸੁਖਾਂਨੂੰ

Digitized by Panjab Digital Library | www.panjabdigilib.org

ਪੱਛੀ ਲਾ ਏਹਨਾਂ ਮਹਿਲ ਤੇ ਮਾੜੀਆਂ ਤੋਂ ਛੁਟ ਏਸ ਪਟ-ਰਾਣੀ ਪੂਣੇ ਨੂੰ ਅੱਗ ਲਾ ਦੇਹ, ਏਹਨਾਂ ਨੌਕਰਾਂ ਚਾਕਰਾਂ ਤੇ ਗੋੱਲੀਆਂ ਨੂੰ ਜਿਨ੍ਹਾਂ ਮੇਰੇ ਧਰਮੀ ਪੁੱਤ੍ਰ ਨੂੰ ਇਸ ਲੂਣਾਂ ਤੱਤੀ ਦੇ ਜਾਲ ਵਿਚ ਫਸਾਉਣ ਲਈ ਮੱਦਦ ਦਿੱਤੀ ਆਪਨੇ ਨੇੜ੍ਹਾਂ ਤੋਂ ਸਦਾ ਲਈ ਹਟਾ ਦੇਹ।

# ਲੂਣਾਂ ਨੂੰ ਫਿਟਕਾਰ

## ੩੦.

ਇਸ ਤਰਾਂ ਇਹ ਰਾਜ ਮਹਿਲ ਦੀ ਪਟਰਾਣੀ ਦੁਖ-ਦਾਈ ਦਸ਼ਾ ਵਿਚ ਮਨੋਵਾਦ ਕਰੀ ਜਾ ਰਹੀ ਹੈ ਤੇ ਆਪਣੇ ਆਪ ਦਾ ਦੁਨੀਆਂ ਵਿਚ ਕੋਈ ਮਦਦਗਾਰ ਨਾ ਸਮਝਦੀ ਹੋਈ ਆਪਣੇ ਹੀਰੇ ਪੁੱਤ੍ਰ ਦੇ ਵਿਛੋੜੇ ਵਿਚ ਵਿਰਲਾਪ ਕਰਦੀ ਮਗਨ ਹੋਈ ਹੋਈ ਸਿਰ ਦੀਆਂ ਲਿਟਾਂ ਖੋਹ ਖੋਹ ਕੇ ਸਾਮ੍ਹਣੇ ਢੇਰ ਲਾ ਬੈਠੀ ਹੈ ਤੇ ਬਾਵਰਿਆਂ ਵਾਂਗ ਕਦੀ ਕਦੀ ਜਿਵੇਂ ਕੋਈ ਅੱਭੜਵਾਹਿਆ ਨੀਂਦਰ ਵਿਚੋਂ ਸੁਤਾ ਪਿਆ ਬੋਲ ਉਠਦਾ ਹੈ ਬੋਲ ਉਠਦੀ ਹੈ ਤੇ ਏਹੋ ਹੀ ਲਗਾਤਾਰ ਕਹਿੰਦੀ ਜਾ ਰਹੀ ਹੈ ਕਿ ਰਾਜੇ ਨੇ ਮੇਰੇ ਨਾਲ ਜ਼ੁਲਮ ਕੀਤਾ ਹੈ! ਜ਼ੁਲਮ ਕੀਤਾ ਹੈ!! ਜ਼ੁਲਮ ਕੀਤਾ ਹੈ!!! ਜਿਸਦਾ ਫਲ ਉਹ ਡਾਹਢਾ ਕਰਤਾਰ ਦੇਵੇਗਾ ਤੇ ਅੰਤ ਲੂਣਾਂ ਤੱਤੜੀ ਨੂੰ ਭੀ ਇਂਵ ਕਹਿਣ ਲੱਗ ਜਾਂਦੀ ਹੈ, ਕਿ ਹਤਿਆਰੀਏ ਤੇ ਮਹਾਂ ਚੰਦ੍ਰੀਏ ਲੂਣਾਂ! ਪੁੱਤ੍ਰ ਮਰਵਾਕੇ ਇਕ ਲੰਗੋਟ ਦੇ ਸਤੀ ਦਾ ਖੂਨ ਕਰਵਾਕੇ ਹੁਣ ਕੀ ਹੱਥ ਆਯਾ ਹਈ? ਲੰਗੋਟ ਦੇ ਸਤੀ ਪੁੱਤ੍ਰ ਪੂਰਨ ਨੇ ਆਪਣਾ ਪਿਆਰਾ ਧਰਮ ਬਚਾਕੇ ਤੇਰੇ ਅਨੂਪ ਰੂਪ ਪੁਰ ਲਾਨਤ ਪਾਕੇ ਥੁੱਕ ਦਿਤਾ ਹੈ। ਹੁਣ ਕਦੇ ੨ ਸਿਦਕ ਦੇ ਪੁਤਲੇ ਪੁੱਤ੍ਰ ਪੂਰਨ ਦੇ ਮਰਦਊ ਪੁਣੇ ਦੀ ਤਾਰੀਫ ਭੀ ਕਰਨ

Digitized by Panjab Digital Library | www.panjabdigilib.org

ਲੱਗ ਜਾਂਦੀ ਹੈ ਤੇ ਕਦੀ ਵਿਛੋੜੇ ਵਿੱਚ ਐਸੀ ਸੱਥਰ ਲੱਥ ਜਾਂਦੀ ਹੈ ਕਿ ਗੋੱਲੀਆਂ ਬਾਂਦੀਆਂ ਆਸ ਕਰਨਲੱਗ ਜਾਂਦੀਆਂ ਹਨ ਕਿ ਏਸ ਵਾਰੀ ਰਾਣੀ ਗਈ ਹੀ ਗਈ, ਪਰ ਕਿੱਥੋਂ ? ਜਿਸਦੇ ਕਰਮਾਂ ਦਾ ਚੱਕਰ ਬਦਲ ਗਿਆ ਹੋਵੇ, ਜਿਸਦੀ ਕਰਮ ਰੂਪੀ ਘੜੀ ਦੀ ਸੂਈ ਹੀ ਪੁੱਠੀ ਫਿਰ ਗਈ ਹੋਵੇ ਉਸਦਾ ਠੀਕ ਵਕਤ ਪਰ ਚੱਲਕੇ ਘੜੀ ਦੇ ਮਾਲਕ ਨੂੰ ਪੂਰਾ ਵਕਤ ਦੇਣਾ ਕਿੱਥੇ ? ਏਥੇ ਤਾਂ ਇੱਛਰਾਂ ਦੀ ਰੇਖ ਰੂਪੀ ਘੜੀ ਹੀ ਵਿਗੜੀ ਪਈਹੈ,ਵਿਚਾਰੀ ਨਾਲ ਕੋਈ ਕਨੀਜ਼ਕੋਈਗੋਲੀ ਬਾਂਦੀ ਭੀ ਰਾਜੇ ਦੇ ਕ੍ਰੋਧ ਤੋਂ ਡਰਦੀ ਖੁੱਲੇ ਦਿਲ ਦਰਦ ਨਹੀਂ ਵਡਾਂਦੀ, ਐਸ ਵੇਲੇ ਜੇ ਐਸੀ ਅਪਦਾ ਵਿੱਚ ਘਿਰੀ ਹੋਈ ਰਾਣੀ ਇੱਛਰਾਂ ਦੀ ਮਦਦ ਕਰ ਰਿਹਾ ਹੈ ਤਾਂ ਉਹੋ ਹੀ "ਪ੍ਰਭੁ ਭਾਵੈ ਬਿਨ ਸਾਸ ਤੇ ਰਾਖੈ" ਦੀ ਅਪਾਰ ਸ਼ਕਤੀ ਰੱਖਨ ਵਾਲਾ ਨਿਰੰਕਾਰ ਹੈ ।

## ਗੁਰੂ ਗੋਰਖ ਨਾਥ ਜੀ ਤੇ ਪੂਰਣ ਜਤੀ

### ੩੧.

ਇਕ ਬਹੁਤ ਸੁੰਨਸਾਨ ਤੇ ਘਣੇ ਜੰਗਲ ਦੇ ਵਿਚਕਾਰ ਇਕ ਵੱਡੀ ਭਾਰੀ ਸਾਧੂ ਮੰਡਲੀ ਦੇ ਜੱਥੇਦਾਰ ਯੋਗੀ ਰਾਜ ਗੁਰੂ ਗੋਰਖ ਨਾਥ ਜੀ ਸਮਾਧ ਸਥਿਤ ਬੈਠੇ ਹਨ। ਆਸ ਪਾਸ ਬਹੁਤ ਸਾਰੇ ਚੇਲੇ ਭੀ ਹਰੀ ਭਜਨ ਵਿੱਚ ਮਗਨ ਹਨ, ਯੋਗੀ ਰਾਜ ਜੀ ਦੇ ਨੇਤ੍ਰ ਅਧ ਖੁੱਲ੍ਹੇ ਜੇਹੇ ਹਨ, ਤੇ ਹੁਣ ਸਾਫ ਸਾਫ ਖੁਲ੍ਹ ਰਹੇ ਹਨ, ਵੇਖਦੇ ਵੇਖਦੇ ਹੀ ਚੁਪੱਟ ਖੁੱਲ੍ਹੇ ਹੋਏ ਦਿਖਾਈ ਦੇਣ ਲੱਗੇ, ਏਹਨਾਂ ਪਿਆਰੇ ਪਿਆਰੇ ਯੋਗੀ ਨੇਤ੍ਰਾਂ ਦਾ ਖੁੱਲ੍ਹਣਾ ਹੀ ਸੀ ਕਿ ਗੁਰੂ ਜੀ ਆਪਣੇ ਇਕ ਚੇਲੇ ਭਿਰੰਗੀ

Digitized by Panjab Digital Library | www.panjabdigilib.org

ਨਾਥ ਨੂੰ ਕਹਿਣ ਲੱਗੇ, ਬੇਟਾ ਭਰਿੰਗੀ ! ਹਮਾਰੀ ਇੱਛਾ ਇਸ਼ਨਾਨ ਕਰਨੇ ਕੀ ਹੈ, ਜਲ ਲਿਆਵੋ, ਤਾਂ ਜੋ ਅਸੀਂ ਮਨੋ-ਕਾਮਨਾਂ ਪੂਰਣ ਕਰੀਏ। ਆਪਣੇ ਗੁਰੂ ਦਾ ਹੁਕਮ ਸੁਣਦੇ ਸਾਰ ਹੀ "ਭਰਿੰਗੀ ਨਾਥ" ਚੇਲੇ ਨੇ ਕਰਮੰਡਲ ਉਠਾਇਆ ਤੇ (ਜਿੱਥੇ ਏਹ ਸਾਰੀ ਸਾਧੂ ਜਮਾਤ ਡੇਰੇ ਜਮਾਈ ਧੂਣੀਆਂ ਤਪਾ ਰਹੀ ਸੀ) ਓਥੋਂ ਨੇੜੇ ਵਾਲੇ ਖੂਹ ਵੱਲ ਮੂੰਹ ਮੋੜਿਆ, ਖੂਹ ਪਰ ਪਹੁੰਚਦੇ ਹੀ ਚੇਲੇ ਨੇ ਝੱਟ ਪੱਟ ਡੋਰੀ ਖੂਹ ਵਿੱਚ ਵਹਾ ਦਿੱਤੀ, ਡੋਰੀ ਦਾ ਇਕ ਸਿਰਾ ਭਰਿੰਗੀ ਦੇ ਹੱਥ ਵਿੱਚ ਸੀ ਤੇ ਦੂਜਾ ਸਿਰਾ ਜਿਸ ਨਾਲ ਕਰਮੰਡਲ ਬੱਝਾ ਹੋਇਆ ਸੀ ਜਲ ਦੇ ਬਿਲਕੁਲ ਨੇੜੇ ਪਹੁੰਚ ਚੁਕਾ ਸੀ, ਤਾਹੀਓਂ ਖਬਰ ਜੋ ਘੱਲਿਓਂ ਖੂਹੇ ਵਿੱਚੋਂ ਇਕ ਬੜੀ ਦਰਦਨਾਕ ਅਵਾਜ਼ ਸੁਣਾਈ ਦੇਣ ਲੱਗੀ, ਹੇ ਦੀਨ ਦਿਆਲ ਕ੍ਰਿਪਾ ਸਾਗਰ ਜੀ ! ਮੈਨੂੰ ਰੱਬ ਦੇ ਵਾਸਤੇ ਬਾਹਰ ਕੱਢੋ ਤੇ ਆਪਣੇ ਕਰਮੰਡਲ ਨੂੰ ਸੰਭਾਲੋ !

ਪਾਠਕ ਸੱਜਣੋਂ ! ਏਹ ਦਰਦਨਾਕ ਅਵਾਜ਼ ਆਪਦੇ ਯੋਗੀ ਤੇ ਜਤ ਸਤ ਦੇ ਸਤਾਰੇ ਅੱਲ੍ਹੜ ਉਮਰ ਵਿੱਚ ਹੀ ਜਤ ਸਤ ਦੀ ਮਹਿੰਮਾਂ ਨੂੰ ਪਛਾਨਣ ਵਾਲੇ "ਪੂਰਨ" ਜੀ ਦੀ ਹੈ, ਜੋ ਐਸੇ ਭਿਆਨਕ ਖੂਹੇ ਵਿੱਚ ਐਹੋ ਜੇਹੀਆਂ ਅਧੀਨਗੀ ਦੀਆਂ ਬਾਹਰ ਨਿਕਲਨ ਲਈ ਬੇਨਤੀਆਂ ਕਰ ਰਿਹਾ ਹੈ।

ਐਸੇ ਭਿਆਨਕ ਤੇ ਉੱਜੜੇ ਹੋਏ ਖੂਹਾਂ ਵਿੱਚ ਅਕਸਰ ਲੋਕਾਂ ਦਾ ਨਿਸਚਾ ਬਲਾਵਾਂ, ਜਿੰਨ, ਭੂਤ, ਪ੍ਰੇਤ ਆਦਿਕਾਂ ਦੇ ਰਹਿਣ ਦਾ ਬੜਾ ਪ੍ਰਬਲ ਹੁੰਦਾ ਹੈ, ਸੋ ਏਸੇ ਹੀ ਭਰਮ ਜਾਲ ਦੇ ਵੱਸ ਹੋਇਆ ੨ ਭਰਿੰਗੀ ਭੀ ਬੇਵਸਾ ਬੋਲ ਉੱਠਿਆ। ਰਾਮ ਰਾਮ ਹੇ ਭਗਵਨ ! ਏਹ ਕੌਣ ਜਿੰਨ ਭੂਤ ਹੈ ਜੋ ਐਸੇ ਕੂੰਏਂ ਮੇਂ ਵਾਸ ਰੱਖਦਾ ਹੈ? ਭਰਿੰਗੀ ਨਾਥ ਡਰਦਾ ਕੰਬਦਾ ਤੇ

Digitized by Panjab Digital Library | www.panjabdigilib.org

ਸਹਿਮਿਆਂ ਹੋਯਾ ਅਪਨੇ ਗੁਰੂ ਗੋਰਖ ਨਾਥ ਪਾਸ ਆਕੇਸਾਰਾ ਵਿਰਤੰਤ ਸੁਨਾਉਂਣ ਲੱਗਾ ਕਿ ਹੇ ਪਰੀ ਪੂਰਨ ਗੁਰੂ ਜੀ! ਮੈਂ ਖੂਹੇ ਤੇ ਆਪ ਦੇ ਸੰਕਲਪ ਅਨੁਸਾਰ ਜਲ ਲੇਣ ਵਾਸਤੇ ਗਿਆ ਸਾਂ, ਓਥੇ ਇਕ ਬੜਾ ਹੀ ਡਰਾਉਣਾਂ ਤੇ ਅਸਚਰਜ ਨਜ਼ਾਰਾ ਡਿੱਠਾ ਹੈ, ਪਤਾ ਨਹੀਂ ਖੂਹੇ ਵਿੱਚ ਕੌਣ ਬਲਾ ਭੂਤ ਪ੍ਰੇਤ ਪਿਸ਼ਾਚ ਜੋ ਮੇਰੇ ਕੁਮੰਡਲ ਨੂੰ ਪਕੜ ਬੈਠਾ ਤੇ ਮੂੰਹੋਂ ਕਹਿਣ ਲੱਗਾ ਕਿ ਹੇ ਦੀਨ ਦਿਆਲ! ਮੈਨੂੰ ਬਾਹਰ ਕੱਢੋ, ਸੋ ਹੇ ਘਟ ਘਟ ਕੀ ਜਾਨਣ ਵਾਲੇ ਅੰਤ੍ਰਜਾਮੀ ਗੁਰੂਜੀ! ਮੈਂ ਬਤੇਰੀ ਵਾਹ ਲਾ ਥੱਕਾਂ ਹਾਂ ਪਰ ਮੇਰੇ ਪਾਸੋਂ ਇਸ ਗੱਲ ਦਾ ਨਿਰਨਾ ਨਹੀਂ ਹੋ ਸਕਿਆ ਕਿ ਉਹ ਆਦਮੀ ਹੈ ਯਾ ਕੋਈ ਜਿਨ ਭੂਤ ਹੈ? ਸੋ ਤੁਸੀਂ ਆਪਣੀ ਅੰਤਰਯਾਮਤਾ ਨਾਲ ਚੱਲਕੇ ਦੇਖ ਲਵੋ ਕਿ ਉਸ ਕੂਏਂ ਮੇਂ ਕੌਣ ਹੈ?

ਚੇਲੇ ਦੇ ਮੂੰਹੋਂ ਐਸੇ ਅਸਚਰਜ ਬੋਲ ਸੁਣਕੇ ਸੋਲਾਂ ਕਲਾਂ ਸੰਪੂਰਨ ਗਰੂ ਗੋਰਖ ਨਾਥ ਜੀ ਉੱਠੇ ਤੇ ਉਸ ਖੂਹੇ ਵੱਲ ਨੂੰ ਧਾਈ ਕਰ ਦਿੱਤੀ ਜਿਸ ਬਾਬਤ ਚੇਲੇ ਨੇ ਆਕੇ ਉਪ੍ਰੋਕਤ ਵਿਥਯਾ ਸੁਣਾਈ ਸੀ।ਅੱਜ ਵਿਚਾਰੇ ਪੂਰਨ ਜੀਦੀ ਭੀ ਇਨ੍ਹਾਂ ਦੇ ਹੱਥੋਂ ਹੀ ਕਲਯਾਨ ਹੋਕੇ ਜੀਵਨ ਦਾਨ ਮਿਲਨਾਂ ਸੀ ਤੇ ਉਸਦੇ ਸਦੈਵੀ ਬੰਧਨ ਕੱਟਕੇ ਮੁਕਤ ਮਾਰਗ ਦਾ ਖੈਨ ਰਸਤਾ ਲਭਣਾ ਸੀ! ਤੇ ਅੱਜਹੀ ਮੁਸੀਬਤਮਾਰੇ ਪੂਰਨਦੀ ਹਾਰ ਖਾ ਚੁਕੀਕਿਸਮਤ ਦੀ ਮੁੜ ਅਜਿੱਤ ਬਾਜ਼ੀ ਜਿੱਤੀ ਜਾਣਦੀਆਸ ਬੱਝਣੀਸੀ। ਅੱਜ ਹੀ "ਪੂਰਨ ਚੰਦ" ਦੇ ਨਾਮ ਨਾਲੋਂ "ਚੰਦ" ਪਦਦੀ ਥਾਂ "ਭਗਤ" ਪਦ ਸੁਸ਼ੋਭਿਤ ਹੋ ਜਾਣ ਦੀ ਸ਼ੁਭ ਘੜੀ ਆਉਣੀਸੀ, ਤੇ ਅੱਜ ਯੋਗੀ ਪੂਰਣਨੇ ਜਤੀ ਸਤੀ ਤੇ ਸਤ ਵਾਦੀ

Digitized by Panjab Digital Library | www.panjabdigilib.org

ਬਨ ਗੁਰੂ ਗੋਰਖਨਾਥਤੋਂ ਸਾਰਟੀਫੀਕੇਟ ਹਾਸਲਕਰਣਾਸੀ? ਅੱਜ ਮਹਾਂ ਯੋਗੀ ਗੁਰੂ ਗੋਰਖ ਨਾਥ ਦੇ ਪਿਆਰੇ ੨ ਜ਼ਿੰਦਗੀ ਬਖਸ਼ ਹੱਥਾਂ ਨਾਲ ਪੂਰਨ ਦੀ ਦੇਹ ਭੀ ਕੰਚਨ ਵਰਗੀ ਹੋ ਜਾਵੇਗੀ। ਹੁਣ ਗੋਰਖ ਨਾਥ ਜੀ ਆਪਣੇ ਟਿਲੇ ਤੋਂ ਚੱਲਕੇ ਉਸ ਟਿਕਾਨੇ ਆ ਪਹੁੰਚੇ ਜਿੱਥੇ ਅੱਗੇ ਚੇਲੇ ਖੂਹ ਤੇ ਇੱਕ ਅਨੋਖਾ ਕੌਤਕ ਡਿੱਠਾ ਸੀ, ਓਥੇ ਪਹੁੰਚਣ ਸਾਰ ਚੇਲੇ "ਭੁਰਿੰਗੀ" ਨੇ ਕੂਏਂ ਵੱਲ ਇਸ਼ਾਰਾ ਕਰਕੇ ਕਿਹਾ—ਕਿ ਮਹਾਰਾਜ! ਵੋਹ ਬਲਾ ਇਸ ਕੂਏਂ ਮੇਂ ਪੜੀ ਹੈ? ਗੁਰੂ ਗੋਰਖ ਨਾਥ ਜੀ ਨੇ ਜਦ ਖੂਹੇ ਵੱਲ ਮੂੰਹ ਕਰਕੇ ਪੁਛਿਆ ਕਿ ਤੂੰ ਕੋਹੜਾ ਜੀਵ ਹੈਂ ਤੇ ਏਸ ਖੂਹੇ ਮੇਂ ਕਿਸ ਤਰਾਂ ਪੜਾ ਹੈਂ। ਅਤੇ ਤੇਰਾ ਨਾਮ ਕੀ ਹੈ ?

ਅੱਗੋਂ ਪੂਰਨ ਜੀ ਨੇ ਉਹ ਹੀ ਸ਼ਬਦ ਫੇਰ ਦੁਹਰਾਏ ਜੋ ਉਸਨੇ "ਭੁਰਿੰਗੀ ਨਾਥ" ਨਾਮੀ ਚੇਲੇ ਨੂੰ ਪੈਹਲੇ ਆਪਣੇ ਮੁਖ ਥੀਂ ਆਪਣੇ ਬਚਾਓ ਵਾਸਤੇ ਕਹੇ ਸਨ। ਤਥਾ—ਹੇ ਮਹਾਰਾਜ! ਮੈਂ ਆਦਮੀ ਦਾ ਬੁਤ ਹਾਂ ਆਪ ਨਿਸਚੇ ਕਰਕੇ ਜਾਣੋਂ ਜੋ ਮੈਂ ਕੋਈ ਬਲਾ, ਭੂਤ, ਪ੍ਰੇਤ, ਚੁੜੇਲ ਆਦਿ ਨਹੀਂ, ਆਪ ਕ੍ਰਿਪਾ ਕਰਕੇ ਮੈਨੂੰ ਬਾਹਰ ਕੱਢਕੇ ਮੈਥੋਂ ਸਾਰਾ ਬ੍ਰਿਤਾਂਤ ਸੁਣੋਂ। ਆਪ ਦਯਾ ਤੇ ਧਰਮ ਦੀ ਮੂਰਤੀ ਹੋ, ਅਨਾਥ ਨੂੰ ਬਾਹਰ ਕੱਢਣ ਵਿੱਚ ਆਪ ਬਹੁਤ ਭਾਰੀ ਪਰਉਪਕਾਰ ਤੇ ਧਰਮ ਕਰੋਗੇ। ਸੋ ਹੁਣ ਮੇਹਰ ਕਰੋ ਤੇ ਮੈਨੂੰ ਬਾਹਰ ਕੱਢਕੇ ਆਪਣੀ ਸ਼ਰਨ ਲਾ ਲਵੋ। ਹੁਣ ਗੁਰੂ ਗੋਰਖ ਨਾਥ ਜੀ ਜੋ ਕੁਤੇ ਹੀ ਕਰਤਾਰ ਵੱਲੋਂ ਤਰਸਵਾਨ ਸਨ ਆਪਣੇ ਸਾਥੀ ਸਾਧੂਆਂ ਦੇ ਝੁੰਡ ਵੱਲ ਮੂੰਹ ਕਰਕੇ ਇੱਕ ਚੇਲੇ ਵੱਲ ਇਸ਼ਾਰਾ ਕਰਦੇ ਹੋਏ ਬੋਲੇ ਹੇ ਬੇਟਾ ਸੁੰਦਰ! ਤੁਮ ਜਲਦੀ ਸੇ ਏਕ

Digitized by Panjab Digital Library | www.panjabdigilib.org

ਢਾਹੰਗੀ ਤਿਆਰ ਕਰੋ ਔਰ ਉਸਕੋ ਨੀਚੇ ਕੂੰਏਂ ਮੇਂ ਉਤਾਰ ਕਰ ਇਸ ਵਿਚਾਰੇ ਅਨਾਥ ਕੋ ਬਾਹਰ ਨਿਕਾਲੋ।

# ਖੂਹੇ ਤੋਂ ਛੁਟਕਾਰਾ

੩੨.

ਜਦ ਪੂਰਨ ਭਗਤ ਨੂੰ ਚੇਲੇ ਨੇ ਬਾਹਰ ਕੱਢ ਲਿਆ ਉਸ ਵੇਲੇ ਉਸਦੀ ਅਤਯੰਤ ਮੰਦੀ ਦਸ਼ਾ ਸੀ, ਐਡੀ ਲੰਮੀ ਮੁੱਦਤ ਤੇ ਕਸ਼ਟਾਂ ਨਾਲ ਪੂਰਨ ਭਗਤ ਜੀ ਦੀ ਦੁੱਧ ਮਲਾਈਆਂ ਨਾਲ ਪਲੀ ਹੋਈ ਦੇਹ ਅਧਮੋਈ ਦਸ਼ਾ ਵਿਚ ਨਜ਼ਰ ਆ ਰਹੀ ਸੀ, ਉਹ ਚੇਹਰਾ ਜਿਸ ਪਰ ਕਦੇ ਗੁਲਾਬ ਦੇ ਫੁੱਲ ਵਾਂਗ ਲਾਲੀ ਦੀ ਭਾ ਵਜਦੀ ਸੀ, ਅੱਜ ਪਲੱਤਨ ਵਰਤ ਰਹੀ ਹੈ, ਪਰ ਹੁਣ ਬਿਧਨਾਂ ਦਾ ਸਿੱਧਾ ਗੇੜ ਚੱਲਣ ਲੱਗਾ ਹੈ। ਮਾਨੋ ਪੂਰਨ ਜੀ ਦਾ ਦੂਸਰਾ ਜਨਮ ਗੁਰੂ ਗੋਰਖ ਨਾਥ ਦੇ ਵਸੀਲੇ ਹੋਣ ਲੱਗਾ ਹੈ, ਵਾਹ ਸਾਈਆਂ ਤੇਰੇ ਰੰਗ, ਕਿੱਥੇ ਪੂਰਨ ਨੇ ਜਿਸ ਦਿਨ ਸਿਆਲ ਕੋਟ ਨਗਰੀ ਵਿੱਚ ਰਾਜੇ ਸਾਲਵਾਹਨ ਦੇ ਰਾਜ ਮਹਿਲ ਵਿਚ ਜਨਮ ਲਿਆ ਸੀ ਉਸਨੂੰ ਪ੍ਰਜਾ ਦੇ ਲੋਕ ਇੱਕ ਵਡੇ ਤਖਤ ਦਾ ਵਾਰਸ ਯੁਵਰਾਜ ਖਿਆਲ ਕਰਦੇ ਸਨ, ਪਰ ਅੱਜ ਉਹੋ ਪੂਰਨ ਯੋਗੀ ਗੋਰਖ ਨਾਥ ਦੇ ਹੱਥੋਂ ਜਗੀ ਬਣਕੇ ਹੱਥ ਵਿੱਚ ਖੱਪਰ ਫੜ ਸਿਰ ਜਟਾ ਜੂਟ ਖਾਕ ਧਾਰੀ ਕਰ ਦਰ ੨ "ਅਲਖ" "ਅਲਖ" ਦੇ ਆਵਾਜ਼ੇ ਲਗਾਉਂਦਾ ਹੋਇਆ ਦੁਨਿਆਵੀ ਰਾਜ ਗੱਦੀ ਪ੍ਰਾਪਤ ਕਰਨ ਦੀ ਥਾਂ ਜੋਗ ਗੱਦੀ ਦਾ ਰਾਜ ਮਾਨਣ ਦੀਆਂ ਤਿਆਰੀਆਂ ਕਰ ਰਿਹਾ ਹੈ।

ਹੁਣ ਪੂਰਨ ਜੀ ਨੂੰ ਗੁਰੂ ਗੋਰਖ ਨਾਥ ਨੇ ਆਪਣੇ

Digitized by Panjab Digital Library | www.panjabdigilib.org

ਡੇਰੇ ਲੈ ਆਂਦਾ ਤੇ ਪੁਛਿਆ ਕਿ ਬੇਟਾ! ਤੂੰ ਐਸੀ ਦਸ਼ਾ ਨੂੰ ਕਿਸਤਰਾਂ ਪ੍ਰਾਪਤ ਹੋਇਆ ਹੈਂ ? ਮੂੰਹੋਂ ਗੁਰੂ ਗੋਰਖ ਨਾਥ ਜੀ ਉਸ ਨੂੰ ਹੱਡ ਬੀਤੀ ਸੁਨਾਉਣ ਲਈ ਪ੍ਰੇਰਨਾ ਕਰ ਰਹੇ ਹਨ ਪਰ ਦਿਲੋਂ ਅਸਚਰਜ ਹੋ ਰਹੇ ਸਨ ਤੇ ਸੋਚਦੇ ਸਨ ਕਿ ਐਸੀ ਸੁੰਦ੍ਰ ਮੂਰਤੀ ਸਾਖਯਾਤ ਭਗਵਾਨ ਨੇ ਆਪ ਆਪਣੀ ਹੱਥੀਂ ਰਚੀ ਹੋਣੀ ਹੈ ਤੇ ਮਸਤਕ ਭੀ ਏਸ ਬਾਲਕੇ ਦਾ ਮੇਰੇ ਸਾਹੇ ਚੇਲਿਆਂ ਨਾਲੋਂ ਚੌੜਾ ਤੇ ਯੋਗੀ ਦਮਕ ਮਾਰਦਾ ਹੈ। ਗੁਰੂ ਗੋਰਖ ਨਾਥ ਜੀ ਦ ਪੁਛਣ ਤੇ ਪੂਰਨ ਜੀ ਨੇ ਇੰਵ ਆਪਣਾ ਹਾਲਦੱਸਣਾਂ ਸ਼ੁਰੂਕੀਤਾ--"ਹੇਪੂਰਨ ਸਤਵਾਦੀ ਮਹਾਂ ਪੁਰਸ਼ਜੀ! ਮੈਂਸ਼ਹਿਰਸਜ਼ਾਲਕੋਟ ਦੇ ਰਾਜਾ ਸਾਲਵਾਹਨਦਾ ਅਭਾਗਾ ਪੁਤਰ ਪੂਰਨ ਹਾਂ ਤੇ ਜੋ ਕੁਝ ਹੱਡ ਬੀਤੀ ਲੂਣਾਂ ਹੈਂਸਿਆਰੀ ਦੇ ਹੱਥੋਂ ਏਸ ਉੱਪਰ ਬੀਤੀ ਸੀ ਅੱਖਰ ੨ ਕਹਿ ਸੁਣਾਈ। ਪੂਰਨ ਜੀ ਦਾ ਏਸ ਦਰਦ ਭਰੀ ਕਥਾ ਦਾ ਆਪਣੇ ਮੂੰਹੋਂ ਸੁਨਾਉਣਾ ਹੀ ਸੀ ਕਿ ਧੀਰਜਤਾ ਦੇ ਪੁੰਜ ਗੋਰਖ ਨਾਥ ਦੇ ਨੇਤਰਾਂ ਵਿੱਚੋਂ ਭੀ ਏਸ ਦੁਖੀਏ ਦੀ ਹਮਦਰਦੀ ਵਿਚ ਚਾਰ ਹੰਝੂ ਕਿਰ ਗਏ, ਹੁਣ ਪੂਰਨ ਕਹਿ ਰਿਹਾ ਹੈ ਕਿ ਹੇ ਭਗਵਨ! ਮੇਰੇ ਤੇ ਦਯਾ ਕਰੋ ਤੇ ਤੁਠੋ ਜੋ ਮੈਂ ਭੀ ਹਰੀ ਭਜਨ ਵਿਚ ਲੀਨ ਹੋਕੇ ਦੇਹੀ ਸਫਲ ਕੋਰ ਲਵਾਂ, ਹੁਣ ਆਵਾਗੌਣ ਦਾ ਚੱਕਰ ਜੇ ਆਪ ਜੈਸੇ ਪੂਰੇ ਭਾਂਡਿਆਂ ਦੇ ਮਿਲਿਆਂ ਭੀ ਨਾ ਕੱਟਿਆ ਗਿਆ ਤਾਂ ਫੇਰ ਹੋਰ ਕੇਹੜੇ ਦਰ ਢੋਈ ਮਿਲੇਗੀ ? ਘਰ ਬਾਹਰ ਤੋਂ ਦਿਲ ਉਪ੍ਰਾਮ ਹੈ, ਮਾਤਾ ਪਿਤਾ ਕੂੜੇ ਹਨ, ਭ੍ਰਾਤਾ ਭੈਣ ਦਾ ਮੋਹ ਝੂਠਾ ਹੈ, ਹੁਣ ਮੈਨੂੰ ਭੀ ਆਪਣੇ ਮਾਰਗ ਵਿਚ ਰਲਾਕੇ ਆਪਣੇ ਚੇਲਿਆਂ ਵਾਂਗ ਕੰਨ ਪਾੜਕੇ ਮੁੰਦਰਾਂ ਪਾਕੇ ਚੇਲਾ ਬਣਾ ਲਵੋ, ਮੈਨੂੰ ਹਰੀ ਭਜਨ ਤੇ ਹਰੀ ਚਰਨਾਂ ਦੀ ਪਰੀਤ ਤੋਂ

Digitized by Panjab Digital Library | www.panjabdigilib.org

ਛੁਟ ਹੋਰ ਕੋਈ ਪਰਾਲਬਧ ਚੰਗਾ ਨਹੀਂ ਲਗਦਾ, ਤੁਸੀ ਕ੍ਰਿਪਾਲੂ ਹੋ ਮੇਹਰ ਕਰੋ ਤੇ ਅਪਾਰ ਦਯਾ ਦਾ ਸੋਮਾਂ ਖੋਲ੍ਹਕੇ ਮੇਰੇ ਵਰਗੇ ਪਾਪੀ ਨੂੰ ਭੀ ਅਪਨਾ ਲਵੋ, ਹੁਣ ਮੇਰੇ ਨੈਣ ਪਰਾਣ ਨਰੋਏ ਕਰਕ ਆਪਣੇ ਵਾਲੀ ਕਾਰ ਦੇ ਰਾਹੇ ਟੋਰੋ ਤੇ ਮੈਨੂੰ ਛੰਡ ਨਾ ਦੇਣੀ ਤਾਂ ਜੋ ਮੈਂ ਆਪਦੇ ਪਵਿੱਤ੍ਰ ਨਾਮ ਨੂੰ ਉੱਜਲ ਕਰਕੇ ਸੰਸਾਰ ਵਿਚ ਦਸ ਦੇਵਾਂ ਕਿ ਕਦੀ ਕੋਈ ਗੁਰੂ ਗੋਰਖ ਨਾਥ ਜੀ ਦਾ ਚੇਲਾ "ਪੂਰਨ" ਭੀ ਹੋਇਆ ਸੀ।

ਇਹ ਤਰਲੇ ਤੇ ਐਸੇ ਭਯੰਕਰ ਹਿਰਦੇ ਵੇਹਦਕ ਸਮਾਚਾਰ ਨੇ ਗੁਰੂ ਜੀ ਦੇ ਮਨ ਵਿਚ ਬੜੀ ਮੇਹਰ ਉਪਜਾਈ ਜੋ ਉਸੇ ਵੇਲੇ ਓਹਨਾਂ ਨੇ ਅਪਣੀ ਸ਼ਕਤੀ ਦੁਵਾਰਾ ਪੂਰਨ ਦੇ ਹੱਥ ਸਾਵਧਾਨ ਕਰਕ ਕੰਚਨ ਵਾਂਗ ਕਰ ਦਿਤੇ, ਹੱਥਾਂ ਪੈਰਾਂ ਦਾ ਸਾਬਤ ਹੋਣਾ ਹੀ ਸੀ ਕਿ ਪੂਰਨ ਦੇ ਦਿਲ ਪਰ "ਸਿਦਕ" ਦੀ ਮੋਹਰ ਲੱਗ ਗਈ ਤੇ ਉਹ ਹੁਣ ਜੋਗੀ ਬਣਨ ਵਾਸਤੇ ਮਨ ਵਿਚ ਪੱਕਾ ਇਰਾਦਾ ਧਾਰਕੇ ਗੁਰੂ ਗੋਰਖ ਨਾਥ ਦੇ ਖਹਿੜੇ ਪੈਗਿਆ।

## ਹੱਥ ਪੈਰ ਸਾਵਧਾਨ ਹੋਣ ਤੇ ਜੋਗੀ ਬਣਨ ਦੀ ਪ੍ਰਬਲ ਇਛਿਆ

### ੩੩.

ਗੁਰੂ ਗੋਰਖ ਨਾਥ ਜੀ ਨੇ ਜਦ ਹੱਥ ਪੈਰ ਸਾਵਧਾਨ ਕਰਕੇ ਕੰਚਨਵਰਗੀ ਦੇਹੀ ਕਰ ਦਿੱਤੀ ਤਾਂ ਹੁਕਮ ਦਿੱਤਾ ਕਿ ਬੇਟਾ! ਜਾਓ ਹੁਣ ਆਪ ਨੂੰ ਸਾਡੇ ਵੱਲੋਂ ਛੁਟੀ ਹੈ, ਘਰੀਂ ਜਾਵੋ ਤੇ ਮਾਤਾ ਪਿਤਾਨੂੰ ਜਾਕੇਮਿਲੋ ਤਾਂ ਜੋ ਉਨਾਂਨੂੰਆਪਦੇ ਚਿਰਕਾਲ ਦੇ ਵਿਛੋੜੇ ਤੋਂ ਮਿਲਾਪ ਹੋਣ ਨਾਲ ਕੁਝ ਸ਼ਾਂਤ ਹੋਵੇ, ਪਰ

Digitized by Panjab Digital Library | www.panjabdigilib.org

ਏਥੇ ਵੀ ਸਿਦਕ ਤੇ ਉਪ੍ਰਾਮਤਾ ਨੇ ਪੱਕੇ ੨ ਡੇਰੇ ਜਮਾਏ ਹੋਏ ਸਨ। ਪੂਰਨ ਜੀ ਬੋਲੇ ਹੇ ਦੀਨ ਦਿਆਲ ਜੀ! ਜੇਕਰ ਘਰ ਦੀ ਮੋਹ ਮਮਤਾ ਤੇ ਵਿਸ਼ੇ ਵਿਕਾਰ ਦੀ ਲਾਲਸਾ ਹੁੰਦੀ ਯਾਂ ਘਰਾਂ ਨਾਲ ਪਿਆਰ ਹੁੰਦਾ ਤਾਂ ਏਸ ਨੌਬਤ ਤੱਕ ਪਹੁੰਚਣ ਦੀ ਮੈਨੂੰ ਲੋੜ ਕੀ ਸੀ?

ਘਰ ਛੱਡਿਆ ਹਰੀ ਭਜਨ ਖਾਤਰ, ਹੱਥ ਪੈਰ ਵਢਾਏ ਧਰਮ ਤੇ ਜਤ-ਸਤ ਪਾਲਣ ਖਾਤਰ ਤੇ ਹੁਣ ਫੇਰ ਤੁਸੀਂ ਆਪ ਮੈਨੂੰ ਧਰਮ ਦੀ ਮੂਰਤੀ ਹੋਕੇ ਧਰਮ ਦਾ ਵਿਨਾਸ ਕਰਾਉਣ ਲਈ ਹਰੀ ਭਜਨ ਤੋਂ ਪਰੇਡਾ ਸੁਟਣ ਲਈ ਕਿਉਂ ਘਰਾਂ ਵੱਲ ਧਿਕਦੇ ਹੋ? ਹੁਣ ਮੈਂ ਤਾਂ ਕੇਵਲ ਆਪ ਦੇ ਚਰਨਾਂ ਦਾ ਭੌਰਾ ਬਣਕੇ ਹਰੀ ਭਜਨ ਕਰਾਂਗਾ ਤੇ ਸਾਰੀ ਉਮਰ ਏਸੇ ਤਰਾਂ ਜਤ ਸਤ ਵਿੱਚ ਬਿਤਾਕੇ ਹਰੀ ਚਰਨਾਂ ਵਿਚ ਜਾ ਲਿਪਟਾਂਗੇ, ਹੇ ਯੋਗੀ ਰਾਜ ਜੀ! ਆਪ ਦੀਨਾ ਨਾਥ ਹੋ, ਮੇਰੀ ਆਸ ਰੱਬ ਨੇ ਪੂਰੀ ਕੀਤੀ ਹੈ, ਸੋ ਉਸ ਦਾ ਲੱਕ ਨਾ ਤੋੜੋ ਤੇ ਚਰਨ ਸ਼ਰਨ ਸਮਾ ਲਵੋ। ਹੁਣ ਗੁਰੂ ਜੀ ਨੇ ਘਸਵੱਟੀ ਪਰ ਲਾਣ ਖਾਤਰ ਤੇ ਸਿਦਕ ਦਾ ਅੰਤਲਾ ਦਰਜਾ ਪੂਰਨ ਦੇ ਦਿਲ ਵਿਚ ਦੇਖਣ ਖਾਤਰ ਹੁਕਮ ਕੀਤਾ ਕਿ ਬੇਟਾ! ਜੋਗ ਕਮਾਉਣ ਬੜਾ ਬੜਾ ਔਖਾ ਹੈ, ਫਾਕੇ ਕੱਟਨੇ, ਦੁਨੀਆਂ ਦੀ ਮੋਹ ਮਾਇਆ ਤਿਆਗਣੀ, ਪੰਜ ਦੂਤਾਂ ਨੂੰ ਮਾਰਨਾਂ ਬੜਾ ਕਠਨ ਹੈ, ਸੋ ਬੇਟਾ! ਤੂੰ ਏਸ ਖਿਆਲ ਨੂੰ ਉੱਕਾ ਹੀ ਛੱਡ ਦੇਹ। ਤੁਸੀਂ ਰਾਜ ਵੰਸ ਵਿੱਚ ਜੰਮੇ ਪਲੇ ਹੋ ਤੇ ਸੋਹਲ ਸਰੀਰ ਹੋ, ਇਤਨਾਂ ਕਠਨ ਮਾਰਗ ਸਾਧਨ ਹੋਣਾ ਤੁਸਾਂ ਤੋਂ ਬਹੁਤ ਔਖਾ ਹੈ ਦੁਖ ਤੋਂ ਪਿਛੋਂ ਸੁਖ ਪ੍ਰਾਪਤ ਹੋਵੇਗਾ। ਜਾਓ, ਘਰੀਂ ਜਾਓ ਤੇ ਆਰਾਮ ਮਕਕੇ ਰਾਜ ਕਮਾਓ, ਹੁਣ ਜਦ ਗੁਰੂ ਗੋਰਖ ਨਾਥ ਜੋਗ

Digitized by Panjab Digital Library | www.panjabdigilib.org

ਦਾਨ ਕਰਨ ਵਿੱਚ ਢਿੱਲਾ ਡਿੱਠਾ ਤਾਂ ਪੂਰਨ ਅਧੀਨਗੀ ਨਾਲ ਅੱਖਾਂ ਤੋਂ ਗੜਿਆਂ ਜਿੱਡੇ ਹੰਝੂ ਕੇਰਦਾ ਹੋਯਾਬੋਲਿਆ ਹੇ ਨਾਥ ਜੀ ! ਮੈਨੂੰ ਸਾਰੇ ਦੁਖ ਮਨਜੂਰ ਹਨ, ਮੈਨੂੰ ਇਸ ਮਾਰਗ ਵਿੱਚ ਕੋਈ ਦੁੱਖ ਪ੍ਰਤੀਤ ਨਹੀਂ ਹੁੰਦਾ, ਸਾਰੇ ਸੁਖ ਹੀ ਸੁਖ ਭਾਸਦੇ ਹਨ ਤੇ ਪੰਜ ਦੂਤਾਂ ਨੇ ਤਾਂ ਅੱਗੇ ਹੀ ਮੇਰੇ ਪਾਸੋਂ ਛੁਟਕਾਰਾ ਪਾਇਆ ਹੋਇਆ ਹੈ,ਸੋ ਮੈਂ ਜੋਗ ਦਾਨ ਲੀਤੇ ਬਿਨਾਂ ਨਹੀਂ ਰਹਿ ਸਕਦਾ । ਹੇ ਕ੍ਰਿਪਾ ਨਾਥ ! ਜੇ ਮੈਨੂੰ ਆਪ ਨੇ ਕੰਚਨ ਦੇਹੀ ਦਾ ਦਾਨ ਬਖਸ਼ਿਆ ਹੈ ਤਾਂ ਹੁਣ ਫੇਰ ਕਿਉਂ ਜਿਊਂਦੇ ਜੀ ਨਰਕ ਵੱਲ ਟੋਰਨ ਲੱਗੇ ਹੋ?ਦਯਾ ਧਾਰੋ ਤੇ ਜੋਗੀ ਬਨਾਕੇ ਜੋਗ ਪਦ ਦਾ ਭੀ ਦਾਨ ਬਖਸ਼ੋ। ਜਦ ਸਿਦਕ ਦੀ ਅਡੋਲ ਤਸਵੀਰ ਪੂਰਨਦੇਦਿਲ ਅੰਦਰ ਗੁਰੂ ਗੋਰਖ ਨਾਥ ਨੇਪਾਈ ਤਾਂ ਬੋਲੇ, ਵਾਹ ! ਵਾਹ ! ਜਿਵੇਂ ਬੇਟਾ ਰਜ਼ਾ ਭਗਵੰਤ ਦੀ,ਦੇਖਣਾਂ ਕਹੀਂ ਹਮਕੋ ਭੀ ਬਦਨਾਮ ਨਾਂ ਕਰਨਾਂ। ਪਰ ਪੂਰਨ ਜੀ ਨੇ ਸੀਸ ਨਿਵਾਕੇ ਕਿਹਾ—ਕਿ ਹੇ ਪਿਤਾ, ਦਾਨ ਦੁਨੀਆਂ ਵਿੱਚ ਮੁਕਤੀਦਾਨ ਕਰਨ ਵਾਲੇਪਿਤਾ,ਸੋਲਾਂਕਲਾਂਸੰਪੂਰਨਗੁਰੂ ਜੀ ਮੈਂ ਆਪਦੇ ਨਾਮ ਨੂੰ ਉੱਜਲ ਕਰਾਂਗਾ, ਆਪ ਨਚਿੰਤ ਹੋਕੇ ਦਯਾ ਧਾਰਕੇ ਮੇਰੇ ਸੰਕਲਪ ਨੂੰ ਪੂਰਨ ਕਰੋ।

## ਗੁਰੂ ਗੋਰਖ ਨਾਥ ਦੇ ਹਥੋਂ ਜੋਗ ਦਾਨ ਦੀ ਬਖਸ਼ਸ਼ ਹੋਣੀ

### ੩੪.

ਹੁਣ ਗੁਰੂ ਗੋਰਖ ਨਾਥ ਨੇ ਭਗਵੇ ਰੰਗ ਦੀ ਪੁਸ਼ਾਕ ਪੁਵਾਕੇ ਇੱਕਲਟ ਕਤਰਕੇ ਕੰਨ ਪਾੜਕੇ ਕੁੰਡਲ ਚੁਕ ਪਾਏ ਤੇ ਆਪਣੀਮੰਡਲੀ ਦਾ ਪੂਰਨ ਨੂੰ ਸੂਦਾਰ ਥਾਪ ਦਿੱਤਾ ਤੇ ਇੱਕ

Digitized by Panjab Digital Library | www.panjabdigilib.org

ਤੂੰਬੀ ਭੀ ਹੱਥ ਫੜਾ ਦਿੱਤੀ। ਪਾਠਕੋ! ਏਹ ਜੋ "ਛਿਨ ਮੈ ਰਾਉ ਰੰਕ ਕੋ ਕਰਹੀ ਰਾਉ ਰੰਕ ਕਰ ਡਾਰੇ। ਰੀਤੇ ਭਰੇ ਭਰੇ ਸਖ ਨਾਵੇ ਯਹ ਤਾਂਕੋ ਬਿਵਹਾਰੇ।" ਇੱਕ ਰਾਜ ਗੱਦੀ ਦਾ ਯੁਵਰਾਜ ਕੰਵਰ ਅੱਜ ਜੋਗ ਗੱਦੀ ਦਾ ਮਾਲਕ ਬਣ ਦੇਸ਼ ਰੱਟਨ ਕਰੇਗਾ। ਅੱਜ ਪੂਰਨ ਦੇ ਨਾਮ ਪਿਛੇ ਚੰਦ ਦੀ ਥਾਂ ਤਥਾ "ਯੁਵਰਾਜ" ਦੀ ਥਾਂ "ਭਗਤ" ਪਦ ਸੁਸ਼ੋਭਤ ਹੋਵੇਗਾ? ਹੁਣ ਗੁਰੂ ਗੋਰਖ ਨਾਥ ਜੀ ਨੇ ਪੂਰਨ ਦੀ ਕੰਡ ਪਰ ਥਾਪੜਾ ਦਿੱਤਾ ਤੇ ਕਿਹਾ ਬੇਟਾ ਅੱਜ ਤੋਂ ਹਰੇਕ ਇਸਤ੍ਰੀਨੂੰਭੈਣ ਤੇ ਮਾਤਾ ਸਮਾਨ ਸਮਝਣਾਂ, ਮੰਦੀ ਵਾਸ਼ਨਾਂ ਨਹੀਂ ਕਰਨਾਂ, ਕਿਸੇ ਦਾ ਬੁਰਾ ਨਹੀਂ ਚਿਤਵਣਾਂ ਅਤੇ ਅਤੀਤ ਵਿਚਰਨਾਂ ਹੈ। ਇਸਦੇ ਉਲਟ ਚੱਲ ਸਾਡੇ ਪੰਥ ਨੂੰ ਬਦਨਾਮ ਨਹੀਂ ਕਰਨਾਂ, ਏਹੋ ਸਾਡੀ ਉੱਚ ਸਿੱਖਯਾ ਹੈ। ਹੁਣ ਪੂਰਨ ਜੀ ਨੇ ਨਮਸਕਾਰ ਕਰ ਸੀਸਨਿਵਾ,ਹੱਥ ਜੋੜਕੇਗੁਰੂ ਗੋਰਖਨਾਥਜੀਨੂੰਇਉਂਅਰਜ਼ ਕੀਤੀ:--ਹੇ ਮੈਨੂੰ ਜੀਵਨਦਾਨ ਦੇ ਦਾਤੇ! ਜੇ ਮੈਨੂੰ ਵਿਸ਼ੇ ਵਾਸ਼ਨਾਂ ਦੇ ਵੱਸ ਹੋ ਕਿਸੇ ਮੰਦ ਦ੍ਰਿਸ਼ਟੀ ਦਾ ਲਾਲਸਾ ਹੁੰਦੀ ਤਾਂ ਮੈਂ ਘਰ ਬੈਠਾ ਐਸੀਆਂ ਸੈਂਕੜੇ ਬਲਾਈਂ ਚਮੇੜ ਸਕਦਾ ਸੀ। ਮੈਨੂੰ ਪੂਰਨ ਵੈਰਾਗ ਹੋ ਚੁਕਾ ਹੈ, ਮੈਨੂੰ ਸੰਸਾਰ ਕੂੜਾ ਭਾਸਦਾ ਹੈ ਮੈਂ ਠੇਡਾ ਖਾਕੇ ਹੁਸ਼ਿਆਰ ਹੋ ਚੁਕਾ ਹਾਂ, ਮੈਂ ਆਪਦੇ ਪੰਥ ਨੂੰ ਮੁਕਤੀ ਦਾ ਸਾਧਨ ਸਮਝਕੇ ਇਸ ਵਿੱਚ ਪੈਰ ਰਖਿਆ ਹੈ। ਜੇ ਤੁਸੀਂ ਨਾਮ ਮਾਤ੍ਰ ਭੀ ਏਸ ਗੱਲ ਦਾ ਸੰਸਾ ਨਾ ਕਰੋ ਕਿ ਮੈਂ ਤੁਹਾਡੇ ਪੰਥ ਨੂੰ ਕਿਸੇ ਤਰਾਂ ਭੀ ਕਲੰਕਤ ਕਰਾਂਗਾ? ਹੁਣ ਪੂਰਨ "ਚੰਦ" ਤੋਂ "ਭਗਤ" ਬਣਕੇ ਰਾਣੀ ਸੁੰਦਰਾਂ ਦੇ ਦਰ ਖੈਰ ਲਈ ਝੋਲੀ ਅੱਡਕੇ "ਅੌਲਖ, ਅੌਲਖ" ਕਰਨ ਲਈ ਤਿਆਰੀ ਕਰਣ ਲਗਾ?

# ਰਾਣੀ ਸੁੰਦਰਾਂ

### ੩੫.

ਰਾਣੀ ਸੁੰਦਰਾਂ ਆਪਣੇ ਪੂਰੇ ਜੋਬਨ ਵਿੱਚ ਮੱਤੀ ਆਪਣੇ ਮਹਿਲ ਦੇ ਅੰਦਰਇੱਕ ਬਹੁਤ ਸੁੰਦਰ ਪਲੰਘ ਤੇ ਲੇਟ ਰਹੀ ਹੈ। ਪਾਸ ਇੱਕ ਖਾਸ ਗੋੱਲੀ ਬੈਠੀ ਪੱਖਾ ਕਰ ਰਹੀ ਹੈ ਅਰ ਇੱਕ ਪੈਰ ਘੁਟ ਰਹੀ ਹੈ। ਏਸੇ ਤਰਾਂ ਆਪਣੇ ਆਪ ਵਿੱਚ ਹੱਦੋਂ ਵੱਧ ਸੁੰਦਰਤਾ ਦਾ ਮਾਨ ਉਸਦੇ ਦਿਲ ਵਿੱਚ ਭੁਰ ਜੋਬਨ ਵਿੱਚ ਠਾਠਾਂ ਮਾਰ ਰਿਹਾ ਸੀ ਕਿ ਏਸ ਸੁੰਦਰਤਾ ਦੀ ਹੰਕਾਰਨ ਨੂੰ ਅਚਾਨਕ ਕਿਸੇ ਜੋਗੀ ਦੀ ਸੱਦ ਸਣਾਈ ਦਿੱਤੀ, ਜੋਗੀ ਨੇ "ਅੌਲਖ, ਅੌਲਖ" ਦੀ ਆਵਾਜ਼ ਦਿੱਤੀ। ਰੂਪ ਮੱਤੀ ਰਾਣੀ ਸੁੰਦਰਾਂ ਨੇ ਕੋਈ ਹੀਜੜਾ ਫਕੀਰ ਜਾਣਕੇ ਪਾਸ ਬੈਠੀ ਗੋੱਲੀ ਨੂੰ ਕਿਹਾ ਕਿ ਜਾਹ ਨੀ ਜੋਗੀ ਨੂੰ ਖੈਰ ਪਾ ਆ, ਜੋਗੀ ਨੇ ਕੇਡਾ ਰੌਲਾ ਪਾਇਆ ਹੈ, ਤਾਹੀਓਂ ਖਬਰ ਜਦ ਗੋੱਲੀ ਨੇ ਬਾਹਰ ਫਕੀਰ ਨੂੰ ਖੈਰ ਪਾਉਣ ਲਈ ਪੈਰ ਵਧਾਯਾ ਤਾਂ ਅੱਗੋਂ ਉਸ ਜੋਗੀ ਨੇ ਇਉਂ ਕਿਹਾ ਕਿ ਐ ਬਾਂਦੀ! ਹਮ ਰਾਣੀ ਸੁੰਦਰਾਂ ਸੇ ਖੈਰ ਲੇਨੇ ਆਏ ਹੈਂ ਤੇਰੇ ਸੇ ਨਹੀਂ, ਤੂੰ ਉਸਨੂੰ ਜਾਕੇ ਕਹਿਦੇਹ ਕਿ ਜੋਗੀ ਕਹਿੰਦਾ ਹੈ ਕਿ ਮੈਂ ਤੈਥੋਂ ਖੈਰ ਨਹੀਂ ਲੈਣੀ, ਰਾਣੀ ਦੇ ਹੱਥੋਂ ਲੈਣੀ ਹੈ।

ਗੋੱਲੀ ਅਜੇ ਦਲੀਜ਼ ਤੋਂ ਬਾਹਰ ਨਹੀਂ ਟੱਪੀ ਸੀ ਕਿ ਉਸਦੇ ਕੰਨੀ ਇਹ ਸਲੋਕ ਪੈ ਗਿਆ ਜੋ ਸੁਣਦੇ ਸਾਰ ਪੂਰਨ ਦੀ ਜਵਾਨੀ ਹੁਸਨ ਤੇ ਰੂਪ ਵਿੱਚ ਮਸਤ ਹੋਈ ਹੋਈ ਮੁੜਦੀ ਪੈਰੀਂ ਰਾਣੀ ਸੁੰਦਰਾਂ ਪਾਸ ਮੁੜਕੇ ਚਲੀ ਗਈ ਤੇ ਜਾਕੇ ਕਹਿਣ ਲੱਗੀ ਕਿ ਹੇ ਰਾਜ ਰਾਜੇਸ਼ੂਰੀ! ਆਪ ਉਤੀ

Digitized by Panjab Digital Library | www.panjabdigilib.org

ਕੁਲ ਦੇ ਜੰਮੇ ਜਾਏ ਤੇ ਰਾਜ ਭਾਗ ਵਾਲੇ ਪ੍ਰਤਾਪੀ ਜੀਵ ਹੋ, ਪਰ ਰੱਬੀ ਕੁਦਰਤਾਂ ਅਨੰਤ ਹਨ, ਜਿਨ੍ਹਾਂ ਦਾ ਅੰਤ ਪਾਉਂਣਾ ਬੰਦੇ ਦੀ ਤਾਕਤ ਤੋਂ ਬਾਹਰ ਹੈ, ਸੋ ਆਪ ਦੀ ਸੁੰਦ੍ਰਤਾ ਦਾ ਮਾਨ ਤੋੜਨ ਲਈ ਆਪ ਦੇ ਦੁਵਾਰੇ ਇਕ ਅਸਚਰਜ ਮੂਰਤੀ ਰੱਬਨੇ ਅਪਨੀ ਹੱਥੀਂ ਘੜਕੇ ਭੇਜੀ ਹੈ, ਜਿਸਦਾ ਦਰਸ਼ਨ ਪਾਉਂਦੇ ਸਾਰ ਹੀ ਬਹੁਤ ਸਾਰਾ ਮੈਨੂੰ ਇਨਾਮ ਦੇਵੋਗੇ, ਉਹ ਜੋਗੀ ਰਾਜ ਜਿਸਨੂੰ ਤੁਸਾਂ ਇਕ ਆਮ ਫਕੀਰ ਜਾਣਕੇ ਮੈਨੂੰ ਖੈਰ ਪਾਉਂਣ ਵਾਸਤੇ ਭੇਜਿਆ ਸੀ ਉਹ ਤਾਂ ਅਰਸ਼ਾਂ ਤੋਂ ਆਯਾ ਪ੍ਰਤੀਤ ਹੁੰਦਾ ਹੈ, ਤੇ ਕਿਸੇ ਪੂਰੇ ਸੰਤ ਦਾ ਚੇਲਾ ਦਿਸਦਾ ਹੈ, ਉਸਦਾ ਮੱਥਾ ਚੌੜਾ ਨੂਰਾਨੀ ਤੇ ਅੱਤ ਦਰਜੇ ਦਾ ਸੁੰਦਰ ਹੈ, ਉਸਦੇ ਹੋਠ ਕੋਮਲ ਤੇ ਗੁਲਾਬ ਦੇ ਫੁੱਲ ਦੀ ਨਿਆਈਂ ਲਾਲੀ ਭਾਹ ਮਾਰਦੇ ਹਨ, ਤਿਨ੍ਹਾਂ ਪੁਰ ਉਸਦਾ ਮੁਸਕ੍ਰਾਕੇ ਬੋਲਣਾ ਹੋਰ ਭੀ ਗ਼ਜ਼ਬ ਕਰਦਾ ਹੈ, ਹੇ ਮਹਾਰਾਣੀ ਜੀ ! ਆਪ ਨੇ ਭੀ ਰਾਜ ਘਰਾਣੇ ਵਿੱਚ ਜਨਮਧਾਰਨ ਕਰਕੇ ਇੱਧਤੋਂ ਵਧ ਹੁਸਨਵੰਦਾਂਦੇ ਦਰਸ਼ਨ ਪਾਏ ਹੋਣਗੇਪਰ ਏਸ ਜੋਗੀ ਦਾ ਢਾਂਚਾ,ਕਿਸੇ ਖਾਸ ਸੱਚੇ ਵਿੱਚ ਢਲਿਆ ਹੋਯਾ ਜਾਪਦਾ ਹੈ,ਮਾਨੋਂ ਕੋਈ ਰਿਧੀਆਂਸਿਧੀਆਂ ਦਾ ਅਵਤਾਰ ਹੈ, ਉਹ ਮੇਰੇ ਹੱਥੋਂ ਖੈਰ ਨਹੀਂ ਲੈਂਦਾ ਤੇ ਕਹਿੰਦਾਹੈ ਕਿ ਅਸਾਂ ਰਾਣੀ ਸੁੰਦਰਾਂ ਪਾਸੋਂ ਖੈਰ ਲੈਣਾਂਹੈ,ਤੂੰ ਉਸਨੂੰ ਭੇਜ, ਸੋ ਸ੍ਰੀ ਮਹਾਰਾਣੀ ਜੀ ! ਉਹ ਆਪ ਜੀ ਦੇ ਹੱਥੋਂ ਭਿੱਖਜਾ ਲੈਣ ਵਾਸਤੇ ਆਪ ਜੀ ਦਾ ਬਾਹਰ ਰਾਹ ਉਡੀਕ ਰਿਹਾ ਹੈ :

ਹੁਣ ਰਾਜ ਦੀ ਮਾਲਕ ਰਾਜ ਰਾਣੀ ਨੂੰ ਗੁੱਸਾ ਚਮ-ਕਿਆ ਤੇ ਪਲੰਘ ਤੋਂ ਉੱਠਕੇ ਤਾਕੀ ਥਾਣੀ ਪੂਰਨ ਭਗਤ ਦੇ ਜਾਂ ਦਰਸ਼ਨ ਪਾਏ ਤਾਂ ਦਿਲ ਵਿੱਚੋਂ ਆਪਣੀ ਸੁੰਦ੍ਰਤਾ ਦਾ ਹੰਕਾਰ ਕਾਫ਼ੂਰ ਹੋਗਿਆ ਤੇ ਉਸਹੰਕਾਰ ਦੀ ਬਜਾਇ 'ਇਸ਼ਕ'

Digitized by Panjab Digital Library | www.panjabdigilib.org

ਨੇਆ ਡੇਰੇ ਲਾਏ। ਹੈਂ ਇਹ ਕੀ ਹ ਗਿਆ ? ਰਾਣੀ ਸੁੰਦਰਾਂ ਵਿਲਾਸਨੀ ਹੋ ਗਈ ? ਸੱਚ ਮੁੱਚ ਰਾਣੀ ਸੁੰਦਰਾਂ ਦੀ ਮੱਤ ਤੇ ਪਰਦਾ ਪੈਗਿਆ,ਸੱਚ ਮੁੱਚ ਰਾਣੀ ਸੁੰਦ੍ਰਾਂ ਅਪਨੇ"ਸਤਿਧਰਮ" ਦੀ ਵਾਗ ਡੋਰ ਛੱਡ ਬੈਠੀ। ਹੁਣ ਗੋਲੀ ਨੂੰ ਰਾਣੀ ਨੇ ਹੁਕਮ ਕੀਤਾ ਕਿ ਇਸ ਜੋਗੜੇ ਨੂੰ ਅੰਦਰ ਸੱਦ ਲਿਆ, ਮੇਰਾ ਮਨ ਮੁੱਠਿਆ ਗਿਆ ਹੈ, ਮੈਂ ਏਸ ਮਦ ਮਤਵਾਲੇ ਦੇ ਨੈਣਾਂ ਤੋਂ ਵਾਰਨੇ ਤੇ ਘੋਲ ਘੱਤੀ ਹਾਂ। ਗੋੱਲੀ ਉਪਰੋਂ ਹੁਕਮ ਲੈਕੇ ਥੱਲੇ ਆਈ ਤੇ ਪੂਰਨ ਭਗਤ ਅੱਗੇ ਹੱਥ ਜੋੜਕੇ ਕਿਹਾ ਕਿ ਮੇਰੀ ਮਾਲਕਜ਼ਾਣੀ ਆਪ ਦੇ ਚਰਨ ਪਰਸਨਾਂ ਚਾਹੁੰਦੀ ਹੈ, ਆਪ ਮੇਹਰ ਕਰੋ ਤੇ ਮਹਿਲਾਂ ਨੂੰ ਪਵਿੱਤ੍ਰ ਕਰੋ। ਪੂਰਨ ਜੀ ਨੇ ਕਿਹਾ ਕਿ ਹੇ ਬਾਂਦੀ ! ਰੱਬ ਰਾਜ ਭਾਗ ਦੂਣਾਂ ਤੇ ਸਵਾਯਾ ਕਰੇ, ਜੁਗ ਜੁਗ ਵਧੋ ਫੁਲੋ, ਸਾਡਾ ਜੋਗੀਆਂ ਦਾ ਮਹਿਲਾਂ ਨਾਲ ਤੇ ਰਾਣੀਆਂ ਨਾਲ ਕੀ ਪ੍ਰਯੋਜਨ ? ਅਸੀਂ ਅਤੀਤ ਸਾਧੂ ਹਾਂ, ਜੇ ਸਾਨੂ ਭਿਖਜ਼ਾ ਦੇਣੀ ਹੈ ਤਾਂ ਰਾਣੀ ਐਥੇ ਆਕੇ ਦੇ ਜਾਵੇ ਨਹੀਂ ਤਾਂ ਅਸੀਂ ਹੋਰ ਦੁਆਰਾ ਜਾ ਮੰਗਦੇ ਹਾਂ।

ਗੋੱਲੀਨੇਇਤਨਾਂਉੱਤਰ ਸੁਣ ਪਿਛਲੀ ਪੈਰੀਂਪਰਤਕੇ ਰਾਣੀ ਸੁੰਦਰਾਂ ਨੂੰ ਜਾ ਕਿਹਾ ਕਿ ਉਹ ਉੱਪਰ ਨਹੀਂ ਆਉਂਦੇ ਤੇ ਆਖਦੇ ਹਨ ਕਿ ਅਸੀਂ ਅਤੀਤ ਸਾਧੂ ਹਾਂ, ਸਾਨੂੰ ਮਹਿਲਾਂ ਵਿੱਚ ਰਾਣੀਆਂ ਕੋਲ ਜਾਣਾ ਨਹੀਂ ਸੋਭਦਾ।

## ਰਾਣੀ ਸੁੰਦਰਾਂ ਦਾ ਪੂਰਨ ਭਗਤ ਨੂੰ ਆਕੇ ਭਿੱਛਜ਼ਾ ਪਾਉਣਾ

### ੩੬.

ਹੁਣ ਰਾਣੀ ਸੁੰਦਰਾਂ ਨੇ ਇਕ ਬੜਾ ਹੀ ਸੁੰਦਰ ਥਾਲ

Digitized by Panjab Digital Library | www.panjabdigilib.org

ਲੈਕੇ ਮੋਤੀਆਂ ਨਾਲ ਭਰਿਆ ਤੇ ਥੱਲੇ ਉਤਰਕੇ ਖੁਦ ਜੋਗੀ ਨੂੰ ਖੈਰ ਪਾਉਣ ਅੱਗੇ ਵਧੀ। ਆਹ ! ਸਾਹਮਣੇ ਰਾਣੀ ਸੁੰਦਰਾਂ ਬਿਨਾਂ ਪੜਦਾ ਕੀਤੇ ਦੇ ਪੂਰਨ ਜੀ ਦੇ ਚਰਨਾਂ ਪੁਰ ਸੀਸ ਧਰਕੇ ਹੱਥ ਜੋੜੀ ਮੋਤੀਆਂ ਦਾ ਭਰਿਆ ਹੋਯਾ ਥਾਲ ਖੈਰ ਪਾਉਂਣ ਲਈ ਲੈਕੇ ਖੜੋਤੀ ਹੈ, ਕੋਲ ਉਹੋ ਪਹਿਲੀ ਅਨੈਤੀ ਗੋੱਲੀ ਰਾਣੀ ਸੁੰਦਰਾਂ ਦੇ ਕਿਸੇ ਹੁਕਮ ਦੀ ਉਡੀਕਵੰਦ ਮੂੰਹ ਤੱਕ ਰਹੀ ਹੈ। ਰਾਣੀ ਸੁੰਦਰਾਂ ਪੂਰਨ ਜੀ ਦੀ ਰੱਬੀ ਮੂਰਤੀ ਪਰ ਨੂਰ ਦਾ ਐਡਾ ਵੱਡਾ ਪ੍ਰਕਾਸ਼ ਦੇਖ ਮੂਰਛਾ ਆ ਗਈਵਾਂਗ ਮਾਨੋਂ ਮੂਰਛਤ ਹੋ ਗਈ ਹੈ, ਉਹ "ਇਸ਼ਕ" ਦੀ ਤੇਜ਼ ਸ਼ਾਨ ਪਰ ਸੁੰਦਰਤਾ ਦੇ ਬੇਨਜ਼ੀਰ ਹਥਿਆਰ ਨੂੰ ਲਗਦਾ ਦੇਖ ਸਹਾਰਾ ਨਹੀਂ ਕਰ ਸਕੀ,ਤੇ ਆਪਣੇਮਹਿਲਾਂ ਅੰਦਰਪੂਰਨਜੀ ਨੂੰ ਆਪਣੀਆਂ ਚਿਕੜੀਆਂ ਚੋਪੜੀਆਂ ਗੱਲਾਂ ਤਥਾ ਤਰਲਿਆਂ ਮਿਨਤਾਂ ਨਾਲ ਗੱਲ ਕੀ ਹਰ ਤਰਾਂ ਲੈ ਜਾਣਾ ਚਾਹੁੰਦੀ ਹੈ, ਤੇ ਆਪਣੇ ਮਨ ਦੀ ਨੀਚ ਵਾਸ਼ਨਾਂ ਨੂੰ ਉਸਦੇ ਜਤ ਸਤ ਨੂੰ ਤੋੜਕੇ ਸਿੱਧ ਕਰਨਾ ਚਾਹੁੰਦੀ ਹੈ।

ਪਰ ਵਾਹ ਜਤ ਸਤ ਦੇ ਸਤਾਰੇ ਪੂਰਨਾਂ ਸ਼ਾਬਾਸ਼ ਹੈ ! ਬਈ ਤੇਰੀ ਉਚ ਦਰਜੇ ਦੀ ਲਾਸਾਨੀ ਜਿੱਤ ਦੇ,ਤੂੰ ਆਪਣੇ ਸੱਚੇ ਧਰਮ ਨੂੰ ਟੰਚਕ ਮਾਤਰ ਦਾਗ ਨਹੀਂ ਲੱਗਣ ਦਿੱਤਾ। ਏਹੋ ਕਾਰਨ ਹੈ ਕਿ ਹੁਣ ਫੇਰ ਤੇਰੇ ਹੱਥੋਂ ਅਸੀ ਦੂਸਰੀ ਇਖ-ਲਾਕੀ ਜਿੱਤ ਪੁਰ ਵਾਰਨੇ ਹੁੰਦੇ ਜਾ ਰਹੇ ਹਾਂ, ਤੇਰੀ ਜਨਮ ਕੁੰਡਲੀ ਬਣਾਉਣ ਵਾਲੇ ਪ੍ਰੋਹਤ ਦਾ ਕਲਮ ਸੁਭਾਗ, ਤੇਰਾ ਨਾਮ ਚੁਣਕੇ ਰੱਖਣ ਵਾਲਾ ਪੰਡਤ ਸੁਭਾਗਾ, ਸੱਚ ਮੁਚ ਓਹਨਾਂ ਤੇਰਾ ਨਾਮਇਸੇ ਵਾਸਤੇ ਪੂਰਨ ਰੱਖਿਆ ਸੀ ਤਾਂ ਜੋ ਤੂੰ ਆਪਣੀ ਜ਼ਿੰਦਗੀ ਵਿੱਚ ਘਟੋ ਘਟ ਇਨਸਾਨੀ ਇਖਲਾਕੀ ਕਮਾਲ

Digitized by Panjab Digital Library | www.panjabdigilib.org

ਦਾ ਨਜ਼ਾਰਾ ਏਸ ਨਾ ਸਮਾਨ ਜਗਤ ਵਾਸਤੇ ਛੱਡਕੇ ਪ੍ਰਲੋਕ ਸਿਧਾਰੇਂ। ਰਾਣੀ ਸੁੰਦਰਾਂ ਦੇ ਤਰਲੇ ਤੇ ਪ੍ਰੇਰਨਾ ਕੁਝ ਭੀ ਅਸਰ ਨਹੀਂ ਕਰ ਸੱਕੇ, ਤੇ ਪੂਰਨ ਉਪਰ ਮਹੱਲ ਵਿਚ ਪੈਰ ਪਾਉਣ ਤੋਂ ਸਿਰ ਫੇਰਦਾ ਹੋਇਆ ਕਹਿੰਦਾ ਹੈ ਕਿ ਅਸੀਂ ਭੀਖ ਲੈਣੀ ਹੈ, ਅਸੀਂ ਤੇਰੇ ਜੋਬਨ ਦੀ ਸੌਦਾਗਰੀ ਨਹੀਂ ਕਰਨੀ, ਸੋ ਸਾਨੂੰ ਜਿਸ ਫਾਹੀ ਵਿਚੋਂ ਨਿਕਲ ਚੁਕੇ ਹਾਂ ਨਾ ਫਸਾ ਤੇ ਜੋ ਕੁਝ ਦੇਣਾ ਹਈ ਸਾਨੂੰ ਐਥੇ ਲਿਆਕੇ ਦੇ ਜਾ, ਤਾਂ ਜੋ ਅਸੀ ਤੇਰੇ ਦਾਨ ਦੇ ਜੱਸ ਗਾਇਨ ਕਰਦੇ ਹੋਏ ਆਪਣੇ ਗੁਰੂ ਦੇ ਡੇਰੇ ਪਧਾਰੀਏ, ਏਹ ਮਹਿਲ ਰਾਜਿਆਂ ਨੂੰ ਸੁਹਾਵਣੇ ਤੇ ਸੁਹੰਡਣੇ ਹੋਣ। ਸਾਡਾ ਗੁਰੂ ਅਤੀਤ ਫਕੀਰ ਹੈ, ਅਸੀ ਅਤੀਤ ਹਾਂ, ਛਬਦੇ ਖੈਰ ਪਾਓ ਜੋ ਅਸੀ ਟੁਰੀਏ। ਬਹੁਤਾ ਝਗੜਾ ਕਰਨਾ ਚੰਗਾ ਨਾ ਜਾਣ ਤੇ ਸਾਧ ਸੰਤ ਦੇ ਸਰਾਪ ਤੋਂ ਭੈ ਵਾਨ ਹੋ ਰਾਣੀ ਸੁੰਦਰਾਂ ਨੇ ਥਾਲ ਜੋਗੀ ਦੀ ਤੂੰਬੀ ਵਿਚ ਪਲਟਕੇ ਅੰਤ ਮੱਥਾ ਟੇਕ ਹੀ ਦਿੱਤਾ ਤੇ ਆਪਣੀਆਂ ਸਾਰੀਆਂ ਖਾਹਸ਼ਾਂ ਨੂੰ ਵਿਚ ਵਿਚਾਲੇ ਲਟਕਦਾ ਲਈ ਕੋਠੇ ਉੱਪਰ ਚਲੀ ਗਈ ਤੇ ਏਧਰ ਸਾਡੇ ਪੂਰਨ ਭਗਤ ਜੀ ਭੀ ਮੋਤੀਆਂ, ਜਵਾਹਰਾਤਾਂ, ਪੰਨਿਆਂ ਤੇ ਹੀਰਿਆਂ ਦਾ ਦਾਨ ਲੈ ਚਲਦੇ ਹੋਏ। ਹੁਣ ਰਾਣੀ ਸੁੰਦਰਾਂ ਨੂੰ ਇਕ ਖਿਆਲ ਆਉਂਦਾ ਹੈ ਇਕ ਜਾਂਦਾ ਹੈ, ਕਦੀ ਆਸ ਦਾ ਡੇਰਾ ਆ ਲਗਦਾ ਹੈ ਕਦੀ ਨਿਰਾਸਤਾ ਦਾ ਅੰਤ ਦੋਹਾਂ ਦੀ ਮੁਠ ਭੇੜ ਹੋ ਗਈ, ਦੋਵੇਂ ਇੱਕ ਸਮਾਨ ਹਨ, ਬਲ ਦੋਹਾਂ ਦਾ ਇਕੋ ਜਿਨਾ ਹੈ, ਨਾ ਉਹ ਢਹਿੰਦੀ ਨਾ ਉਹ, ਹੁਣ ਜਿੱਤੇ ਕੌਣ ਤੇ ਹਾਰੇ ਕੌਣ।

ਚੰਦਰੀ ਨਿਰਾਸਤਾ ਨੂੰ ਅੰਤ ਹੇਠੀ ਵੇਖਣੀ ਹੀ ਪਈ ਤੇ ਆਸ ਦਾ ਪਾਸਾ ਭਾਰਾ ਹੋ ਗਿਆ, ਹੁਣ ਕੀਹ ਸੀ, ਰਾਣੀ ਸੁੰਦਰਾਂ

Digitized by Panjab Digital Library | www.panjabdigilib.org

ਆਪਣੇਸਾਰੇ ਸੁਖਚੈਨ ਅਰਾਮ ਭੁਲਾ'ਪੂਰਨ ਭਗਤ'ਵਰਗੇਮਹਾਂ ਜਤੀ ਨੂੰ ਆਪਣੇਜਾਲ ਵਿਚ ਫਸਾਉਣ ਦੇ ਜਤਨ ਕਰਨਲੱਗੀ।

## ਜੋਗੀਆਂ ਦਾ ਡੇਰਾ

### ੩੭.

ਗੁਰੂ ਗੋਰਖ ਨਾਥ ਦੀ ਮੰਡਲੀ ਅਜੇ ਪਹੁ ਫੁਟਾਲਾ ਹੀ ਹੋਇਆ ਸੀ ਕਿ ਹਰੀ ਭਜਨ ਵਿੱਚ ਰੁੱਝੀ ਹੋਈ ਦਿਖਾਈ ਦੇਣ ਲੱਗੀ,ਚੇਲੇ ਆਸ ਪਾਸ ਬੈਠੇਹਨ,ਵਿਚਾਲੇਗੁਰੂਗੋਰਖ ਨਾਥਜੀ ਬੀਰ ਆਸਣ ਜਮਾਈ ਅਡੋਲ ਕਰਤਾਰ ਦੀ ਦਰਗਾਹੇ ਲਿਵ ਜੋੜੀ। ਸ੍ਰਿਸ਼ਟੀ ਰਚਣ ਹਾਰੇ ਦੇ ਅਕੈਹ ਪਿਆਰ ਵਿਚ ਰੱਤੇ ਨੈਨ ਮੂੰਦੀ ਸਮਾਧ ਸਥਿਤ ਹਨ। ਜਗਤ ਅੱਖ ਘੂਕ ਸੁਤੀ ਪਈ ਹ, ਕਿਸੇ ਸੰਸਾਰਕ ਵਾਸ਼ਨਾ ਦੀ ਕੀਹ ਤਾਕਤ ਹੈ ਜੋ ਨੇੜ ਫੜਕ ਜਾਵੇ, ਅਜੇ ਦੋ ਤਿੰਨ ਘੰਟੇ ਹੀ ਹੋਏ ਸਨ ਕਿਗੁਰੂ ਗੋਰਖਨਾਥਜੀ ਏਸ ਪ੍ਰੇਮਰੰਗ ਵਿਚ ਸਾਈਂਦੇ ਦਰਬਾਰ ਅਗੰਮ ਨਿਗੰਮਦੀਖਬਰਾਂ ਲੈਣਗਏ ਮੁੜਆਏ ਤੇ ਨੈਣ ਉਘਾੜਕੇ ਬੋਲੇ ਬੇਟਾ ਸੁੰਦਰ ! ਪੂਰਨ ਅਬੀ ਨਹੀਂ ਆਇਆ ? ਉੱਤਰ ਵਿਚ ਚੇਲੇ ਨੇ ਕਿਹਾ ਨਹੀਂ ਮਹਾਰਾਜ! ਅਬੀ ਪੂਰਨ ਨਹੀਂ ਆਯਾ, ਏਹ ਵਾਰਤਾਲਾਪ ਗੁਰੂ ਚੇਲੇ ਕਰ ਹੀ ਰਹੇ ਸਨ ਕਿ ਸਾਹਮਣੇ ਪਾਸਿਓਂ ਪੂਰਨ ਜੀ ਨੇ ਆ ਦਰਸ਼ਨ ਦਿਤੇ ਤੇ ਮੋਤੀ ਆਦਿਕਾਂ ਦੀ ਭਰਪੂਰ ਤੂੰਬੜੀ ਗੁਰੂ ਗੋਰਖ ਨਾਥ ਅੱਗੇ ਰੱਖਕੇ ਚਰਨਾਂ ਪਰ ਸੀਸ ਨਿਵਾਇਆ, ਜਦ ਗੁਰੂ ਜੀ ਦੀ ਅੱਖ ਤੂੰਬੀ ਵੱਲ ਪਈ ਤਾਂ ਓਹ ਅਚਰਜ ਤੇ ਹੈਰਾਨ ਰਹਿ ਗਏ ਤੇ ਬੋਲੇ ਬਟਾ ਪੂਰਨ ! ਯੇਹ ਕੈਸੀ ਭਿੱਛਯਾ, ਯੇਹ ਤੋ ਕੋਈ ਚਮਕਦਾਰ ਕੀਮਤੀ ਚੀਜ਼ ਦਿਖਾਈ ਦੇਵਤ ਹੈ, ਯੇਹ ਤੁਮ ਕਹਾਂ ਸੇ ਲੇ ਆਏ ਹੋ ?

Digitized by Panjab Digital Library | www.panjabdigilib.org

ਯੱਦਪਿ ਚੇਲੇ ਨੇ ਗੁਰੂ ਦੀਆਂ ਲਾਲ ਅੰਗਿਆਰੇ ਜੈਸੀਆਂ ਕ੍ਰੋਧ ਭਰੀਆਂ ਅੱਖੀਆਂ ਦੇਖੀਆਂ ਥਰ ਥਰ ਕੰਬਣ ਲੱਗ ਪਿਆ ਤੇ ਲੱਗਾ ਆਪਣੇ ਮਨ ਵਿਚ ਡਰਨ ਕਿ ਕੀਹ ਪੂਰਨ ਸਚ ਮੁਚ ਪਹਿਲੀ ਪ੍ਰੀਖਯਾ ਵਿਚ ਹੀ ਫੇਹਲ ਹੋ ਗਿਆ ਹੈ ? ਗੁਰੂ ਗੋਰਖ ਨਾਥ ਜੀ ਤਾੜਨਾ ਕਰਦੇ ਹੋਏ ਬੋਲੇ ਜਲਦੀ ਬਤਾਓ ਏਹ ਭਿੱਛਯਾ ਕਿਸ ਸੇ ਲਾਏ ਹੋ ? ਜਿਸ ਸੇ ਲਾਏ ਹੋ ਉਸੀ ਕੋ ਅਬੀ ਦੇ ਕਰ ਆਓ। ਹੁਣ ਚੇਲੇ ਨੇ ਉਤਰ ਦਿੱਤਾ ਮਹਾਰਾਜ ! ਰਾਣੀ ਸੁੰਦਰਾਂ ਨੇ ਆਪ ਜੋਗ ਭੇਜੀ ਹੈ ਤੇ ਹੱਥ ਜੋੜਕੇ ਪਰਵਾਨ ਕਰਨ ਲਈ ਅਭਿਲਾਖਾ ਪ੍ਰਗਟ ਕੀਤੀ ਹੈ।

ਗੁਰੂ ਗੋਰਖ ਨਾਥ ਜੀ ਨੇ ਜਦ ਏਹ ਲਖ ਲਿਆ ਕਿ ਏਹ ਵਿਚਾਰਾ ਅਨਭੋਲ ਏਹਨਾਂ ਕੂੜੀਆਂ ਦੌਲਤਾਂ ਨੂੰ ਚੁਕ ਲਿਆਇਆ ਹੈ, ਵਾਸਤਵ ਵਿਚ ਇਸ ਨੂੰ ਪਤਾ ਨਹੀਂ ਜੋ ਦੁਨੀਆਂ ਵਿਚ ਕਿਸਤਰਾਂ ਠੱਗ ਰਚਨਾਂ ਦਾ ਪ੍ਰਭਾਵ ਵਧ ਰਿਹਾ ਹੈ, ਭਾਵੇਂ ਅੱਗੇ ਭੀ ਇਸ ਨਾਲ ਇਕ ਭਾਰੀ ਠੱਗੀ ਹੀ ਹੋਈ ਹੈ ਜਿਸ ਦੇ ਕਾਰਨ ਅੱਜ ਏਹ ਵਿਚਾਰਾ ਕਰਮਾਂ ਅਨੁਸਾਰ ਦੁਖ ਸੁਖ ਝੱਲ ਰਿਹਾ ਹੈ ਪਰ ਏਸ ਨੂੰ ਸਮਝ ਅਜੇ ਭੀ ਨਹੀਂ ਪਈ, ਦੂਰ ਦੀ ਸੋਝੀ ਅਜੇ ਭੀ ਨਹੀਂ ਹੋਈ। ਠੀਕ ਮੇਰਾ ਚੇਲਾ ਪੂਰਨ ਸਿੱਧਾ ਸਾਧਾ ਪਰਮੇਸ਼ਰ ਦਾ ਭੈ ਵਾਨ ਬੰਦਾ ਹੈ, ਇਹ ਛਲੀਆ ਨਹੀਂ, ਏਹ ਲਾਲਚੀ ਨਹੀਂ, ਏਹ ਦਗੇਬਾਜ ਨਹੀਂ, ਏਹ ਧੋਖੇ ਬਾਜ ਨਹੀਂ, ਪਰ ਏਹ ਸੰਸਾਰਕ ਖਖੇੜ ਬਖੇੜ ਤੋਂ ਪੂਰਨ ਅਤੀਤ ਤੇ ਉਪ੍ਰਾਮ ਹੈ। ਸੰਸਾਰਕ ਲੋਕਾਂ ਦੀਆਂ ਰਮਜ਼ਾਂ ਵਿਚ ਫਸਣ ਵਾਲਾ ਜਾਲੀ ਦਾ ਏਹ ਪੂਰਨ ਸ਼ਿਕਾਰ ਨਹੀਂ, ਪਰ ਇਸਦੀ ਅਕਲ ਤੇ ਇਸਦਾ ਹਿਰਦਾ ਸੱਚਾ ਮੁੱਚਾ ਠੁੱਲਾ ਤੇ ਮੂੜ੍ਹ ਹੈ।

Digitized by Panjab Digital Library | www.panjabdigilib.org

ਅੱਛਾ ਹੁਣ ਇਸਦੀ ਪ੍ਰੀਖਿਆ ਅਸਾਂ ਭੀ ਅੱਜ ਏਥੇ ਹੀ ਲੈਣੀ ਹੈ, ਵੇਖੀਏ ਕਿਸ ਰਾਹੇ ਪੂਰਨ ਟੁਰਦਾ ਹੈ, ਹੈ ਤਾਂ ਕੋਈ ਗੁੜ੍ਹਾ ਲਾਲ ਪਰ ਪਤਾ ਨਹੀਂ ਭਗਵੰਤ ਨੂੰ ਕੀ ਭਾਉਂਦਾ ਹੈ, ਇਹ ਮਨੋ ਮਨ ਅਜੇ ਗੁਰੂ ਗੋਰਖ ਨਾਥ ਜੀ ਵਾਹ ਉਸਾਰ ਤੋਂ ਵੇਹਲੇ ਭੀ ਨਹੀਂ ਹੋਏ ਸਨ ਕਿ ਓਨ੍ਹਾਂ ਦੇ ਕੰਨਾਂ ਤੱਕ ਮੰਡਲੀ ਦੇ ਹੋਰ ਚੇਲੇ ਕੰਨਾਫੂਸੀ ਕਰਦੇ ਸੁਣਾਈ ਦੇਣ ਲੱਗੇ। ਕੋਈ ਕਹੇ ਸੁੰਦਰਾਂ ਨੇ ਇਸਦੇ ਅਨੂਪ ਰੂਪ ਪਰ ਮੋਹਤ ਹੋ ਮੋਤੀਆਂ, ਲਾਲਾਂ, ਜਵਾਹਰਾਤਾਂ ਦਾ ਦਾਨ ਦਿੱਤਾ ਹੈ, ਕੋਈ ਕਹੇ ਏਹ ਆਪਣਾ ਜਤ ਸਤ ਗੁਵਾ ਕੇ ਏਸ ਵਡਮੁੱਲੀ ਭਿੱਛਯਾ ਨੂੰ ਪ੍ਰਾਪਤ ਕਰਕੇ ਲਿਆਯਾ ਹੈ, ਗੱਲ ਕੀ ਚੇਲਿਆਂ ਦੇ ਮਨ ਵਿਚ ਜੋ ਕੁਝ ਆਯਾ ਭਾਂਤੋ ਭਾਂਤ ਨਿਰਦੋਸ਼ ਪੂਰਨ ਨੂੰ ਊਜਾਂ ਲਾਉਣ ਲੱਗੇ, ਹੁਣ ਗੁਰੂ ਗੋਰਖ ਨਾਥ ਜੀ ਨੇ ਪੂਰਨ ਭਗਤ ਨੂੰ ਹੁਕਮ ਦਿੱਤਾ ਕਿ ਬੇਟਾ! ਸਾਨੂੰ ਏਹਨਾਂ ਲਾਲਾਂ, ਜਵਾਹਰਾਤਾਂ, ਮੋਤੀਆਂ, ਹੀਰਿਆਂ, ਪੰਨਿਆਂ ਦੀ ਕੋਈ ਲੋੜ ਨਹੀਂ, ਰਾਣੀ ਸੁੰਦਾਂ ਦੇ ਪਾਹਿ ਜਾਕਰ ਇਨਕੋ ਮੋੜ ਆਓ ਔਰ ਜੇਕਰ ਪੱਕਾ ਹੂਆ ਭੋਜਨ ਮਿਲ ਤੋ ਲੇ ਆਓ, ਅਸੀਂ ਕਬੀਲਦਾਰ ਨਹੀਂ ਜੋ ਮਾਯਾ ਨਾਲ ਪਿਆਰ ਪਾਈਏ, ਸਾਨੂੰ ਨਿਰੰਕਾਰ ਨੇ ਫੱਕਰ ਬਨਾ ਫਕੀਰੀ ਬਖਸ਼ੀ ਹੈ, ਸਾਨੂੰ "ਗਰੀਬੀ ਗਦਾ ਹਮਾਰੀ। ਖੰਨਾ ਸਗਲ ਰੇਨ ਛਾਰੀ" ਦੀ ਪਟੜੀ ਪਰ ਚੱਲਣਾ ਹੀ ਸੋਭਾਦਿੰਦਾ ਹੈ, ਅਸੀਂ ਅਜਹੀ ਭਿੱਛਯਾ ਲੈਕੇ ਆਪਣੀ ਸੰਪ੍ਰਦਾ ਨੂੰ ਕਲੰਕਤ ਨਹੀਂ ਕਰਾਂਗ, ਸਾਨੂੰ ਮੋਤੀ ਤੇ ਰੋੜ ਇਕ ਸਮਾਨ ਹਨ। ਜਿਸਤ੍ਰਾਂ ਪੂਰਨ ਭਗਤ ਜੀ ਚਾਉ ਨਾਲ ਵਡਮੁੱਲੀ ਭਿਖ੍ਯਾ ਲੈਕੇ ਆਏ ਹਨ ਹੁਣ ਉਸੇਤਰਾਂ ਨਿਰਾਸਤਾ ਨਾਲ ਮੋੜਨ ਟੁਰ ਪਏ ਸਨ।

Digitized by Panjab Digital Library | www.panjabdigilib.org

# ਪੂਰਨ ਜੀ ਦਾ ਰਾਣੀ ਸੁੰਦ੍ਰਾਂ ਦੇ ਗ੍ਰਹਿ ਵਿਖੇ ਭਿੱਛਿਆ ਮੋੜਨ ਜਾਣਾ

੩੮.

ਏਹ ਕੁਦਰਤੀ ਨਿਯਮ ਹੈ ਕਿ ਦਿਲਾਂ ਦੇ ਦਿਲਾਂ ਨੂੰ ਰਾਹ ਹੁੰਦੇ ਹਨ, ਏਸੇ ਹੀ ਅਧਾਰ ਮੂਜਬ ਅੱਜ ਫੇਰ ਰਾਣੀ ਸੁੰਦਰਾਂ ਦੀ ਅੱਖ ਫਰਕ ਰਹੀ ਹੈ ਤੇ ਉਹ ਆਪਣੀਆਂ ਉਸ ਦਿਨ ਦੀਆਂ ਵਿਚ ਵਿਚਾਲੇ ਲਟਕ ਰਹੀਆਂ ਆਸਾਂ ਉਮੈਦਾਂ ਨੂੰ ਪੂਰਾ ਕਰਨ ਲਈ ਪੂਰਨ ਜੀ ਦੇ ਰਾਹ ਦੀ ਉਡੀਕਵੰਦ ਕੋਠੇ ਚੜ੍ਹਕੇ ਬੈਠੀ ਹੋਈ ਸੀ ਕਿ ਸਾਹਮਣੇ ਵਾਲੀ ਪਗਡੰਡੀ ਵਿੱਚੋਂ ਪੂਰਨ ਭਗਤ ਜੀ ਦੇ ਚੰਦ ਵਰਗੇ ਮੁਖੜੇ ਦੀ ਝਲਕ ਪਈ, ਸਿਰ ਤੋਂ ਪੈਰਾਂ ਤੱਕ ਭਬੂਤੀ ਲਗਾਈ ਆਪਣੇ ਜੋਗੀ ਲਿਬਾਸ ਵਿੱਚ ਪੂਰਨ ਜੀ ਨੂੰ ਨਿਰਾਸ ਚਿੱਤ ਟੁਰੇ ਆ ਰਾਹੇ ਦੇਖ ਰਹੀ ਹੈ, ਪਲੋ ਪਲੀ ਵਿੱਚ ਰਾਣੀ ਸੁੰਦਰਾਂ ਦੇ ਮਹਿਲ ਦੇ ਲਾਗੇ ਆਕੇ ਪੂਰਨ ਜੀ ਨੇ 'ਔਲਖ' ਦੀ ਅਵਾਜ਼ ਕੱਢੀ ਜੋ ਸੁਣਦਿਆਂ ਸਾਰ ਰਾਣੀ ਉੱਪਰੋਂ ਦੌੜਦੀ ਆਈ, ਜਾਂ ਥੱਲੇ ਆਈ ਤਾਂ ਇਸਦੇ ਦਿਲ ਦੇ ਸਾਰੇ ਵਲਵਲੇ ਜੋ ਪੂਰਨ ਜੀ ਦੇ ਜਤੀ ਦਿਲ ਨੂੰ ਭਰਮਾਉਂਣ ਵਾਸਤੇ ਕੱਠੇ ਕਰਕੇ ਲਿਆਈ ਸੀ ਸਾਰੇ ਭੁੱਲ ਗਈ, ਕਿਉਂ ਜੋ ਅਜੇ ਪੂਰਨ ਜੀ ਨਾਲ ਕੋਈ ਗੱਲ ਬਾਤ ਨਹੀਂ ਹੋਈ ਸੀ ਕਿ ਉਸ ਵਿਚਾਰ ਭੁਲੇ ਭਾਲੇ ਜੋਗੀ ਨੇ ਉਸਦੀ ਕੱਲ ਵਾਲੀ ਦਿੱਤੀ ਹੋਈ ਮੋਤੀਆਂ ਦੀ ਭਿੱਛਿਆ ਦਾ ਢੇਰ ਸਾਹਮਣੇ ਕਰ ਦਿੱਤਾ ਤੇ ਮੂੰਹੋਂ ਗੁੱਸੇ ਨਾਲ ਆਖ ਸੁਣਾਇਆ ਕਿ ਹੇ ਰਾਣੀ ਸੁੰਦਰਾਂ! ਮੇਰਾ ਗੁਰੂ ਖਫ਼ਾ ਹੁੰਦਾ ਹੈ ਤੇ ਉਹਨ ਮੈਨੂੰ ਹੁਣ ਮੋੜਕੇ ਤੇਰੇ ਪਾਸ ਭੇਜਿਆ ਹੈ, ਸੋ _ਣ

ਤੂੰ ਏਸ ਕੂੜੀ ਦੌਲਤ ਨੂੰ ਸੰਭਾਲ ਲੈ ਤੇ ਸਾਨੂੰ ਜੋ ਸਰਦਾ ਹਈ ਤਾਂ ਪੱਕਾ ਪਕਾਯਾ ਭੋਜਨ ਦੇ ਦੇਹ ਜੋ ਅਸੀਂ ਆਪਣੀ ਮੰਡਲੀ ਦਿਆਂ ਲੋਕਾਂ ਸਾਧੂਆਂ ਵਿੱਚ ਜਾਕੇ ਵੰਡ ਖਾਈਏ। ਬਸ ਏਸ ਸਵਾਲ ਦੀ ਦੇਰ ਹੀ ਸੀ ਕਿ ਛੱਤੀ ਪ੍ਰਕਾਰ ਦੇ ਭੋਜਨ ਤਿਆਰ ਹੋਣ ਲਈ ਹੁਕਮ ਹੋ ਗਿਆ, ਤੁਰਤ ਫੁਰਤ ਅਨੇਕ ਪ੍ਰਕਾਰ ਦੇ ਭੋਜਨ ਤਿਆਰ ਹੋ ਗਏ ਤੇ ਰਾਣੀ ਸੁੰਦਰਾਂ ਬੜੀ ਜ਼ਰਕ ਬਰਕ ਤੇ ਅੱਵਲ ਦਰਜੇ ਦੀ ਸ਼ਾਹਾਨਾ ਪੋਸ਼ਾਕ ਪਾਕੇ ਨੌਕਰਾਂ ਚਾਕਰਾਂ ਦੇ ਸਿਰ ਟੋਕਰੇ ਚਕਵਾ ਪੂਰਨ ਭਗਤ ਦੇ ਨਾਲ ਹੋ ਟੁਰੀ ਕਿ ਚੱਲ ਜੋਗੀਆ ਮੈਂ ਭੀ ਤੇਰੇ ਗੁਰੂ ਦੇ ਦਰਸ਼ਨ ਪਾਕੇ ਤੇ ਚਰਨ ਸੀਸ ਲਾਕੇ ਠੰਢੜੀ ਠਾਰ ਹੋ ਆਵਾਂ, ਕਹਿਕੇ ਨਾਲ ਟੁਰ ਪਈ। ਹਣ ਪੂਰਨ ਭਗਤ ਜੀ ਰਵਾਂ ਰਵੀਂ ਰਾਣੀ ਸੁੰਦਰਾਂ ਤੋਂ ਪਹਿਲੇ ਆਪਣੇ ਗੁਰੂ ਪਾਸ ਪਹੁੰਚ ਗਏ ਤੇ ਰਾਣੀ ਸੁੰਦਰਾਂ ਦੇ ਆਉਣ ਦੀ ਇਤਲਾਹ ਦਿੱਤੀ।

ਅਜੇ ਪੂਰਨ ਭਗਤ ਨੂੰ ਆਕੇ ਆਪਣੇ ਆਸਨ ਪੁਰ ਬੈਠਿਆਂ ਥੋੜਾ ਹੀ ਚਿਰ ਹੋਯਾ ਸੀ ਕਿ ਮਗਰੇ ਮਗਰ ਰਾਣੀ ਸੁੰਦਰਾਂ ਭੀ ਆਪਣੇ ਲਾਮ ਲਸ਼ਕਰ ਸਮੇਤ ਆ ਪਹੁੰਚੀ ਤੇ ਗੁਰੂ ਗੋਰਖ ਨਾਥ ਜੀ ਦੇ ਸਨਮੁਖ ਆਕੇ ਸੀਸ ਨਿਵਾ ਬੜੀ ਹ ਅਧੀਨਗੀ ਸਹਿਤ ਨਮਸ਼ਕਾਰ ਕਰਕੇ ਬੈਠ ਗਈ।

## ਰਾਣੀ ਸੁੰਦਰਾਂ ਨੇ ਪੂਰਨ ਭਗਤ ਜੀ ਨੂੰ ਇਨਾਮ ਵਿੱਚ ਲਿਆਉਣਾ

੩੯.

ਅੱਜ ਗੁਰੂ ਗੋਰਖ ਨਾਥ ਦੀ ਮੰਡਲੀ ਵਿੱਚ ਅਚਰਜ ਨਜ਼ਾਰਾ ਬਣ ਰਿਹਾ ਹੈ, ਠੀਕ ਗੁਰੂ ਗੋਰਖ ਨਾਥ ਜੀ ਦੇ ਸਾਮ੍ਹਣੇ

Digitized by Panjab Digital Library | www.panjabdigilib.org

ਰਾਣੀ ਸੁੰਦਰਾਂ ਜੋ ਦੇਖਣ ਵਿੱਚ ਸੱਚਮੁਚ ਸੁੰਦਰਤਾ ਦੀ ਪੁਤਲੀ ਸੀ ਬੈਠੀ ਹੋਈ ਦਿਖਾਈ ਦੇ ਰਹੀ ਹੈ। ਇੱਕ ਪੂਰਨ ਜਤੀ ਤੋਂ ਛੁਟ ਸਾਰੇ ਚੇਲੇ ਅੱਖਾਂ ਪਾੜ ਪਾੜ ਉਸਦੇ ਬੇਨਜ਼ੀਰ ਚੰਦ੍ਰਮਾਂ ਦੀ ਚਮਕ ਨੂੰ ਮਾਤ ਪਾਉਣ ਵਾਲੇ ਸੁੰਦਰ ਮੁੱਖੜੇ ਵੱਲ ਇੱਕ ਟਕ ਵੇਖ ਰਹੇ ਹਨ। ਜੋਗੀਆਂ ਅਗੇ ਰਾਣੀ ਸੁੰਦਰਾਂ ਦਾ ਏਹ ਪਰਚਾ ਸਭ ਤੋਂ ਕਰੜਾ ਪੇਸ਼ ਹੋ ਗਿਆ। ਸਾਰੇ ਚੇਲੇ ਕ਼ਾਮ ਦੇਵ ਦੇ ਤ੍ਰਿਖੇ ਬਾਨ ਖਾਕੇ ਘਾਇਲ ਹੁੰਦੇ ਜਾ ਰਹੇ ਹਨ, ਜੇਹੜੇ ਚੇਲਿਆਂ ਦੇ ਕਦੇ ਭੀ ਸੰਸਾਰਕ ਵਿਸ਼ੇ ਵਾਸ਼ਨਾਂ ਨੇੜੇ ਨਹੀਂ ਫਟਕਦੇ ਸਨ ਅੱਜ ਏਸ ਹੁਸਨ-ਵੰਦ ਰਾਣੀ ਦਾ ਹੁਸਨ ਦੇਖ ਕੇ ਸੱਤੇ ਸੁਧਾਂ ਭੁਲ ਗਏ, ਤੇ ਆਪਣੀਆਂ ਸਾਰੀ ਉਮਰ ਦੀਆਂ ਕੀਤੀਆਂ ਕਮਾਈਆਂ ਏਸ ਮ੍ਰਿਗ ਨੈਣੀ ਸੁੰਦਰਾਂ ਦੇ ਅੱਗੇ ਮਿੰਟਾਂ ਸਕਿੰਟਾਂ ਵਿੱਚ ਰੋਹੜ ਬੈਠੇ। ਏਸ ਇਮਤਹਾਨ ਵਿੱਚ ਪਾਸ ਹੋਏ ਤਾਂ ਕੇਵਲ ਗੁਰੂ ਗੋਰਖ ਨਾਥ ਜੀ ਤੇ ਜਤੀ ਪੂਰਨ, ਹੋਰ ਤਾਂ ਸਾਰਿਆਂ ਨੂੰ ਲੈਣੇ ਦੇ ਦੇਣੇ ਪੈ ਗਏ। ਜੇਹੜੇ ਭੋਜਨ ਰਾਣੀ ਸੁੰਦਰਾਂ ਤਿਆਰ ਕਰਵਾਕੇ ਲਿਆਈ ਸੀ, ਵਰਤਾਏ ਗਏ। ਜਦ ਸਾਰੇ ਚੰਗੀ ਤਰਾਂ ਛਕ ਛਕਾਕੇ ਅਨੰਦ ਹੋ ਗਏ ਤਾਂ ਗੁਰੂ ਗੋਰਖ ਨਾਥ ਜੀ ਪ੍ਰਸੰਨ ਹੋਕੇ ਤ੍ਰੁੱਠੇ ਤੇ ਬੋਲੇ ਮੰਗ ਜੋ ਕੁਝ ਰਾਣੀਏਂ ਮੰਗਣਾਂ ਹਈ, ਤੇਰੇ ਲਈ ਚਾਰੇ ਚੱਕ ਬਹਿਸ਼ਤਾਂ ਦੇ ਦਰਵਾਜ਼ੇ ਖੁਲੇ ਹਨ। ਲਗਨ ਦੀ ਪੱਕੀ ਆਪਣੇ ਮਨੋਰਥ ਨੂੰ ਸਿਧ ਕਰਨ ਵਾਸਤੇ ਮਾਨੋਂ ਅੱਜ ਰਾਣੀ ਸੁੰਦਰਾਂ ਗੁਰੂ ਗੋਰਖ ਨਾਥ ਦੇ ਦਰਬਾਰ ਵਿੱਚ "ਇਸ਼ਕ" ਦੀ ਪੁੱਟੀ ਹਾਜ਼ਰ ਹੈ। ਪੈਹਲੀ ਵਾਰ ਦੀ ਪੁਛ ਵਿੱਚ ਰਾਣੀ ਬੋਲੀ, ਹੇ ਮਹਾਰਾਜ! ਆਪਦੇ ਦਰੋਂ ਘਰੋਂ ਬਹੁਤ ਕੁਝ ਬਖਸ਼ਸ਼ਾਂ ਹਨ,

Digitized by Panjab Digital Library | www.panjabdigilib.org

ਕਿਸੇ ਗੱਲ ਦੀ ਕਮੀਂ ਨਹੀਂ, ਹੁਕਮ ਹਾਸਲ ਹੈ, ਦੌਲਤਾਂ ਹਨ, ਮਾਨ ਹੈ, ਵਡਿਆਈ ਹੈ, ਗੋਲੀਆਂ ਹਨ, ਰਾਜ ਹੈ, ਭਾਗ ਹੈ, ਤਖਤ ਹੈ, ਤਾਜ ਹੈ, ਸੋ ਬੜੀ ਦਯਾ ਤੇ ਆਪਦੀ ਮੇਹਰ ਹੈ ਕਿਸੇ ਚੀਜ਼ ਦੀ ਇੱਛਯਾ ਨਹੀਂ।

ਗੁਰੂ ਗੋਰਖ ਨਾਥ ਜੀ ਆਪਣੀ ਮੇਹਰ ਵਿੱਚ ਆਏ ਹੋਏ ਫੇਰ ਬੋਲੇ ਕਿ ਮੰਗ ਰਾਣੀਏਂ ਮੰਗ, ਏਸ ਵੇਲੇ ਨੂੰ ਪਛਤਾਵੇਂਗੀ।

ਜਦ ਰਾਣੀ ਨੇ ਤਾੜਿਆ ਕਿ ਮੇਰਾ ਹੁਣ ਕੰਮ ਬਣੇਗਾ ਤੇ ਮੇਰੀ ਮੁਰਾਦ ਪੁਗੇਗੀ, ਮੈਂ ਕਿਉਂ ਨਾ ਦਿਲ ਦੀ ਮੁਰਾਦ ਨਿਸੰਗ ਹੋਕੇ ਮੰਗਾਂ,ਇਸਤੋਂ ਚੰਗਾ ਵੇਲਾ ਹੋਰ ਕੇੜ੍ਹਾ ਮਿਲੇਗਾ।

ਸੋ ਦਿਲ ਵਿੱਚ ਏਹ ਪੱਕੀ ਦਲੀਲ ਠਾਨ ਨਿਸੰਗ ਹੋਕੇ ਸੁੰਦ੍ਰਾਂ ਬੋਲੀ ਕਿ ਮਹਾਰਾਜ! ਜੇ ਰੀਝੇ ਤੇ ਤ੍ਰੁਠੇ ਹੋ ਤਾਂ ਮੈਨੂੰ ਮੇਰਾ ਮਨ ਇੱਛਤ ਫਲ ਬਖਸ਼ੋ ਜੋ ਮੈਨੂੰ ਬਾਲ ਬ੍ਰਹਮਚਾਰੀ ਪੂਰਨ ਭਗਤ ਦੀ ਬਖਸ਼ਸ਼ ਕਰੋ। ਗੁਰੂ ਗੋਰਖ ਨਾਥ ਨੇ ਤਾਂ ਸਮਝਿਆ ਸੀ ਕਿ ਰਾਣੀ ਕੋਈ ਸੰਸਾਰਕ ਪਦਾਰਥ ਧਨ, ਪੁਤ੍ਰ ਆਦਿਕ, ਮੰਗਕੇ ਖੁਸ਼ ਹੋ ਜਾਵੇਗੀ, ਪਰ ਉਹਨਾਂ ਨੂੰ ਕੀਹ ਪਤਾ ਸੀ ਕਿ ਏਥੇ ਤਾਂ ਪੁਠੀਆਂ ਕਲਮਾਂ ਵਗ ਚੁਕੀਆਂ ਹਨ,ਏਥੇ ਤਾਂ ਧਰਮ ਦਾ ਅਭਾਵ ਹੋਕੇ ਇਸ਼ਕ ਕਸਾਈ ਦੇ ਡੇਰੇ ਲਗ ਚੁਕੇ ਹਨ। ਸੋ ਵਿਚਾਰੇ ਏਸ ਅੰਦਰੂਨੀ ਰਾਜ਼ ਤੋਂ ਅਗਜਾਤ ਗੁਰੂ ਗੋਰਖ ਨਾਥ ਨੇ ਰਾਣੀ ਸੁੰਦ੍ਰਾਂ ਨੂੰ ਨਿਰਾਸ ਨਾ ਮੋੜਨ ਤੇ ਆਪਣੇ ਮੁਖੋਂ ਨਿਕਲੇ ਕੌਲ ਨੂੰ ਪੂਰਾ ਕਰਨ ਖਾਤ੍ਰ ਚੱਕ "ਪੂਰਨ ਭਗਤ" ਦੀ ਬਾਂਹ ਫੜਾ ਦਿੱਤੀ,ਤੇ ਆਪਣੇ ਹੱਥੀਂ ਇਕ ਕਸਾਈ ਦੇ ਹਥੋਂ ਅਨਾਥ ਭੇਡ ਵਾਂਗ ਪੂਰਣ ਨੂੰ ਛੁਡਾ ਦੂਜੇ ਕਸਾਈ ਦੇ ਵੱਸ ਪਾ ਦਿੱਤਾ। ਹੁਣ ਕੀਹ ਸੀ, ਰਾਣੀ ਸੁੰਦਰਾਂ ਦੀ ਖੁਸ਼ੀ ਦਾ ਕੋਈ ਪਾਰਾਵਾਰ

Digitized by Panjab Digital Library | www.panjabdigilib.org

ਨਾ ਰਿਹਾ, ਉਸਦੀ ਪਸ਼ਵਾਜ਼ ਮਾਰੇ ਖੁਸ਼ੀ ਦੇ ਆਪਮੁਹਾਰੀ ਖੁੱਲ੍ਹ ਗਈ, ਉਸਦੀ ਲਟਕੰਦੜੀ ਆਸ ਕਿਸੇ ਟਿਕਾਣੇ ਜਾ ਲੱਗੀ, ਉਸਦੀਆਂ ਦਿਲੀ ਸੱਧਰਾਂ ਪੂਰੀਆਂ ਹੋ ਗਈਆਂ, ਅੱਜ ਓਹ ਇੱਕ ਅਣਮੁੱਲੇ ਲਾਲ ਨੂੰ ਵਰ ਦਾਨ ਵਿੱਚ ਬਖਸ਼ਵਾਕੇ ਆਪਣੇ ਨਾਲ ਲੈ ਟੁਰੀ ਤੇ ਆਪਣੇ ਮਹਲੀਂ ਆ ਸਾਹ ਲੀਤਾ। ਹੁਣ ਕੀਹ ਹੋਣਾ ਸੀ, ਆ ਇਸ਼ਕ ਦੀਆਂ ਤਿਖੀਆਂ ਕਿਰਨਾਂ ਦੇ ਬਾਣ ਚੁਫੇਰਿਓਂ ਪੂਰਨ ਭਗਤ ਵਰਗੇ ਜਤੀ ਨੂੰ ਭਰਮਾਉਂਣ ਲਈ ਛੱਡੇ ਗਏ।

ਪੂਰਨ ਟੁਰਨ ਨੂੰ ਤਾਂ ਗੁਰੂ ਦੇ ਹੁਕਮ ਦਾ ਬੱਧਾ ਹੋਯਾ ਰਾਣੀ ਸੁੰਦ੍ਰਾਂ ਦੇ ਨਾਲ ਟੁਰ ਪਿਆ ਪਰ ਚਿੰਤਾਵਾਨ ਬਹੁਤ ਹੋਯਾ, ਕਿਉਂ ਜੋ ਪੂਰਣ ਭਗਤ ਅੱਜ ਫੇਰ ਜਤ ਸਤ ਦੀ ਕਸਵਟੀ ਪਰ ਪਰਖਿਆ ਜਾਣ ਲਈ ਬਿਖੜੀ ਤਰਾਂ ਨਾਲ ਖੋਟੇ ਭਾਗਾਂ ਨੂੰ ਦੂਸਰੀ ਵੇਰ "ਕਾਮਦੇਵ" ਦੇ ਜਾਲ ਵਿੱਚ ਫਸ ਗਿਆ ਸੀ, ਐਤਕੀ ਫੇਰ ਕਾਮਦੇਵ ਨੇ ਜਾਲ ਤਾਂ ਬੜਾ ਛਲੀਆ ਤੇ ਸੁੰਦਰ ਖਿਲਾਰਿਆ ਸੀ, ਪਰ ਜਿਸਦੇ ਸਤ ਦਾ ਰਾਖਾ ਆਪ ਸਾਖਯਾਤ ਭਗਵਾਨ ਹੋਵੇ ਭਲਾ ਉਸਨੂੰ ਕੌਣ ਛਲੇ, ਉਸਦੇ ਜਤਸਤ ਨੂੰ ਕੌਣ ਤੋੜੇ, ਜਿਨਾਂ ਚਿਰ ਸਾਂਈ ਦੀ ਨਜ਼ਰ ਸਵਲੀ ਹੋਵੇ ਕਿਸੇ ਦੀ ਕੀਹ ਤਾਕਤ ਹੈ ਜੋ ਕੁਝ ਹੇਰਾ ਫੇਰੀ ਕਰ ਸਕੇ, ਸੋ ਅਜੇ ਪੂਰਨ ਭਗਤ ਉਪਰ ਸਾਂਈ ਦੀ ਮੇਹਰ ਸੀ, ਅਜ ਉਸਦੀ ਜਤ ਸਤ ਬਾਜ਼ੀ ਨੂੰ ਜਿੱਤਨਾਂ ਉਸੇ ਦੇ ਮਸਤਕਾਂ ਪਰ ਵਿਧਾਤਾ ਨੇ ਚਿਤ੍ਰਿਆ ਹੋਇਆ ਸੀ, ਜਿਤ ਹੀ ਹੋਣੀ ਸੀ ?

ਤਰਾਂ ਤਰਾਂ ਦੇ ਰਾਣੀ ਸੁੰਦਰ੍ਹਾਂ ਵੱਲੋਂ ਜਾਲ ਖਲੇਰੇ ਗਏ, ਅਨੇਕ ਪ੍ਰਕਾਰ ਦੀਆਂ ਭੁਲਾਵਟਾਂ ਦਿੱਤੀਆਂ ਗਈਆਂ ਪਰ ਬੱਲੇ ਓਏ ਮਰਦਾ, ਜਤੀ ਜੰਮਿਆਂ ਤਾਂ ਪੰਜਾਬੀਆਂ ਵਿਚ ਤੂੰ

Digitized by Panjab Digital Library | www.panjabdigilib.org

ਹੀ ਜੰਮਿਆਂ, ਰਾਜ ਵੰਸ਼ ਵਿਚ ਪਲ ਕੇ ਰਾਜੇ ਸਾਲਵਾਹਨ ਦੇ ਨਾਮ ਨੂੰ ਉੱਜਲ ਕੀਤਾ ਤਾਂ ਤੂੰ ਹੀ ਕੀਤਾ, ਸਜਾਲਕੋਟ ਨੂੰ ਚਾਰ ਚੰਨ ਲਾਏ ਤਾਂ ਤੂੰ ਹੀ ਲਾਏ, ਸੋ ਕੇਹੜੀ ਭੁਲਾਵਟ ਤੈਨੂੰ ਠੱਗੇ, ਕੇਹੜੀ ਧੋਖੇ ਬਾਜ਼ੀ ਤੇਰੇ ਅਜਿੱਤ ਨਫਸ ਤੇ ਫਤੇ ਪ੍ਰਾਪਤ ਕਰੇ, ਹਰਗਿਜ਼ ਨਹੀਂ, ਹਰਗਿਜ਼ ਨਹੀਂ, ਤੂੰ ਸੱਚ ਮੁਚ ਅਜਿੱਤ ਸੀ, ਤੂੰ ਸੱਚ ਮੁਚ ਧਰਮੀ ਸੈਂ, ਤੂੰ ਸੱਚ ਮੁਚ ਧਰਮ ਦੇ ਆਸਰੇ ਅੱਜ ਤੱਕ ਵਾਲ ਵਾਲ ਬਚਿਆ ਰਿਹਾ ਸੈਂ, ਤੂੰ ਸਚ ਮੁਚ ਸਤੀਆਂ ਦਾ ਸਰਦਾਰ, ਤੂੰ ਸਚ ਮੁਚ ਅਸਲੀ ਜੋਗੀ ਰਾਜ ਪੂਰਨ ਭਗਤ ਬਣ ਦੁਨੀਆਂ ਨੂੰ ਨਾਸਮਾਨ ਮਿਸਾਲ ਬਣਕੇ ਜਤ ਸਤ ਦੇ ਉਂਦਰ ਪੂਰਨੇ ਪੰਜਾਬ ਵਿਚ ਵਾਹਨ ਵਾਲਾ ਰਤਨ ਹੈਂ ?

## ਰਾਣੀ ਸੁੰਦਰਾਂ ਦੇ ਜਾਲ ਤੋਂ ਛੁਟਕਾਰਾ ਤੇ ਪੂਰਨ ਜਤੀ ਦੀ ਦੂਜੀ ਇਖ਼ਲਾਕੀ ਜਿੱਤ

### ੪੦.

ਰਾਣੀ ਸੁੰਦਰਾਂ ਦਾ ਮਹਿਲ ਅੱਜ ਖਾਸ ਸਜਾਵਟ ਨਾਲ ਸਜਿਆ ਹੋਇਆ ਦਿਸ ਰਿਹਾ ਹੈ, ਉਹ ਪੂਰਨ ਭਗਤ ਜੀ ਨੂੰ ਨਾਲ ਲੈਕੇ ਖੁਸ਼ੀ ਖੁਸ਼ੀ ਆਪਣੇ ਸਜੇ ਧਜੇ ਮਹਿਲਾਂ ਵਿੱਚ ਦਾਖਲ ਹੋ ਰਹੀ ਹੈ, ਅੱਜ ਉਸਦਾ ਕੋਮਲ ਮਨ ਕੌਲ ਫੁੱਲ ਦੀ ਤਰਾਂ ਖਿੜਿਆ ਹੋਯਾ ਹੈ, ਅੱਜ ਓਹ ਦੁਰਲਭ ਰਤਨ ਗੁਰੂ ਗੋਰਖ ਨਾਥ ਪਾਸੋਂ ਇਨਾਮ ਲੈ ਆਈ ਹੈ ਤੇ ਅਪਣੇ ਜਾਮੇ ਵਿੱਚ ਖੁਸ਼ੀ ਨਾਲ ਨਹੀਂ ਮਿਉਂਦੀ। ਹੁਣ ਪੂਰਨ ਭਗਤ ਜੀ ਕੋਈ ਰਾਜ ਨੀਤਕ ਢੰਗ ਸੋਚ ਰਹੇ ਹਨ, ਸੋਚਦੇ ਸੋਚਦੇ ਬੋਲੇ ਹੇ ਰਾਣੀ! ਸਾਨੂੰ ਜੰਗਲ ਦਿਸ਼ਾ ਕਰ ਆਉਂਣ ਵਾਸਤੇ ਆਗਜਾ ਦਿਓ ਅਸਾਂ ਹੁਣੇ ਹੀ ਮੁੜਕੇ ਈਹਾਂ ਹੀ ਆ ਜਾਤੇ ਹੈਂ ? ਬਸ ਫੇਰ

Digitized by Panjab Digital Library | www.panjabdigilib.org

ਕੀਹ ਸੀ, ਏਹ ਬਨਤੀ ਦੇ ਪਿਆਰ ਭਰੇ ਅੱਖਰ ਮਾਨੋਂ ਬਿਜਲੀ ਵਾਂਗ ਅਸਰ ਕਰ ਗਏ ਤੇ ਉਸਨੇ ਧੋਖੇ ਵਿੱਚ ਆ ਬਾਹਰ ਜਾਣ ਵਾਸਤੇ ਆਗਿਆ ਦੇ ਦਿਤੀ ? ਆਪਣੇ ਹੱਥੋਂ ਅਮੋਲਕ ਲਾਲ ਦੇ ਖੁੱਸ ਜਾਣ ਤੋਂ ਅਣਜਾਣ ਰਾਣੀ ਨੇ ਸਮਝਿਆ ਕਿ ਹੁਣੇ ਬਾਹਰੋਂ ਹੋਕੇ ਪਰਤ ਆਵੇਗਾ। ਪਰ ਪੂਰਨ ਭਗਤ ਜੀ ਵਿਸ਼ੇ ਵਿਕਾਰਾਂ ਦੀ ਰੱਤੀ ਰਾਣੀ ਸੁੰਦਰਾਂ ਦੇ ਜਾਲ ਵਿਚੋਂ ਨਿਕਲ ਛੁਟ ਆਪਣੇ ਡੇਰੇ ਦੇ ਰਾਹ ਪਏ। ਦੇਖਦਿਆਂ ਦੇਖਦਿਆਂ ਪੂਰਨ ਭਗਤ ਜੀ ਜਤ ਸਤ ਦੀ ਦੂਸਰੀ ਵੇਰ ਬਾਜੀ ਜਿਤਕੇ ਆਪਣੇ ਗੁਰੂ ਗੋਰਖ ਨਾਥ ਦੀ ਸ਼ਰਨ ਵਿਚ ਪਹੁੰਚ ਗਏ, ਅੱਗੋਂ ਆਪਣੇ ਬਚਨ ਦੇ ਪਾਲਕ ਗੁਰੂ ਗੋਰਖ ਨਾਥ ਜੀ ਬਹੁਤ ਗੁਸੇ ਦੇ ਭਰੇ ਹੋਏ ਬੋਲੇ ਬੇਟਾ ਤੂੰ ਕਹਿਰ ਕਰਕੇ ਚਲਾ ਆਇਆ ਹੈਂ, ਤੇਰੇ ਏਸਤਰਾਂ ਕਰਨ ਨਾਲ ਮੇਰਾ ਬਚਨ ਤੇ ਤੇਰਾ ਧਰਮ ਦੋਵੇਂ ਹੀ ਕਲੰਕਤ ਹੋ ਗਏ ਹਨ? ਰਾਣੀ ਸੁੰਦਰਾਂ ਤੇਰੀ ਪਰੀਤ ਵਿੱਚ ਮੁਠੀ ਹੋਈ ਮੈਥੋਂ ਤੈਨੂੰ ਵਰ ਦਾਨ ਲੈਕੇ ਗਈ ਸੀ, ਤੇਰੇ ਹੱਥੋਂ ਉਸਦੀ ਆਸ ਨੂੰ ਚੋਟ ਲੱਗੀ ਹੈ, ਤੇਰੇ ਐਸਾ ਕਰਨ ਨਾਲ ਹੀ ਉਸਦੀ ਮੌਤ* ਹੋਈ ਹੈ। ਏਸ ਹਤਿਆ ਦਾ ਜ਼ੁਵਾਮੇਰ ਤੂੰ ਹੈਂ, ਤੈਨੂੰ ਏਸ ਤਰਾਂ ਵਿਸਾਹ ਘਾਤ ਕਰਨਾਂ ਜੋਗ ਨਹੀਂ ਸੀ। ਤੂੰ ਉਸਨੂੰ ਸਮਝਾ ਬੁਝਾਕੇ ਉਪਦੇਸ਼ ਦਵਾਰਾ ਉਸਦੇ ਮਨ ਨੂੰ ਸ਼ਾਂਤ ਕਰਕੇ ਆਉਣਾ ਸੀ, ਏਹ ਤੂੰ ਅਧਰਮ ਤੇ ਅਨਜਾਇ ਕੀਤਾ ਹੈ। ਹੁਣ ਤੁਸੀਂ ਜਾਕੇ ਆਪਣੇ ਮਾਪਿਆਂ ਨੂੰ ਮਿਲੋ ਤਾਂ ਜ ਉਹਨਾਂ

---

*ਜਦ ਰਾਣੀ ਸੁੰਦਰਾਂ ਕੋਲੋਂ ਪੂਰਨ ਚਲਾ ਆਯਾ ਤਾਂ ਉਹ ਵਿਚਾਰੀ ਇਸ਼ਕ ਵਿੱਚ ਕੁਠੀ ਕੋਠੇ ਤੋਂ ਛਾਲ ਮਾਰ ਜਿੰਦਾਕੇ ਮਰ ਗਈ।

Digitized by Panjab Digital Library | www.panjabdigilib.org

ਨੂੰ ਭੀ ਠੰਢ ਪਵੇ, ਜਾਓ ਬਦਾ। ਅਸੀਂ ਆਪਨੂੰ ਖੁਸ਼ੀ ਨਾਲ ਆਗਜ਼ਾ ਦਿੰਦ ਹਾਂ, ਆਪਣੇ ਦੁਖੀ ਮਾਤਾ ਦੇ ਦਿਲ ਨੂੰ ਸ਼ਾਂਤ ਕਰੋ।

# ਜੋਗੀ ਪੂਰਨ ਮੁੜ ਸਿਆਲਕੋਟ ਵਿੱਚ

## ੪੧.

ਅੱਜ ਸਿਆਲਕੋਟ ਦੇ ਰਾਜੇ ਸਾਲਵਾਹਨ ਦੇ ਰਾਜ ਭਵਨ ਵਾਲੇ ਬਾਗ ਵਿੱਚ ਇੱਕ ਜੋਗੀ ਰਾਜ ਆਸਨ ਜਮਾਈ ਬੈਠ ਹਨ। ਅਠ ਪਹਿਰ ਧੂਣੀ ਰੁਮਾਈ ਰੱਖਣ ਤੋਂ ਛੁਟ ਹੋਰ ਕੋਈ ਕੰਮ ਨਹੀਂ, ਤੇ ਹੱਥ ਵਿਚ ਮਾਲਾ ਤੇ ਮੁਖੜਾ ਹਰ ਵੇਲੇ ਬੰਦ ਹੈ, ਪਰ ਕਦ ੨ ਬੁੱਲ੍ਹ ਭੀ ਫੁਰਕ ਪੈਂਦੇ ਹਨ। ਸਾਰਾ ਸਰੀਰ ਭਭੂਤੀ ਨਾਲ ਸਜਾਇਆ ਹੋਇਆ ਹੈ, ਮਾਨੋਂ ਕੋਈ ਛੋਟੀ ਉਮਰ ਵਿੱਚ ਹੀ ਰੱਬੀ ਨੂਰ ਦਾ ਵਿਕਾਸ਼ ਲੈਕੇ ਏਸ ਅਸਾਰ ਸੰਸਾਰ ਪਰ ਭਗਤ, ਤਥਾ ਜੋਗੀ, ਜਨਮ ਧਾਰੀ ਹੋਇਆ ਹੈ। ਅਜੇ ਦੋ ਦਿਨ ਹੀ ਹੋਏ ਸਨ ਕਿ ਇਨ੍ਹਾਂ ਦੀ ਅੱਠ ਪਹਿਰ ਤਾੜੀ ਲੱਗੀ ਦੇਖ ਕੇ ਖਲਕਤ ਦੀਆਂ ਢਾਣੀਆਂ ਬਣਕੇ ਆਉਣੀਆਂ ਸ਼ੁਰੂ ਹੋ ਗਈਆਂ।ਅਨੇਕਾਂ ਗਰਜ਼ ਮੰਦ ਆਪੋ ਆਪਣੀਆਂ ਗਰਜ਼ਾਂ ਲੈਕੇ ਏਸ ਯੋਗੀ ਰਾਜ ਦੇ ਦੁਵਾਰੇ ਤੇ ਸਵਾਲੀ ਬਣਕੇ ਆਏ, ਆਉਣ ਵਾਲੇ ਜਗਜਾ-ਸੂਆਂ ਵਿੱਚੋਂ ਕਈਆਂ ਦੀਆਂ ਮਨੋਂ ਕਾਮਨਾਂ ਪੂਰੀਆਂ ਹੋਈਆਂ? ਬੱਸ ਫੇਰ ਕੀਹ ਸੀ, ਚਾਰੇ ਪਾਸੇ ਰੌਲਾ ਪੈ ਗਿਆ ਕਿ ਰਾਜੇ ਦੇ ਬਾਗ ਵਿੱਚ ਇੱਕ ਜੋਗੀ ਆਇਆ ਹੈ। ਜੇਹੜਾ ਮਨੋਂ ਕਾਮਨਾਂ ਪੂਰੀਆਂ ਕਰਦਾ ਹੈ, ਮੂੰਹ ਮੰਗੀਆਂ ਮੁਰਾਦਾਂ ਦਿੰਦਾ ਹੈ। ਗਲੀ ੨ ਘਰ ਘਰ ਸਾਰੇ ਇਸੇ ਹੀ ਕਥਾ ਦੇ ਲੋਕ ਗਵੱਯੇ

Digitized by Panjab Digital Library | www.panjabdigilib.org

ਬਣ ਗਏ, ਹੌਲੀ ੨ ਏਹ ਸੋ ਰਾਜਾ ਸਾਲਵਾਹਨ ਦੀ ਪਿਆਰੀ ਕਪਟਣ ਰਾਣੀ ਲੂਣਾਂ ਦੇ ਕੰਨੀਂ ਭੀ ਪਹੁੰਚੀ ਕਿ ਸਾਡੇ ਬਾਗ ਵਿੱਚ ਜੋ ਜੋਗੀ ਆਇਆ ਹੈ ਬੜੀਆਂ ਰਿੱਧੀਆਂ ਸਿੱਧੀਆਂ ਵਾਲਾ ਹੈ, ਏਸ ਦੇ ਹੱਥੋਂ ਅਨੇਕਾਂ ਦੇ ਬੂਟੇ ਲੱਗ ਗਏ, ਤੇ ਖਾਨ ਦਾਨ ਹਰੇ ਭਰੇ ਹੋ ਗਏ ਹਨ। ਮਖੌਲ ਕਰਦਾ ਕਰਦਾ ਪੁਤ੍ਰ ਦਾਨ ਕਰ ਮਾਰਦਾ ਹੈ। ਰਾਤ ਆਏ ਰਾਜੇ ਨੂੰ ਜੋਗੀ ਦੇ ਦਰਸ਼ਨਾਂ ਲਈ ਚੁਕ ਭਿੜੀ ਪੜ੍ਹਾਈ, ਅਕਲ ਦੇ ਕੋਟ ਰਾਜੇ ਨੇ ਪ੍ਰਵਾਨ ਕਰ ਲਿਆ ਤੇ ਸਵੇਰੇ ਜੋਗੀ ਰਾਜ ਦੇ ਦਰਸ਼ਨ ਕਰਨ ਲਈ ਵੇਲਾ ਆਪੋ ਵਿੱਚ ਨੀਯਤ ਕਰ ਲਿਆ ਗਿਆ ਤੇ ਦੋਵੇਂ ਧਿਰਾਂ ਸੌਂ ਗ.ਏ।

## ਲੂਣਾਂ ਦਾ ਕਪਟ ਪ੍ਰਗਟ ਹੋ ਗਿਆ

### ੪੨.

ਅਜੇ ਪਹੁਫੁਟਾਲਾ ਹੀ ਸੀ ਕਿ ਰਾਜਾ ਸਾਲਵਾਹਨ ਤੇ ਲੂਣਾਂ ਦੋਵੇਂ ਜੋਗੀ ਦੀ ਸਮਾਧੀ ਕੋਲ ਜਾ ਖੜੋਤੇ, ਜਾਂ ਜੋਗੀ ਨੇ ਨੈਨ ਖੋਹਲੇ ਤਾਂ ਉਠਕੇ ਰਾਜਾ ਦੇਖਕੇ ਚਰਨੀਂ ਹੱਥ ਲਾਕੇ ਨਮਸਕਾਰ ਕੀਤੀ ਤੇ ਬੈਠਣ ਵਾਸਤੇ ਇਸ਼ਾਰਾ ਕੀਤਾ। ਇੱਕ ਕਰਾਮਾਤੀ ਤੇ ਸਕਲ ਕਲਾ ਸੰਪੂਰਨ ਦੇ ਰਾਜਾ ਆਪਣੇ ਚਰਨਾਂ ਤੇ ਹੱਥ ਲਗਦੇ ਵੇਖਕੇ ਤ੍ਰਬਕਿਆ ਤੇ ਦੋ ਤਿੰਨ ਕਦਮ ਪਿੱਛੇ ਹਟਕੇ ਬੋਲਿਆ—ਹੇ ਭਗਵਾਨ! ਮੈਂ ਆਪਦੇ ਪਾਸ ਤਾਂ ਸਵਾਲੀ ਮੰਗਤੇ ਦੀ ਨਿਆਈਂ ਵਰ ਦਾਨ ਪ੍ਰਾਪਤ ਕਰਨ ਆਇਆ ਹਾਂ, ਆਪਨੇ ਮੇਰੇ ਪੈਰਾਂ ਨੂੰ ਛੋਹਕੇ ਮੇਰੇ ਸਿਰੋਂ ਕਦੇ ਨਾਂ ਉਤਰਨ ਵਾਲਾ ਭਾਰ ਚੜ੍ਹਾ ਦਿੱਤਾ ਹੇ, ਜਿਸਨੂੰ ਮੈਂ ਜਨਮ ਜਨਮਾਂਤ੍ਰਾਂ ਭੀ ਨਹੀਂ ਉਤਾਰ ਸਕਦਾ।

Digitized by Panjab Digital Library | www.panjabdigilib.org

ਅੱਗੋਂ ਜੋਗੀ ਰਾਜ ਪੂਰਨ ਭਗਤ ਜੀ ਬੋਲੇ ਸਾਡੇ ਵੱਸ ਨਹੀਂ ਆਪ ਨੂੰ ਕਰਤਾਰ ਨੇ ਆਪਨੀ ਖਲਕਤ ਦਾ ਰਾਖਾ ਬਣਾਕੇ "ਰਾਜਾ" ਪਦ ਬਖਸ਼ਿਆ ਹੈ। ਰੱਈਅਤ ਆਪਦੇ ਹੱਥੋਂ ਸੁਖੀ ਵੱਸਦੀ ਹੈ, ਇਸ ਲਈ ਆਪ ਜਿਸ ਤਰਾਂ ਸਾਰੀ ਪਰਜਾ ਦੇ ਪੂਜਯ ਹੋ ਤਿਵੇਂ ਹੀ ਕਰਤਾਰ ਦੀ ਰਜ਼ਾ ਅੰਦਰ ਮੈਨੂੰ ਭੀ ਸਨ-ਮਾਨ ਕਰਨਾਂ ਯੋਗ ਹੈ, ਹੁਣ ਸਾਲਵਾਹਨ ਸਿਰ ਨਿਵਾਕੇ ਲੂਣਾਂ ਸਮੇਤ ਜੋਗੀ ਰਾਜ ਦੀ ਧੂਹਣੀ ਦੇ ਪਾਸ ਹੀ ਬੈਠ ਗਿਆ। ਜਦ ਪੂਰਨ ਭਗਤ ਜੀ ਨੇ ਪੁਛਿਆ ਕਿ ਆਪ ਕਿਸਤਰਾਂ ਮੇਰੇ ਅਸਥਾਨ ਤੇ ਆਏ ਹੋ, ਤਾਂ ਉਤ੍ਰ ਵਿੱਚ ਰਾਜੇ ਨੇ ਪੁਤ੍ਰ ਦੀ ਅਣਹੋਂਦ ਦਸਕੇ ਆਪਣੇ ਆਪ ਨੂੰ ਔਂਤ੍ਰੇ ਮਰਨ ਦਾ ਦੁਖ ਪ੍ਰਗਟ ਕੀਤਾ ਤੇ ਕਿਹਾ ਕਿ ਬਾਰਾਂ ਬਰਸ ਗੁਜ਼ਰ ਗਏ ਹਨ, ਮੇਰੇ ਘਰ ਕੋਈ ਸੰਤਾਨ ਨਹੀਂ ਹੁੰਦੀ ਜਿਸ ਤਰਾਂ ਮੇਰੇ ਦਿਲ ਨੂੰ ਢਾਰਸ ਹੋਵੇ ਹੁਣ ਆਪ ਉਹ ਉਪਾਉ ਕਰੋ, ਪੂਰਨ ਭਗਤ ਨੇ ਕਿਹਾ, ਹੇ ਰਾਜਨ ! ਸਾਨੂੰ ਪ੍ਰਤੀਤ ਹੁੰਦਾ ਹੈ ਕਿ ਆਪਦੇ ਘਰ ਇੱਕ ਪੁਤ੍ਰ ਪੈਦਾ ਹੋਯਾ ਸੀ ਜਿਸਨੂੰ ਤੁਸਾਂ ਬੱਕਰੇ ਵਾਂਗ ਉਜਾੜ ਵਿੱਚ ਜਾਕੇ ਕੋਹ ਕੋਹ ਕੇ ਮਾਰਿਆ ਸੀ ਉਸਦਾ ਸਾਰਾ ਹਾਲ ਖੋਲ੍ਹਕੇ ਮੈਨੂੰ ਸੁਨਾਓ, ਤਾਂ ਤੁਹਾਡੀ ਪੁਤ੍ਰ ਭਾਵਨਾਂ ਪੂਰਨ ਹੋਵੇਗੀ। ਜੋਗੀ ਦੇ ਮੂੰਹੋਂ ਏਹ ਗੱਲ ਸੁਣਕੇ ਰਾਜਾ ਸਾਲਵਾਹਨ ਆਪਣੇ ਪੁਰਾਣੇ ਪਾਪ ਕਰਮ ਨੂੰ ਯਾਦ ਕਰਕੇ ਕੰਬਿਆ ਤ੍ਰਬ-ਕਿਆ ਤੇ ਦੋ ਚਾਰ ਹੰਝੂ ਭੀ ਬਦੋਬਦੀ ਨਿਕਲ ਪਏ ਤੇ ਥਿੜਕਦੀ ਹੋਈ ਆਵਾਜ਼ ਵਿੱਚ ਧੀਮਾਂ ਜਿਹਾ ਬੋਲਿਆ:—

ਹੇ ਸੰਤ ਜੀ ! ਇੱਕ ਬਾਲਕ ਮੇਰ ਘਰ ਹੋਇਆ ਸੀ। ਰਾਣੀ ਇੱਛਰਾਂ ਜੋ ਵੱਡੀ ਰਾਣੀ ਹੈ ਉਸਦੇ ਪੇਟੋਂ, ਪਰ ਉਹ ਮਤ੍ਰੇਈ ਮਾਂ ਨੂੰ ਦੇਖਕੇ ਉਸਦੇ ਅਨੂਪਰੂਪ ਉਤੇ ਮੋਹਤ ਹੋਕੇ ਕੁਧਰਮੀ ਹੋ

Digitized by Panjab Digital Library | www.panjabdigilib.org

ਗਿਆ ਸੀ। ਬੜੀ ਮੁਸ਼ਕਲ ਨਾਲ ਅੱਏ ਮੈਖੇ ਏਨੇ ਅੱਖਰ ਰਾਜੇ ਦੇ ਮੂੰਹੋਂ ਨਿਕਲੇ ਹੀ ਸਨ ਕਿ ਅੱਗੋਂ ਜੀਭ ਜਿੱਥੇ ਸੀ ਓਥੇ ਦੀ ਓਥੇ ਹੀ ਰਹਿ ਗਈ, ਮਾਨੋਂ ਇਕ ਵਾਰ ਹੀ ਜਿਵੇਂ ਕਿਸੇ ਨੇ ਆਕੇ ਰਾਜੇ ਦੇ ਮੂੰਹ ਪਰ ਮੋਹਰ ਲਗਾ ਦਿੱਤੀ।

ਪੂਰਨ ਭਗਤ—ਹੇ ਰਾਜਾ! ਮਤ੍ਰੇਈ ਮਾਂ ਝੂਠੀ ਸੀ, ਤੇਰਾ ਪੁਤ੍ਰ ਅਨਦੋਸਾ ਸੀ ਜੋ ਤੇਰੇ ਹੱਥੋਂ ਮਾਰਿਆ ਗਿਆ, ਤੇਰੇ ਤੇ ਉਹ ਹੱਤਿਆ ਲੱਗ ਚੁੱਕੀ ਹੈ ਜੋ ਕੁੰਭੀ ਨਰਕ ਤੋਂ ਸਿਵਾਇ ਹੁਣ ਤਨੂੰ ਕਿਸੇ ਥਾਂ ਠੌਰ ਨਹੀਂ ਮਿਲੇਗੀ, ਹਾਂ, ਜੇ ਸਾਰੀ ਦੀ ਸਾਰੀ ਹੂ-ਬ-ਹੂ ਸੱਚੋ ਸੱਚ ਕਥਾ ਰਾਣੀ ਖੁਦ ਸੁਣਾ ਦੇਵੇ ਤਾਂ ਪੁੱਤ੍ਰ ਦਾ ਵਰ ਦਾਨ ਪ੍ਰਾਪਤ ਹੋ ਸਕਦਾ ਹੈ।

## ਪਾਪਣ ਲੂਣਾਂ ਨੇ ਖੁਦ ਆਪਣਾ ਕਪਟ ਪੂਰਨ ਭਗਤ ਅੱਗੇ ਪ੍ਰਗਟ ਕਰਨਾ

੪੩.

ਹੁਣ ਲੂਣਾਂ ਦੀ ਜਦ ਵਾਰੀ ਆਈ ਤਾਂ ਔਲਾਦ ਦੀ ਪ੍ਰਬਲ ਇਛਜਾ ਨੂੰ ਰੋਕਣਾਂ ਉਸ ਲਈ ਬੜਾ ਕਠਨ ਹੋ ਗਿਆ ਤੇ ਤ੍ਰੇਲੀਓ ਤ੍ਰੇਲੀ ਹੋਈ ਹੋਈ ਅੱਗੇ ਵਧਕੇ ਜੋਗੀ ਦੇ ਪਾਸ ਜਾਕੇ ਬੋਲੀ ਕਿ ਹੇ ਮਹਾਰਾਜ! ਮੈਨੂੰ ਬਖਸ਼ੋ, ਬਖਸ਼ ਲਵੋ, ਬਖਸ਼ਨਹਾਰ ਹੋ, ਮੈਥੋਂ ਬੜਾ ਭਾਰਾ ਗੁਨਾਹ ਹੋਯਾ ਹੈ, ਜਿਸਦੀ ਮੁਆਫ਼ੀ ਕਿਸੇ ਦਰ ਨਹੀਂ ਹੈ, ਹੇ ਬਖਸ਼ਨਹਾਰ ਜੀ! ਮੈਨੂੰ ਬਖਸ਼ ਲਵੋ, ਪੁੱਤ੍ਰ ਪੂਰਨ ਮੇਰੇ ਤੇ ਮੋਹਤ ਨਹੀਂ ਹੋਯਾ ਸੀ, ਸਗੋਂ ਮੈਂ ਤੱਤੀ ਉਸਦੇ ਅਨੂਪ ਰੂਪ ਨੂੰ ਦੇਖ ਮੋਹਤ ਹੋ ਗਈ ਸਾਂ, ਮੈਂ ਹੀ ਉਸ ਵਿਚਾਰੇ ਅਨਦੋਸੇ ਪੁੱਤ੍ਰ ਨੂੰ ਮਰਵਾਉਣ ਵਾਲੀ ਤੱਤੀ ਲੂਣਾਂ ਹਾਂ, ਮੈਂ ਐਵੇਂ ਝੂਠੀਆਂ ਤੋਹਮਤਾਂ ਲਾਕੇ

Digitized by Panjab Digital Library | www.panjabdigilib.org

ਆਪਣੇ ਹੱਥੋਂ ਲਾਲ ਨੂੰ ਗੁਆਕੇ ਕਮੀਨੀ ਵਿਸ਼ੇ ਵਾਸ਼ਨਾਂ ਦੀ ਤ੍ਰਿਪਤੀ ਲਈ ਵੰਸ ਦਾ ਨਾਸ ਕੀਤਾ।

ਏਹ ਕਹਿਰ ਭਰੀ ਗੱਲ ਲੂਣਾਂ ਕਪਟਣ ਦੇ ਮੂੰਹੋਂ ਸੁਣਕੇ ਬੁੱਢੂ ਸਾਲਵਾਹਨ ਦੇ ਹੋਸ਼ ਹਵਾਸ ਕਾਇਮ ਹੋ ਗਏ ਤੇ ਉਹ ਬੜੇ ਹੀ ਕ੍ਰੋਧ ਨਾਲ ਲਾਲ ਅੰਗਜਾਰੇ ਵਰਗੇ ਨੇਤਰ ਕੱਢਕੇ ਤਲਵਾਰ ਸੂਤਕੇ ਬੋਲਿਆ-"ਹੈਂਸਿਆਰੀਏ ਚੰਡਾਲਣੇ ਪੁੱਤ੍ਰ ਭੱਖਣੀਏਂ! ਤੂੰਹੋਂ ਹੀ ਮੇਰੇ ਹੀਰੇ ਵਰਗੇ ਪੁੱਤ੍ਰ ਨੂੰ ਮਰ-ਵਾਯਾ, ਤੂੰ ਹੀ ਮੇਰ ਖਾਨਦਾਨ ਦਾ ਸੱਤਯਾਨਾਸ ਕੀਤਾ, ਆ ਤੇਰੀ ਮੁੰਡੀ ਲਾਹਕੇ ਤੇਰਾ ਬੇੜਾ ਪਾਰ ਕਰਾਂ, ਚੰਡਾਲਣੇ! ਆ ਤੇਰੇ ਲਹੂ ਨਾਲ ਹੱਥ ਰੰਗਕੇ ਮੈਂ ਆਪਣਾ ਦਿਲ ਸ਼ਾਂਤ ਕਰਾਂ।

ਜੋਗੀ ਪੂਰਨ-(ਤਲਵਾਰ ਖੋਹਕੇ) ਹੇ ਰਾਜਨ! ਹੱਛਾ ਜਾਣ ਦਿਓ, ਜੋ ਗੱਲ ਬੀਤ ਗਈ ਸੀ ਬੀਤ ਗਈ, ਉਹ ਤਾਂ ਹੁਣ ਆਯਾ, ਘਰ ਬੱਸਨਾਂ ਹੋਏਗਾ ਤਾਂ ਇਸ ਰਾਣੀ ਸੇ ਹੀ ਕੋਈ ਹੋਏਗਾ ਵਸਾਵਨ ਵਾਲਾ। ਲੂਣਾਂ ਨੇ ਅੱਜ ਉਸ ਹੱਤਯਾ ਕਰਨ ਦਾ ਭੁਂਡਾ ਭੂੰਨ ਦਿੱਤਾ, ਜਹੜਾ ਬਾਰਾਂ ਵਰ੍ਹੇ ਅਪਨੇ ਦਿਲ ਵਿੱਚ ਨੱਪ ਘੁੱਟਕੇ ਰਖਿਆ ਸੀ, ਹੁਣ ਰਾਜੇ ਦਾ ਕਹਿਰ ਸਹਾਰ ਜੋਗੀ ਦੀ ਗੱਲ ਸੁਣਕੇ ਮਨ ਵਿੱਚ ਲੂਣਾਂ ਸੋਚਨ ਲੱਗੀ ਕਿ ਬੜਾ ਜ਼ਾਹਰਾ ਜੋਗੀ ਹੈ, ਇਸਦੇ ਵਰ ਨਾਲ ਤਾਂ ਮੈਂ ਚੁਟਕੀ ਵਿੱਚ ਮੈਂਤ੍ਰੀ ਬਣ ਜਾਵਾਂਗੀ, ਰਾਜੇ ਨੇ ਵੀ ਹੁਣ ਬਿਰਥਾ ਕ੍ਰੋਧ ਤੋਂ ਕੋਈ ਲਾਭ ਨਾ ਜਾਣ ਅਪਨੇ ਟਿਕਾਣ ਤੇ ਬੈਠ ਜਾਣਾ ਯੋਗ ਜਾਤਾ ਤੇ ਚੁੱਪ ਕਰਕੇ ਅੱਥਰੂ ਡੇਗਦਾ ੨ ਇਕ ਪਾਸੇ ਹੋਕੇ ਜੋਗੀ ਪੂਰਨ ਦੇ ਸਾਹਮਣੇ ਬੈਠ ਗਿਆ ਤੇ ਬੋਲਿਆ ਕਿ ਨਾਥ ਜੀ! ਤੁਸਾਂ ਸਿੱਧਾਂ ਦੀ ਕ੍ਰਿਪਾ ਹੋਵੇ, ਅਸਾਂ ਦੇ ਭਾਗ ਪੁੱਠੇ ਪੈ ਗਏ ਹਨ।

Digitized by Panjab Digital Library | www.panjabdigilib.org

ਜੋਗੀ—(ਅੱਖੀਆਂ ਮੀਟਕੇ ਤੇ ਜ਼ਰਾਕੁ ਤਾੜੀ ਲਾਕੇ) ਉਸਕਾ ਪੁਤਲਾ ਅਜੇ ਪੰਜ ਤੱਤ ਮੇਂ ਨਹੀਂ ਰਲਿਆ।

ਰਾਜਾ—ਲੋਕੀ ਕਹਿੰਦੇ ਸਨ ਕਿ ਉਹ ਖੂਹਵਿੱਚੋਂ ਬਚਕੇ ਇਕ ਸਾਧ ਦਾ ਚੇਲਾ ਬਣਕੇ ਜੋਗੀ ਹੋ ਗਿਆ ਹੈ, ਪਰ ਮੇਰੇ ਵਿੱਚ ਏਨੀ ਹਿੰਮਤ ਅਕਲ ਕਿੱਥੇ ਜੋ ਮੈਂ ਏਸ ਗੱਲ ਤੇ ਭਰੋਸਾ ਕਰਦਾ?

# ਜੋਗੀ ਪੂਰਨ ਨੇ ਵਰ ਦਾਨ ਦੇਣਾ

## ੪੪.

ਜੋਗੀ—(ਲੂਣਾਂ ਵਲ ਮੂੰਹ ਕਰਕੇ) ਮਾਤਾ ਜੀ ! ਤੁਸਾਂ ਸੱਚ ਬੋਲਿਆ ਹੈ, ਹਮੀਂ ਬੜੇ ਪ੍ਰਸੰਨ ਹਾਂ, ਹੁਣ ਕਰਤਾਰ ਤੁਸਾਂ ਕੋ ਚੰਦ ਜਿਹਾ ਪੁੱਤ੍ਰ ਬਖਸ਼ੇਗਾ, ਸਾਡਾ ਬਚਨ ਬਿਰਥਾ ਨਹੀਂ ਜਾਵੇਗਾ, ਰਾਜਾ ਕੋ ਮੈਂ ਠੰਡਾ ਕਰ ਲਵਾਂਗਾ, ਜਾਓ ਤੁਹਾਡੀ ਆਸ ਮੁਰਾਦ ਪੂਰੀ ਹੋਵੇਗੀ।

ਹੁਣ ਰਾਜਾ ਤੇ ਕਪਟਨ ਲੂਣਾਂ ਦੋਵੇਂ ਵਰ ਦਾਨ ਲੈਕੇ ਰਾਜ ਮਹਿਲ ਨੂੰ ਮੁੜ ਆਏ ਤੇ ਆਉਂਦਿਆਂ ਹੀ ਏਸ ਕਹਿਰ ਭਰੀ ਕਥਾ ਦਾ ਅਸਲ ਹਾਲ ਸਾਰੀਆਂ ਗੋੱਲੀਆਂ ਬਾਂਦੀਆਂ ਤੇ ਪਰਜਾ ਦੇ ਲੋਕਾਂ ਨੂੰ ਪਤਾ ਲੱਗ ਗਿਆ। ਹੁਣ ਵਿਚਾਰੀ ਦੇਵੀ ਪੁੱਤ੍ਰ ਦੇ ਵਿਛੋੜੇ ਵਿੱਚ ਨੇਤ੍ਰ ਹੀਨ ਹੋ ਗਈ ਇੱਛਰਾਂ ਦੇ ਦਿਲ ਵਿੱਚ ਭੀ ਆਈ ਕਿ ਮੈਂ ਭੀ ਚੱਲਾਂ ਜੋ ਮੇਰੇ ਨੇਤ੍ਰ ਹੀ ਵੱਲ ਹੋ ਜਾਣ, ਲੋਕਾਂ ਨੂੰ ਪੁੱਤ੍ਰਾਂ ਦਾ ਵਰ ਦਾਨ ਦਿੰਦਾ ਹੈ, ਮੈਂ ਨਿਮਾਣੀ ਨੂੰ ਨੇਤਰ ਦਾਨ ਨਾ ਦੇਵੇਗਾ? ਵਿਚਾਰੀ ਇਕ ਗੋੱਲੀ ਨੂੰ ਨਾਲ ਲੈਕੇ ਜੋਗੀ ਪਾਸ ਪਹੁੰਚੀ ਤੇ ਨਾਥ ਜੀ ਨੂੰ ਆਦੇਸ ਕਰਕੇ ਗੋੱਲੀ ਤੇ ਰਾਣੀ ਦੋਵੇਂ ਪਾਸ ਬੈਠ ਗਈਆਂ,

Digitized by Panjab Digital Library | www.panjabdigilib.org

ਅੱਗੋਂ ਪੂਰਨ ਨੇ ਭੀ ਨਮਸਕਾਰ ਕੀਤੀ।

ਇੱਛਰਾਂ– ਪੁੱਤ੍ਰ! ਮੇਰਾ ਪੁੱਤ੍ਰ ਕਿੱਥੇ ਹੈ ?

ਜੋਗੀ–ਮਾਤਾ ਜੀ! ਈਹਾਂ ਸੰਸਾਰ ਮੇਂ ਹੈ।

ਇੱਛਰਾਂ–ਲਾਲ! ਫਿਰ ਦੱਸ ਉਹ ਕਿੱਥੇ ਹੈ, ਮੈਂ ਓਥੇ ਹੀ ਚਲੀ ਜਾਵਾਂ ਤੇ ਮਿਲਕੇ ਅਪਨੇ ਤਪਦੇ ਮਨ ਨੂੰ ਠਾਰ ਆਵਾਂ।

ਜੋਗੀ–ਮਾਤਾ ਜੀ! ਤੇਰਾ ਪੁੱਤ੍ਰ ਮੋਯਾ ਨਹੀਂ, ਜੀਉਂਦਾ ਹੈ, ਧੀਰਜ ਕਰੋ।

ਇੱਛਰਾਂ–ਲਾਲ ਜੁਗ ਜੁਗ ਜੀਵੇਂ! ਤੁਸਾਂ ਸਿੱਧ ਜੇ ਚਾਹੋ ਤਾਂ ਮੇਰੇ ਹੀਰੇ ਵਰਗੇ ਪੁੱਤ੍ਰ ਨੂੰ ਮਿਲਾ ਸਕਦੇ ਹੋ, ਮੈਂ ਔਤਰੀ ਤੇ ਦਯਾ ਕਰੋ, ਜੇ ਮੇਰੀਆਂ ਅੱਖਾਂ ਹੋਣ ਤਾਂ ਮੈਂ ਅੱਖਾਂ ਨਾਲ ਪਛਾਨਕੇ ਪੁੱਤ੍ਰ ਨੂੰ ਲੱਭ ਲਵਾਂ, ਰੱਬ ਕਿਸੇ ਨੂੰ ਪੁੱਤ੍ਰ ਦਾ ਸੱਲ ਨਾ ਲਾਵੇ। ਹੇ ਪੁੱਤ੍ਰ! ਤੂੰ ਕੇਹੜੇ ਜੋਗੀ ਦਾ ਚੇਲਾ ਹੈਂ? ਅਵਾਜ਼ ਤਾਂ ਤੇਰੀ ਨਿਰੀ ਮੇਰੇ ਪੂਰਨ ਵਰਗੀ ਲਗਦੀ ਹੈ।

## ਮਾਤਾ ਇੱਛਰਾਂ ਦਾ ਮਿਲਾਪ

### ੪੫.

ਜੋਗੀ–ਮਾਤਾ! ਮੈਂ ਗੁਰੂ ਗੋਰਖ ਨਾਥ ਦਾ ਚੇਲਾ ਹਾਂ, ਉਹ ਟਿੱਲੇ ਸ਼ਹਿਰ ਇਕ ਜੋਗੀਆਂ ਦਾ ਵਡਕਾ ਜੋਗੀਸ਼੍ਵਰ ਹੈ, ਅੱਠ ਪਹਿਰ ਸਾਨੂੰ ਹਰੀ ਭਜਨ ਤੋਂ ਛੁੱਟ ਕੋਈ ਕਾਰ ਨਹੀਂ, ਪਹਿਲਾਂ ਸਿਆਲਕੋਟ ਦੇ ਰਾਜੇ ਦੇ ਘਰ ਮੈਂ ਜਨਮ ਧਾਰੀ ਹੋਯਾ ਸਾਂ, ਮਤ੍ਰੇਈ ਮਾਤਾ ਨੇ ਮਰਵਾ ਸੁੱਟਣ ਦੀ ਸੋਚੀ ਤੇ ਹੱਥ ਪੈਰ ਵਢਵਾਕੇ ਖੂਹ ਵਿਚ ਸੁਟ ਪਾਯਾ। ਹੁਣ ਮਾਤਾ! ਤੂੰ ਦੇਖ ਲੈ ਜੇ ਮੈਂ ਹੀ ਤੇਰਾ ਪੁੱਤ੍ਰ ਪੂਰਨ ਹਾਂ ਤਾਂ ਤੇਰੇ ਸਾਹਮਣੇ ਖੜਾ ਹਾਂ।

Digitized by Panjab Digital Library | www.panjabdigilib.org

ਬੱਸ ਫੇਰ ਕੀ ਸੀ ਰਾਣੀ ਇੱਛਰਾਂ ਨੇ ਪੁੱਤ੍ਰ ਮਿਲਾਪ ਨੂੰ ਦੇਖਕੇ ਖੁਸ਼ੀ ਨਾਲ ਨੈਣਾਂ ਤੋਂ ਛਮਾਂ ਛਮ ਅੱਥਰੂ ਕੇਰ ਦਿੱਤੇ ਤੇ ਪੁੱਤ੍ਰ ਨੂੰ ਘੁੱਟਕੇ ਜੱਫੀ ਪਾ ਲਈ। ਜਦ ਏਹ ਖਬਰ ਮਹਿਲਾਂ ਵਿੱਚ ਪਹੁੰਚੀ ਤੇ ਰਾਜੇ ਨੂੰ ਪਤਾ ਲੱਗਾ ਤਾਂ ਪੂਰਨ ਨੂੰ ਘਰ ਲਿਜਾਵਨ ਵਾਸਤੇ ਰਾਜਾ ਆਯਾ, ਪਰ ਪੂਰਨ ਭਗਤ ਮੁੜ ਘਰ ਨਾ ਪਰਤਿਆ। ॥ ਇਤਿ ॥

---


# ਮੁਕੰਮਲ ਤਵਾਰੀਖ ਗੁਰੂ ਖਾਲਸਾ

ਅਰਥਾਤ

## ਇਤਿਹਾਸ ਗੁਰੂ ਖਾਲਸਾ ਸਾਰੇ ਹਿੱਸੇ

ਜਿਸ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੱਕ ਸਾਰੇ ਹਾਲਾਤ ਤੇ ਉਸ ਤੋਂ ਪਿੱਛੋਂ ਦੀਆਂ ਸਾਰੀਆਂ ਸ਼ਹੀਦੀਆਂ, ਤਰਨਾਂ ਦਲ ਤੇ ਬੁੱਢਾਂ ਦਲ ਦੇ ਕਾਰਨਾਮੇ ਟੁਕੜੇ ੨ ਹੋਕੇ ਭੀ ਧਰਮ ਨਾ ਹਾਰਨਾਂ, ਬਾਬੇ ਬੰਦੇ ਬਹਾਦਰ ਦਾ ਪੰਜਾਬ ਵਿਚ ਆਉਣਾ ਤੇ ਮੁਸਲਮਾਨੀ ਅੱਤਯਾਚਾਰਾਂ ਦਾ ਘਮੰਡ ਤੋੜਨਾ ਤੇ ਵੱਡਾ ਘਲੂਘਾਰਾ, ਛੋਟਾ ਘਲੂਘਾਰਾ ਆਦਿਕ ਅਨੇਕਾਂ ਖਾਲਸੇ ਦੇ ਜੰਗ ਜੁੱਧ ਦਰਜ ਕੀਤੇ ਗਏ ਹਨ, ਪੁਸਤਕ ਬੜੀ ਹੀ ਮੇਹਨਤ ਨਾਲ ਤਯਾਰ ਕੀਤੀ ਗਈ ਹੈ, ਅਤੇ ਬਹੁਤ ਭਾਰੀ ਮੇਹਨਤ ਤੇ ਧਨ ਖਰਚ ਕਰਕੇ ਏਸ ਤ੍ਵਾਰੀਖ ਨੂੰ ਪ੍ਰਕਾਸ਼ਤ ਕੀਤਾ ਹੈ? ਕੱਪੜੇ ਦੀ ਜਿਲਦ ਸਮੇਤ ੬।)

ਪਤਾ:- ਭਾਈ ਲਾਭ ਸਿੰਘ ਐਂਡ ਸਨਜ਼

ਪੁਸਤਕਾਂ ਵਾਲੇ ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ


Digitized by Panjab Digital Library | www.panjabdigilib.org

ੴ ਸਤਿਗੁਰਪ੍ਰਸਾਦਿ ॥

ਘੋਬੀ ਪ੍ਰਮੇਸੁਰ ਕਾ ਬਾਨੁ ॥

ਜੇ ਤੁਸੀ ਆਤਮਕ ਸ਼ਕਤੀ ਪੈਦਾ ਕਰਨ ਦੇ
ਚਾਹਵਾਨ ਹੋ ਤਾਂ ਏਸ

# ਸੂਚੀ ਪੱਤ੍ਰ

# ਅਮੋਲਕ ਲਾਲ ਰੈਣਾਂ

ਨੂੰ ਸ਼ੁਰੂ ਤੋਂ ਲੈਕੇ ਅੰਤ ਤੱਕ ਜ਼ਰੂਰ ਪੜ੍ਹੋ

ਹਰ ਪ੍ਰਕਾਰ ਦੇ ਪੁਸਤਕ ਮਿਲਨ ਦਾ ਪਤਾ—

**ਭਾਈ ਲਾਭ ਸਿੰਘ ਐਂਡ ਸਨਜ਼**

ਪੁਸਤਕਾਂਵਾਲੇ ਪਬਿਲਸ਼ਰਜ਼ ਮਾਲਕ 'ਕਾਕਾ ਸੁਦਾਗਰ
ਸਿੰਘ ਪੁਸਤਕ ਭੰਡਾਰ' ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ

"ਗੁਰੂ ਖਾਲਸਾ ਪ੍ਰੈਸ" ਅੰਮ੍ਰਿਤਸਰ ਵਿੱਚ ਸ: ਪ੍ਰੀਤਮ ਸਿੰਘ
ਮੈਨੇਜਰ ਤੇ ਪ੍ਰਿੰਟਰ ਦੇ ਯਤਨ ਨਾਲ ਛਪੀ ॥

Digitized by Panjab Digital Library | www.panjabdigilib.org

੧ ਓ ਸਤਿਗੁਰਪ੍ਰਸਾਦਿ ॥

"ਪੋਥੀ ਪਰਮੇਸੁਰ ਕਾ ਥਾਨੁ"

# ਕੀ ਤੁਸੀਂ ਆਤਮਕ ਸ਼ਕਤੀ ਚਾਹੁੰਦੇ ਹੋ ?

ਜੇ ਚਾਹਵਾਨ ਹੋ ਤਾਂ ਆਪ ਏਹਨਾਂ ਸ੍ਰੇਸ਼ਟਾਚਾਰ ਦੀਆਂ ਪ੍ਰਚਾਰਕ ਪੁਸਤਕਾਂ ਦੀ "ਸੂਚੀ ਪੱਤ੍ਰ" ਪੜ੍ਹਕੇ ਫੌਰਨ ਹੀ ਜੇਹੜੀ ਜੇਹੜੀ ਪੁਸਤਕ ਦੀ ਲੋੜ ਹੋਵੇ ਆਰਡਰ ਲਿਖ ਭੇਜੋ।

ਸਾਰੇ ਪੁਸਤਕ ਤੇ ਹਰ ਭਾਂਤ ਦੀਆਂ ਬਜ਼ਾਰੀ ਚੀਜ਼ਾਂ ਮੰਗਾਉਣ ਦਾ ਪਤਾ ਇਹ ਹੈ:—

## ਭਾਈ ਲਾਭ ਸਿੰਘ ਐਂਡ ਸਨਜ਼

## ਪੁਸਤਕਾਂ ਵਾਲੇ ਪਬਲਿਸ਼ਰਜ਼, ਮਾਲਕ ਕਾਕਾ ਸੌਦਾਗਰ ਸਿੰਘ ਪੁਸਤਕ ਭੰਡਾਰ 'ਤੇ ਸਾ: ਏਜੰਟ ਖਾਲਸਾ ਟ੍ਰੈਕਟ ਸੁਸਾਇਟੀ ਵਾ ਕਮੀਸ਼ਨ ਏਜੰਟ ਬਜ਼ਾਰ ਮਾਈ ਸੇਵਾਂ ਸ੍ਰੀ ਅੰਮ੍ਰਿਤਸਰ ਜੀ

**(੧) ਸੁੰਦਰ ਗੁਟਕਾ**—ਵੱਡਾ ਲਾਲ ਵੇਲਦਾਰ ਮੁੱਖ ੧) ਜਿਲਦਾਂ ਵਧੀਆ ਚਮੜੇ ਦੀਆਂ ੧॥) ੨) ੨॥)।

**(੨) ਬਾਈ ਵਾਰਾਂ ਸਟੀਕ**—ਭਾਵ ਪ੍ਰਕਾਸ਼ਨੀ ਟੀਕਾ ਕ੍ਰਿਤ ਭਾਈ ਨਰੈਣ ਸਿੰਘ ਜੀ ਗਿਆਨੀ ਸੁਸਿਖਸ਼ਕ ਮਹਾਂ ਵਿੱਦਜਾਲਜ ਤਰਨ ਤਾਰਨ ਮੁੱਖ ੩।) ਜਿਲਦ ਮਣੇ।

Digitized by Panjab Digital Library | www.panjabdigilib.org

**(੩) ਗ੍ਰਿਹਸਥ ਨਿਰਬਾਹ**—ਇਸਤ੍ਰੀਆਂ ਨੂੰ ਘਰ ਦਾ ਪ੍ਰਬੰਧ ਸਿਖਾਣ ਦੀ ਅਮੋਲਕ ਪੁਸਤਕ ਹੈ। ਮੋਖ ੧)

**(੪) ਮੈਂ ਕੱਸਾ ਨਿਕਲਿਆ**—ਗੁਰਪੁਰਬ ਸ੍ਰੀ ਦਸਮ ਪਾਤਸ਼ਾਹ ਜੀ ਦਾ ਦਿਲਚਸਪ ਟ੍ਰੈਕਟ ਮੋਖ ≡ )

**(੫) ਪ੍ਰੀਤਮ ਜੀ**—ਗੁਰਪੁਰਬ ਦਸਮ ਪਾਤਸ਼ਾਹ ਜੀ ਦਾ ਸੁੰਦਰ ਟ੍ਰੈਕਟ ਮੋਖ ।)

**(੬) ਭਯਾਨਕ ਸਾਕਾ**—ਸ੍ਰੀ ਨਨਕਾਣਾ ਸਾਹਿਬ ਜੀ ਦੀ ਸ਼ਹੀਦੀ ਵਾਰਤਾ, ।–)

**(੭) ਸੁਖਦੇਵ ਕੌਰ**—ਇਕ ਸੁਯੋਗ ਇਸਤ੍ਰੀ ਦੇ ਹੱਥੋਂ ਵਿਗੜੇ ਹੋਇ ਪਤੀ ਦਾ ਸੁਧਾਰ, ਸ੍ਵਾਦਲੀ ਵਾਰਤਾ ਮੋਖ ੧)

**(੮) ਇਖ਼ਲਾਕ ਦਾ ਰਤਨ**— ਇਕ ਅਤਯੰਤ ਸ੍ਵਾਦਲੀ ਇਖਲਾਕੀ ਨਾਵਲ, ਮੋਖ ੧)

**(੯) ਸੁਖੀ ਜ਼ਿੰਦਗੀ**—ਜਿਸ ਵਿੱਚ ਬੰਦੇ ਦੇ ਹਰ ਤਰਾਂ ਦੇ ਸੁਧਾਰ ਦੇ ਢੰਗ ਵਰਣਨ ਹਨ। ਮੋਖ ੧)

**(੧੦) ਦੰਪਤੀ ਪਿਆਰ**—ਪਾਪੀ ਪੁਰਸ਼ਾਂ ਦੇ ਵਰਤਾਰੇ, ਕੁਟਨੀਆਂ ਦੀਆਂ ਨੀਚ ਚਾਲਾਂ, ਮੂਰਖ ਤੀਵੀਆਂ ਦੇ ਵਹਿਮਾਂ ਦੇ ਦੁੱਕੜੇ, ਸਤ ਧਰਮ ਦੀ ਰੱਖਯਾ ਵਾਸਤੇ ਸਹਾਇਤਾ ਮਿਲਨ ਦੇ ਢੰਗ, ਬਿਪਤਾ ਕਦੇ ਇਕੱਲੀ ਨਹੀਂ ਆਉਂਦੀ, ਸਮੇਂ ਸਿਰ ਰੋਗੀ ਦੀ ਸੰਭਾਲ, ਸੰਸਾਰ ਵਿੱਚ ਗੁਪਤ ਪ੍ਰਗਟ ਪਾਪ, ਨਾਰ ਕਾ ਪੁਰਸ਼ਾਂ ਦੀ ਦਸ਼ਾ ਤੇ ਪਰ-ਉਪਕਾਰੀਆਂ ਦੀ ਵਰਤਾਂ, ਪਖੰਡੀ ਸਾਧੂਆਂ ਦਾ ਹਾਲ ਤੇ ਇਕ ਦੰਪਤੀ ਦੇ ਸੱਚੇ

Digitized by Panjab Digital Library | www.panjabdigilib.org

ਪ੍ਰੇਮ ਦਾ ਹੂ-ਬ-ਹੂ ਫੋਟੋ। ਮੋਖ ਵਧੀਆ ਕੱਪੜੇਦੀ ਜਿਲਦ ੨॥)

(੧੧) **ਸੁਚੱਜੀ ਯਾ ਸੁਸ਼ੀਲਾ**—ਰਸੋਈਦੇ ਅਦੁਤੀ ਗੁਣ ਸਿੱਖਣ ਦੀ ਪੁਸਤਕ। ਮੋਖ ।॥) ਜਿਲਦ ਸਮੇਤ।

(੧੨) **ਆਸਾ ਦੀ ਵਾਰ ਸਟੀਕ**—ਬਹੁਤ ਸੁੰਦਰ ਭਾਵ ਪ੍ਰਕਾਸ਼ਨੀ ਟੀਕਾ। ਮੋਖ ॥)

(੧੩)**ਡਖਣੇ ਮਹਲਾ ੫ ਸਟੀਕ**—ਇਸ ਬਾਣੀ ਦਾ ਰਸ ਇਕਾਂਤ ਪੜ੍ਹਨ ਤੋਂ ਮਿਲਦਾ ਹੈ, ਟੀਕਾ ਬਹੁਤ ਹੀ ਸੁੰਦਰ ਹੈ। ਮੋਖ ॥)

(੧੪) **ਸਫਲਤਾ**—ਅਰਥਾਤ ਅਜ਼ਾਦੀ ਦੀ ਦੇਵੀ, ਇਸ ਵਿੱਚ ਗੁਲਾਮੀ ਦੀਆਂ ਸਖਤ ਜ਼ੰਜੀਰਾਂ ਨੂੰ ਤੋੜਕੇ ਸੂਰਾਜ ਦੀ ਪ੍ਰਾਪਤੀ ਵਾਸਤੇ ਸੁਖੈਨ ਢੰਗ ਤੇ ਅਜ਼ਾਦੀ ਦੀ ਪਰਮ ਸੁੰਦਰ ਦੇਵੀ ਦੇ ਦਰਸ਼ਨ ਹੁੰਦੇ ਹਨ। ਮੋਖ ੧॥)

(੧੫) **ਇਕ ਪਵਿੱਤਰ ਜੀਵਨ**—ਖਾਲਸਾ ਟ੍ਰੈਕਟ ਸੁਸਾਇਟੀ ਦਾ ਬਹੁਤ ਮਸ਼ਹੂਰ ਪੁਸਤਕ, ਜਿਸ ਵਿੱਚ ਪਤੀ ਬ੍ਰਤ ਧਰਮ ਦਾ ਸੱਚਾ ੨ ਫੋਟੋ ਖਿਚਿਆ ਗਿਆ ਹੈ, ਡਮਈ ਕਾਗਜ਼ ਮੋਖ ਜਿਲਦ ਸਮੇਤ ੧॥)

(੧੬)**ਏਕ ਨਾਮ ਅਨੇਕ ਨਾਮਾਵਲੀ ਕੋਸ਼**—ਇਸ ਕੋਸ਼ ਵਿੱਚਇਕ੨ ਪਦਦੇ ਕਈ੨ ਅਰਥ ਲੱਭਸਕਦੇ ਹੈ।)

(੧੭) **ਜਪੁਜੀ ਸਾਹਿਬ ਟੀਕਾ**—ਭਾਵ ਪ੍ਰਕਾਸ਼ਨੀ ਟੀਕਾ ਬੜੇ ਸੁੰਦਰ ਢੰਗ ਨਾਲ ਕੀਤਾ ਗਿਆ ਹੈ। ਮੋਖ ॥)

(੧੮) **ਬੀਰ ਸ਼ਹੀਦੀ**—ਚਾਰ ਸਾਹਿਬਜ਼ਾਦਿਆਂ ਦਾ

Digitized by Panjab Digital Library | www.panjabdigilib.org

ਸ਼ਹੀਦੀ ਦਾ ਬਹੁਤ ਸੁੰਦਰ ਕਵਿਤਾ ਵਿੱਚ ਪ੍ਰਸੰਗਹੈ, ਮੋਖ ॥)

**(੧੯) ਸ਼ਹੀਦ ਬਿਲਾਸ**—ਨਾਟਕਦੀਆਂ ਤਰਜ਼ਾਂ ਪਰ ਚਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ, ਮੋਖ ।)

**(੨੦) ਸੰਖੇਪ ਤਵਾਰੀਖ ਗੁਰੂ ਖਾਲਸਾ**--ਇਸਦਾ ਦੂਜਾ ਨਾਮ "ਗੁਰਮਤ ਇਤਹਾਸ ਗੁਰੂ ਖਾਲਸਾ" ਪੈਹਲਾਹਿੱਸਾਹੇ,ਦਸਾਂ ਪਾਤਸ਼ਾਹੀਆਂਦਾ ਹਾਲ ਸੰਖੇਪਢੰਗ ਨਾਲ ਸਾਰਾ ਵਰਣਨ ਕੀਤਾ ਗਿਆ ਹੈ, ਹਰ ਇਕ ਸਿੱਖ ਮਾਤ੍ਰ ਦੇ ਪੜ੍ਹਨ ਯੋਗਉੱਤਮ ਤਵਾਰੀਖ ਹੈ, ਮੋਖ ੧॥) ਜਿਲਦ ਸਮੇਤ, ਮੋਟੇ ਅੱਖਰਾਂ ਵਾਲਾ ਤੇ ਮੋਟੇ ਕਾਗਜ਼ ਵਾਲਾ, ੩।) ਜਿਲਦਸਣੇ।

**(੨੧) ਉੱਤਮ ਸਿਖ੍ਯਾ**—ਦੋਵੇਂ ਭਾਗ ਮੋਖ ॥)

**(੨੨) ਮਾਪਿਆਂ ਦਾ ਵੈਰ**—ਧੀਆਂਨੂੰਅਯੋਗ ਘਰ ਦੇਣ ਦਾ ਭੈੜਾ ਫਲ, ਮੋਖ ।)

**(੨੩) ਗ੍ਰੰਥ ਗੁਰਮਤ ਸਾਖੀ ਪ੍ਰਮਾਣ**—ਗੁਣੀ ਜਨਾਂ ਦੀਆਂ ਸੁੰਦਰ ਤੇ ਮਨੋਹਰ ਸਾਖੀਆਂ, ਮੋਖ ।॥)

**(੨੪) ਪੰਥ ਮਲੌਨੀ** ਭੇਟਾ =)

**(੨੫) ਠੱਗਾਂ ਦੀ ਵਚਿੱਤ੍ਰ ਵਿੱਥਯਾ**— ਇਕ ਅਮ੍ਰੀਕਨ ਜਾਦੂਗਰ ਦੀ ਕਥਾ ਬੜੀ ਸਵਾਦਲੀ ਕਹਾਣੀ ੨)

**(੨੬) ਤਰਨ ਤਾਰਨ ਦੇ ਸ਼ਹੀਦਾਂ ਦੀ ਸੱਚੀ ਸ਼ਹੀਦੀ**—ਮੋਖ =)

**(੨੭) ਸੁੰਦਰੀ ਜੀਦੇ** ਦਰਦਨਾਕ ਸਮਾਚਾਰ,।≡)

Digitized by Panjab Digital Library | www.panjabdigilib.org

(੨੮) **ਬਾਲ ਰੱਖਯਾ**—ਹਿਕਮਤ ਦੀ ਪੁਸਤਕ, ਜਿਸ ਵਿੱਚ ਬੱਚਿਆਂ ਦੀ ਪਾਲਨ ਦੇ ਸੁਖੈਨ ਢੰਗ ਦਰਜ ਹਨ। =)

(੨੯) **ਖੂਬ ਸੂਰਤ ਬਲਾ ਨਾਟਕ**—ਬੜਾ ਹੀ ਸਵਾਦਲਾ ਪੁਸਤਕ ਹੈ, ਮੋਖ ॥ =)

(੩੦) **ਅਸੀਰੇ ਹਿਰਸ ਨਾਟਕ**—ਹੱਸਣ ਰਮੋਣ ਦੀ ਮਸ਼ੀਨ।)

(੩੧) **ਭੂਲ ਭਲੱਯਾਂ ਨਾਟਕ**—ਮੋਖ ॥)

(੩੨) **ਖਾਲਸੇ ਦੀ ਸ਼ਮਸ਼ੇਰ**— ਅਰਥਾਤ ਅਕਾਲੀ ਖਾਲਸਾ ਧਰਮ ਬੀਰ ਸ਼ਹੀਦੀ—ਇਹ ਪੁਸਤਕ ਪੈਹਲੀ ਵਾਰੀ ਟਾਈਪ ਦੇ ਮੋਟੇ ਅਖਰਾਂ ਵਿੱਚ ਛਪਿਆ ਹੈ, ਖਾਲਸਾ ਪੰਥ ਦਾ ਸਾਰਾ ਹਾਲ ਇਸ ਵਿੱਚ ਲਿਖਿਆ ਹੈ, ਬਾਬੇ ਬੰਦੇ ਦਾ ਦਸਮ ਗੁਰੂ ਜੀ ਦਾ ਹੁਕਮ ਮੰਨਕੇ ਪੰਜਾਬ ਵਿੱਚ ਆਉਣਾ ਤੇ ਆਕੇ ਅਨੇਕ ਜੰਗਜੁੱਧ ਮੁਸਲਮਾਨਾਂ ਨਾਲਕਰਨੇ, ਸਰਹੰਦ ਦੀ ਇੱਟ ਨਾਲ ਇੱਟ ਖੜਕਾਵਨੀ, ਪਿੱਛੋਂ ਤਤੂ ਖਾਲਸੇ ਨਾਲ ਬੰਦਈ ਖਾਲਸੇ ਦਾ ਝਗੜਾ ਹੋਣਾ, ਸ੍ਰੀਦਰਬਾਰ ਸਾਹਿਬ ਤਤੁ ਖਾਲਸੇ ਦੇ ਕਬਜ਼ੇ ਵਿੱਚ ਆਵਨਾ, ਵੱਡ ਛੋਟੇ ਘਲੂਘਾਰੇ ਦਾ ਹਾਲ, ਭਾਈ ਤਾਰੂ ਸਿੰਘ, ਤਾਰਾ ਸਿੰਘ, ਸੁਬਾਜ ਸਿੰਘ, ਮਨੀ ਸਿੰਘ ਜੀ ਆਦਿਕ ਅਨੇਕ ਹੀ ਸਿੰਘਾਂ ਦੇ ਪ੍ਰਸੰਗ ਹਨ, ਗੱਲ ਕੀ ਤਵਾਰੀਖ ਦੇ ਏਸੇ ਹਿੱਸੇ ਵਿੱਚ ਪੰਥ ਦੇ ਸਾਰੇ ਹਾਲਾਤਦਰਜਹਨਜੋਹਰਇਕ ਸਿੱਖਲਈਪੜ੍ਹਨੇਜਰੂਰੀਹਨ ३)

(੩੩) **ਆਤਮ ਸੁਧਾਰ**—ਆਪਣੇ ਆਪ ਸਿੱਖਯਾ ਗ੍ਰੈਹਣ ਕਰਨ ਦੇ ਉਪਦੇਸ਼, ਬੜਾ ਸੁਧਾਰਕ ਪੁਸਤਕ ਹੈ।—)

(੩੪) **ਸੁਖੀ ਜੀਵਨ ਦੇ ਗੁਰ**— ਜਿਸ ਵਿੱਚ

Digitized by Panjab Digital Library | www.panjabdigilib.org

ਪਸੰਨ ਰਹਿਣ ਦੀ ਲੋੜ, ਮਿੱਤ੍ਰਾਂ ਦੀ ਲੋੜ, ਸਮੇਂ ਦੀ ਕਦਰ ਤੇ ਵਰਤਾਉ, ਸਫ਼ਰ ਕਰਨ ਦੇ ਢੰਗ, ਘਰ ਦਾ ਸੁਧਾਰ ਆਦਿ।)

(੩੫) **ਬਿਉਪਾਰ ਦੀ ਬਰਕਤ**—ਵਪਾਰ ਕਰਨ ਦੇ ਅਸਚਰਜ ਢੰਗ, ਮੋਖ ≡)

(੩੬) **ਆਤਮ ਵਿੱਦਯਾ ਦੇ ਗੁਰ**—ਮੋਖ।)

(੩੮) **ਗੁਰਮਤ ਤਵਾਰੀਖ ਗੁਰੂ ਖਾਲਸਾ ਵੱਡੀ ਸੰਪੂਰਨ**—ਜਿਸ ਵਿੱਚ ਦਸਾਂ ਸਤਿਗੁਰੂਆਂ ਦੇ ਮੁਕੰਮਲ ਹਾਲਾਤ ਤੇ ਉਸਤੋਂ ਪਿਛੋਂ ਦੇ ਬਾਬੇ ਬੰਦੇ ਬਹਾਦਰ ਦੇ ਪੂਰੇ ੨ ਸਮਾਚਾਰ, ਛੋਟਾ ਘੱਲੂਘਾਰਾ ਤੇ ਵੱਡਾ ਘੱਲੂਘਾਰਾ ਆਦਿ ੩ ਸਾਰੇ ਸ਼ਹੀਦਸਿੰਘਾਂਦੇ ਤੇ ਮੁਕੰਮਲ ਸਿੱਖਪੰਥਦੇਹਾਲਾਤ ਦਰਜ ਹਨ। ਮੋਖ ੬॥) ਵਧੀਆ ਵਲੈਤੀ ਜਿਲਦ ਸਮੇਤ।

(੩੯) **ਸੰਦੂਕ ਦਾ ਮੁਰਦਾ** ਇਕ ਅਚੰਭਤ ਨਾਵਲ ≡)

(੪੦) **ਮਿੱਟੀ ਨਾਲ ਰੋਗਾਂ ਦੇ ਇਲਾਜ** ਮੋਖ =)

(੪੧) **ਭੂਲ ਭੁਲੱਯਾਂ**—ਸੁਵਾਦੀ ਨਾਵਲ ਮੋਖ –)

(੪੨) **ਮੁਲਾਕਾਤ ਦਰਪਨ**—ਮੁਲਾਕਾਤ ਕਰਨ ਦੇ ਢੰਗ ਬੜੇ ਸੁੰਦਰ ੨ ਦਰਜ ਕੀਤੇ ਗਏ ਹਨ। ਮੋਖ =)

(੪੩) **ਇਸਤ੍ਰੀ ਧਰਮ ਸਿਮ੍ਰਤੀ ਸਾਰ**—ਪਤੀਬ੍ਰਤ ਧਰਮ ਦਾ ਸ਼ੀਸ਼ਾ ਮੋਖ =)

(੪੪) **ਗੈਹਣਾ ਮੰਗਨ ਦੇ ਔਗੁਣ**—ਇਸਤ੍ਰੀਆਂ ਨੂੰ ਗੈਹਣਿਆਂ ਦੀ ਬੀਮਾਰੀ ਤੋਂ ਛੁਟਕਾਰਾ ਦਿਵਾਉਂਣ ਲਈ ਇਕ ਸਵਾਦਲੀ ਕਹਾਣੀ )॥।

Digitized by Panjab Digital Library | www.panjabdigilib.org

**(੪੫) ਸੁਸ਼ੀਲਾ ਨੂੰਹ**—ਸੁਸ਼ੀਲ ਤੇ ਸੁਚੱਜੀਆਂ ਨੂੰਹਾਂ ਦੀਆਂ ਸਿਫਤਾਂ ਦੇ ਸਦਗੁਣਾਂ ਦੀ ਝਾਕੀ। =)

**(੪੬) ਰਾਮੇਂਦਰ ਕੌਰ**--ਕਿਸਤਰਾਂ ਇੱਕ ਦੇਵੀ ਨੇ ਲੱਖੋਂ ਕੱਖ ਤੇ ਕੱਖੋਂ ਲੱਖ ਕਰਕੇ ਦਿਖਲਾ ਦਿੱਤਾ। ਮੋਖ। –)

**(੪੭) ਸੁਖ ਮਾਰਗ ਪ੍ਰਕਾਸ਼**--ਜਿਸ ਵਿੱਚ ਸਰੀ-ਰਕ, ਮਾਨਸਕ, ਆਤਮਕ ਅਰੋਗਤਾ ਦੀਆਂ ਵਡ ਮੁਲੀਆਂ ਨਸੀਹਤਾਂ ਦਰਜ ਹਨ। ਮੋਖ। =)

**(੪੮) ਸੁਭਾਗ ਕੌਰ**--ਬਾਲ ਵਿਵਾਹ ਤੋਂ ਬਚਨ ਦੇ ਲਾਭ, ਬਿਪਤਾ ਵਿੱਚ ਭੀ ਸੰਤਾਨ ਸਿਖਜਾ ਵਾਸਤੇ ਉੱਦਮ ਦੀ ਲੋੜ, ਘਰ ਵਾਲੀ ਦੇ ਉੱਤਮ ਗੁਣ ਆਦਿਕ। ਮੋਖ। =)

**(੪੯)ਕਮਾਈ ਦੀ ਬਰਕਤ**--ਕਮਾਈ ਤੇ ਵਪਾਰ ਦੀ ਬਰਕਤ ਅਤੇ ਬਪਾਰ ਕਰਨ ਦੇ ਢੰਗ। ਮੋਖ।)

**(੫੦)ਅਧਾਨ ਦੇ ਦਿਨ ਤੇ ਸੰਤਾਨ ਸਿੱਖਜਾ**--ਮਾਵਾਂ ਦੀਆਂ ਸਿੱਖਜਾ, ਸੰਤਾਨ ਸੁੰਦਰ, ਜਵਾਨ, ਬਲਵਾਨ, ਬੁਧਵਾਨ ਅਤੇ ਜਗਤ ਪ੍ਰਸਿੱਧ ਹੋਣ ਯੋਗ ਉਤਪਨ ਕਰਨ ਦੇ ਸਾਧਨ, ਜਨਮ ਸਮੇਂ ਤੋਂ ਪਿਛੋਂ ਬਾਲਕਾਂ ਦੀ ਪਾਲਣਾ। ਮੋਖ।)

**(੫੧) ਇਲਾਜ ਬੇ ਦਵਾ**--ਬਿਨਾਂ ਦਵਾਈ ਹਰ ਇਕ ਬੀਮਾਰੀ ਦਾ ਇਲਾਜ ਪ੍ਰਸਿੱਧ ਹਕੀਮ, ਵੈਦ, ਡਾਕਟਰ ਏਸ ਪੁਸਤਕ ਦੀ ਹੱਦੋਂ ਵੱਧ ਪ੍ਰਸੰਨਤਾ ਕਰਦੇ ਹਨ। ਮੋਖ॥)

**(੫੨) ਜਵਾਨ ਪ੍ਰਸੂਤਾ ਤੇ ਮਾਤਾ ਪ੍ਰਬੋਧ**--ਸੰਜੋਗ ਆਦਿਕ ਦਾ ਪੂਰਾ ਪੂਰਾ ਵਿਸਥਾਰ ਸਹਿਤ ਵਿਰਤਾਂਤ,

Digitized by Panjab Digital Library | www.panjabdigilib.org

ਜਿਸ ਵਿੱਚੋਂ ਇਸਤ੍ਰੀਆਂ ਨੂੰ ਗ੍ਰਿਹਸਤ ਸੰਬੰਧੀ ਬੜੀ ਸੂਝ ਹੁੰਦੀ ਹੈ। ਮੋਖ ॥)

**(੫੩) ਬੇਕਨ ਵਿਚਾਰ ਰਤਨਾਵਲੀ**-- ਲਾਰਡ ਬੇਕਨ ਦੇ ਸਿਖਜਾ ਭਰੇ ਉਪਦੇਸ਼ਾਂ ਦਾ ਭੰਡਾਰ। ਮੋਖ ॥)

**(੫੪)ਸੱਚਾ ਪ੍ਰਕਾਸ਼**--ਦਸਮ ਗੁਰਪੁਰਬ ਦਾ ਟ੍ਰੈਕਟ =)

**(੫੫) ਸੰਛੇਪ ਸੰਪਤੀ ਸ਼ਾਸਤ੍ਰ**--ਮਾਲੀ ਹਾਲਤ ਦੇਸੁਧਾਰ,ਧਨ ਕਮੌਣ ਆਦਿਕਦੇ ਸਿਖਜਾ ਭਰੇ ਉਪਦੇਸ਼,। =)

**(੫੬)ਗੌਰਵਤਾ ਆਯੁਰ ਵੇਦ**--ਸ੍ਵਦੇਸੀ ਚਕਿ-ਤਸਾ ਦੀ ਉੱਤਮਤਾ ਤੇ ਭੇਦ। ਮੋਖ।)

**(੫੭) ਸਿਧ ਔਖਧੀ ਭੰਡਾਰ**--ਏਸ ਪੁਸਤਕ ਵਿੱਚ ਪਰਮ ਗੁਪਤ ਤੇ ਅਨਮੋਲ ਟੋਟਕੇ, ਹਰ ਤਰਾਂ ਦੀਆਂ ਪੁਰਾਣੀਆਂ ਮਿਆਦੀ ਬੀਮਾਰੀਆਂ ਦੇ ਪੂਰੇ ੨ ਇਲਾਜ ਦਰਜ ਹਨ, ਇਕ ਹਜ਼ਾਰ ਦੇ ਕਰੀਬ ਪ੍ਰੀਖਜਕ ਨੁਸਖੇ ਦਰਜ ਹਨ। ਮੋਖ ੨) ਰਚਿਤ ਭਾਈ ਮੋਹਨ ਸਿੰਘ ਜੀ ਵੈਦ ਤਰਨ ਤਾਰਨ।

**(੫੮) ਇਸਤ੍ਰੀ ਰੋਗ ਚਕਿਤਸਾ**—ਇਸਤ੍ਰੀਆਂ ਦੇ ਹਰ ਪ੍ਰਕਾਰ ਦੇ ਰੋਗਾਂ ਪਰ ਰੋਸ਼ਨੀ ਪਾਈ ਗਈਹੈ। ਮੋਖ।)

**(੫੯)ਗਊ ਪਦਾਰਥ ਗੁਣ ਸੰਗ੍ਰਹ**--ਜਿਸਵਿੱਚ ਕੇਵਲ ਗਊ ਦੇ ਦੁਧ, ਦਹੀਂ, ਮੱਖਣ, ਮੱਠਾ, ਘਿਓ, ਗੋਮੂਤ੍ਰ ਆਦਿ ਨਾਲ ਹੀ ਸਭ ਤਰਾਂ ਦੇ ਰੋਗਾਂ ਦੇ ਹਟੌਣ ਦੇ ਉਪਾਵ ਦੱਸੇ ਗਏ ਹਨ। ਮੁਲ =)

**(੬੦)ਬਾਲ ਰੋਗ ਚਕਿਤਸਾ**--ਬਾਲਾਂਦੇ ਇਲਾਜ

Digitized by Panjab Digital Library | www.panjabdigilib.org

ਕਰਨ ਦੇ ਢੰਗ। ਮੋਖ ≡ )

(੬੦) **ਜੀਵਨ ਰਖਸ਼ਾ**--ਜਵਾਨੀ ਦੇ ਸਮੇਂ ਅੰਧਾ ਧੁੰਦ ਵਿਸ਼ੇ ਵਿਕਾਰਾਂ ਵਿੱਚ ਫਸ ਜਾਣ ਦੇ ਨੁਕਸਾਨ ਤੇ ਕਿਸ-ਤਰਾਂ ਬਾਲ ਉਮਰਾ ਵਿੱਚ ਕੁਸੰਗਤ ਦੇ ਹੱਥ ਚੜ੍ਹਕੇ ਜੀਵਨ ਬਰਬਾਦ ਹੋ ਜਾਂਦਾ ਹੈ, [illegible] ਹਾਲ ਦਰਜ ਹੈ, ਮੋਖ ॥)

(੬੧) **ਜਵਾਨਾਂ ਦਾ ਰਾਖਾ**--ਜਵਾਨੀ ਵਿੱਚ ਕੁਕ-ਰਮਾਂ ਤੋਂ ਬਚਨ ਦੇ ਉੱਤਮ ਸਾਧਨ। ਮੋਖ।)

(੬੨) **ਮਨ ਮੰਨੀ ਸੰਤਾਨ**--ਰੂਪਵਾਨ ਸਡੋਲ, ਸੁੰਦਰ ਸੰਤਾਨ ਉਤਪਨ ਕਰਨ ਦੇ ਢੰਗ। ਮੋਖ ॥)

(੬੩) **ਆਹੀਆਂ ਦੇ ਢੋਲ ਦਾ ਪੋਲ**– ≡ )

(੬੪) **ਕਰਮ ਯੋਗ**--ਜੀਵਨ ਸੁਧਾਰ ਸਬੰਧੀ ਉਪਦੇਸ਼, ਕਰਮ ਚਕਰ ਕੀ ਚੀਜ ਹੈ ਤੇ ਕਿਵੇਂ ਆਦਮੀ ਏਸ ਵਿਚੋਂ ਬਾਹਰ ਹੁੰਦਾ ਹੈ। ਮੋਖ।)

(੬੫) **ਸਹੁਰੇ ਤੁਰਦੀ ਧੀ ਨੂੰ ਮੱਤਾਂ**–ਮਾਤਾ ਪਿਤਾ ਤੇ ਹੋਰ ਸੰਬੰਧੀਆਂ ਵੱਲੋਂ ਵਖੋ ਵੱਖ ਵਿਵਾਹ ਦੇ ਸਮੇਂ ਦੇਣ ਵਾਲੀਆਂ ਅਸੀਸਾਂ ਦੀ ਲੜੀ, ਕਵਿਤਾ ਬਹੁਤ ਹੀ ਰਸ ਦਾਇਕ ਹੈ। ਮੋਖ ≡ )

(੬੬) **ਰੱਬੀ ਜੋੜ ਮੇਲਾ**--ਇਸ ਪੁਸਤਕ ਵਿੱਚ ਅਸ਼ਾਂਤੀ ਦਾ ਨਾਸ਼, ਸ਼ਾਂਤੀ ਤੇ ਸ਼ਕਤੀ ਦੀ ਬੇਅੰਤ ਤਾਈ, ਰੱਬੀ ਪੂਰਨਤਾ ਦੇ ਅਸਲੀ ਅਸਲੀ ਭਾਵ, ਮੁਕਤੀ ਦਾਤਾ ਬਣਨ ਦੇ ਢੰਗ ਆਦਿਕ ਦਰਜ ਹਨ। ਮੋਖ ੧)

(੬੭) **ਵਿਧਵਾ ਵਿਰਲਾਪ** = ) ਤੁਲਸੀ ਪੂਜਨ

Digitized by Panjab Digital Library | www.panjabdigilib.org

ਮੋਖ ॥ ਅਬਲਾ ਵਿਰਲਾਪ =) ਸਿਆਣੀ ਮਾਤ ਮੋਖ –)

(੬੮) **ਅਰੋਗਤਾ ਰੱਖਜਕ**–ਸਭ ਤਰਾਂ ਦੀ ਅਰੋ-ਗਤਾ ਕਾਇਮ ਰੱਖਣ ਦੇ ਅਮੋਲਕ ਸਾਧਨ, ਬੜੀ ਹੀ ਕੀਮਤੀ ਪੁਸਤਕ ਹੈ। ਮੋਖ ॥ =)

(੬੯) **ਕਿਸਮਤ ਦਾ ਧਨੀ**–ਉਤਪਤੀ ਸੁਧਾਰ ਤੇ ਪੂਰਨਤਾ ਪ੍ਰਾਪਤ ਕਰਨ ਦੇ ਚਾਹਵਾਨਾਂ ਵਾਸਤੇ ਪੜ੍ਹਨਾ ਅਤੀ ਜ਼ਰੂਰੀ ਹੈ, ਮੋਖ ॥ =)

(੭੦) **ਵੱਡਾ ਤਿੱਬ ਅਕਬਰੀ**–ਦਾ ਨਿਚੋੜ, ੫)

(੭੧) **ਸਿਆਣੀ ਮਾਤਾ**–ਫਜ਼ੂਲ ਖਰਚ ਤੇ ਅਭ-ਮਾਨ ਭਰੀ ਇਸਤ੍ਰੀ ਦੇ ਸੁਧਾਰ ਦਾ ਯੋਗ ਢੰਗ, ਮੋਖ =)

(੭੨) **ਪਲੇਗ ਦੇ** ਦਿਨਾਂ ਤੋਂ ਬਚਨ ਲਈ ਇਹ ਪੁਸਤਕ "ਮਹਾਂ ਮਾਰੀ ਦਮਨ" ਮੰਗ ਵੇ,ਮੋਖ।–)

(੭੩) **ਬਰਸਾਤੀ ਤਾਪ**–ਜਾਂ ਮਲੇਰੀਏ ਦਾ ਇਲਾਜ–)

(੭੪) **ਤਮਾਕੂ**–ਸੇਵਨ ਦੇ ਔਗਣ ਏਸ ਦੇ ਵਰਤਨ ਤੇ ਸੁੰਘਣ ਆਦਿਕ ਦੇ ਔਗੁਣ, ਮੋਖ )॥।

(੭੫) **ਇੱਕ ਸਿੱਖ ਘਰਾਣਾ**–ਇਸ ਵਿੱਚ ਅਨ-ਮਤੀ ਸਕੂਲਾਂ ਦੀ ਪੜ੍ਹਾਈ, ਕੁਸੰਗਤ ਅਰ ਧਾਰਮਕ ਸਿੱਖਜਾ ਦੀ ਹੀਨਤਾ ਦੇ ਭੈੜੇ ਨਤੀਜੇ, ਅਯੋਗ ਸੁਤੰਤ੍ਰਤਾ ਦੇ ਵਰਤਾ-ਰਿਆਂ ਦੇ ਦੁੱਖੜੇ, ਪਤਿਬ੍ਰਤਾ ਅਤੇ ਛੁੱਟੜ ਤੀਵੀਂ ਦੇ ਵਰਤਾਰੇ, ਜੇਹੀ ਕਰਨੀ ਤੇਹੀ ਭਰਨੀ, ਵਲੈਤੀ ਗੁਣਾਂ ਨੂੰ ਛੱਡਕੇ ਅਵਗੁਨ ਗ੍ਰੈਹਨ ਕਰਨ ਦੇ ਕੁਫਲ, ਸੰਗਤ ਦਾ ਅਸਰ, ਵਿਗੜਿਆਂ ਦੇ

Digitized by Panjab Digital Library | www.panjabdigilib.org

ਸੁਧਾਰ, ਤੀਰਥ ਯਾਤ੍ਰਾ ਪ੍ਰਉਪਕਾਰ ਦੇ ਢੰਗ ਬੜੀ ਹੀ ਢੰਗੀ ਤਰਾਂ ਸਿੱਖਯਾ ਭਰੀ ਤੇ ਸੁਆਦਲੀ ਵਾਰਤਾ ਵਿੱਚ ਦੱਸੇ ਹਨ ।।।)

(੭੬) **ਉਪਦੇਸ਼ ਦਰਪਨ**—ਇਸ ਵਿੱਚ ਉੱਤਮ ਰੁਜ਼ਗਾਰ ਦੀ ਢੂੰਡ, ਮਾਮੂਲੀ ਵਰਤਾਵ, ਅਰਧੰਗੀ ਦੀ ਚੋਣ, ਕਮੌਣਾਂ, ਬੁਰਿਆਈਆਂ ਤੋਂ ਬਚਨਾਂ, ਮੇਲ ਮਿਲਾਪ ਆਦਿਕਾਂ ਬਾਬਤ ਅਤੀ ਉੱਤਮ ੨੦੧ ਉਪਦੇਸ਼, ਹੱਸਣ ਹਸੌਣ ਦੇ ਚੁਟਕਲਿਆਂ ਦੀ ਤਰਾਂ ਦੱਸੇ ਗਏ ਹਨ। ਭੇਟਾ ।।)

(੭੭) **ਵਿਦ੍ਯਾ ਦਾ ਚਮਤਕਾਰ**—ਮੋਖ –)

(੭੮) **ਨਵੀਨ ਜ੍ਵਰ ਚਕਿਤਸਾ**-ਮੋਖ =)

(੭੯) **ਸਾਹ ਲੈਣ**-ਦਾ ਢੰਗ ਮੋਖ )।।

(੮੦) **ਸਿਖ ਕੀ**-ਤੇ ਸ਼ਰਾਬ ਤੋਂ ਨਾਂਹ ਕੀ, ਮੋਖ )।।

(੮੧) **ਬਧਯਤ੍ਵ**-ਦੂਰ ਕਰਨ ਦਾ ਇਲਾਜ, ਮੋਖ )।।

(੮੨) **ਮਸਹੂਕਾ**—ਰੋਗ ਚਕਿਤਸ਼ਾ ਮੋਖ –)।।

(੮੩) **ਸ਼ਰਨਾਗਤ** ਹੋਣ ਦੇ ਲਛਨ ਮੋਖ )।।

(੮੪) **ਨੇਕੀ ਦਾ ਫਲ ਨੇਕ**—ਮੋਖ –)

(੮੫) **ਰੰਗ ਦੀ ਕਰਾਮਾਤ**—ਮੋਖ )।।।

(੮੬) **ਮੌਤ ਦਾ ਡਰ**—ਮੋਖ )।।

(੮੭) **ਸੁਖੀ ਪ੍ਰਵਾਰ**-ਸੁਖ ਤੇ ਸ਼ਾਂਤੀ ਨਾਲ ਨ੍ਰਿਬਾਹ ਕਰਨ ਦੇ ਸੁਖੈਨ ਢੰਗ, ਮੋਖ ੧।) ਵਧੀਆ ੨)

Digitized by Panjab Digital Library | www.panjabdigilib.org

**(੮੮) ਸ਼ੇਰ ਬਹਾਦਰ ਸ਼ੇਰ ਸਿੰਘ**-ਜਿਸ ਵਿੱਚ ਇੱਕ ਅਨਾਥ ਦੀ ਰੱਖਯਾ, ਜਾਸੂਸ ਦੀ ਨਿਧੜਕਤਾ, ਬੀਰਤਾ, ਚਾਤੁਰੀ ਤੇ ਆਪਣੇ ਫਰਜ਼ ਦੇ ਪੂਰਿਆਂ ਕਰਨ ਵਿੱਚ ਜਾਨ ਤੋਂ ਭੀ ਬੇਪਰਵਾਹੀ, ਮੰਦੇ ਕਰਮਾਂ ਦੇ ਅੰਤ ਮੰਦੇ ਨਤੀਜੇ ਬੜੇ ਸਿੱਖਯਾ ਭਰੇ ਢੰਗ ਨਾਲ ਦੱਸੇ ਗਏ ਹਨ। ਭੇਟਾ।–)

**(੮੯) ਗ੍ਰਿਹ ਪ੍ਰਬੰਧ ਸ਼ਾਸਤ੍ਰ ਤੇ ਅਰੋਗਤਾ**-ਅਰਥਾਤ A manual of Domestic Economy and Hygne ਜਿਸ ਵਿੱਚ ਪਦਾਰਥ ਵਿੱਦਯਾ ਦੀ ਵਡਿਆਈ, ਸਫਾਈ, ਸ਼ੁਧਤਾਈ, ਨਿੱਤ ਨਿਰਬਾਹ, ਘਰਾਂ ਦੇ ਪ੍ਰਬੰਧ, ਸਦਾ ਦੀ ਵਰਤੋਂ, ਕਸਰਤ, ਭੋਜਨ, ਅਰਾਮ, ਬਸਤਰ, ਮਕਾਨ, ਖਰਚ ਦੇ ਨਿਰਬਾਹ, ਧਨ ਦੀ ਪ੍ਰਾਪਤੀ, ਅਰੋਗਯਤਾ ਦੀ ਰਾਖੀ, ਬਾਲਕਾਂ ਦੇ ਪਾਲਣ ਆਦਿ ਵਿਸ਼ਯਾਂ ਤੇ ਬੜੇ ਹੀ ਸੁੰਦਰ ਤੇ ਸੁਾਦਲੇ ਲੇਖ ਨਾਵਲ ਦੇ ਢੰਗ ਪਰ ਲਿਖੇ ਹਨ, ੧)

**(੯੦) ਹੈਜ਼ੇ ਦੇ ਉਪਾਵ**-ਗਰਮੀ ਦੇ ਵਿਕਾਰਾਂ ਤੋਂ ਬਚਾ )॥

**(੯੧) ਅੱਖਾਂ ਦੀ ਜੋਤ**-ਨਜ਼ਰ ਦੇ ਵਿਗੜ ਦੇ ਕਾਰਨ ਤੋਂ ਸੁਧਾਰ। ਮੋਖ –)

**(੯੨) ਕੌਮੀ ਤੇ ਸਰੀਰਕ ਅਰੋਗਤਾ**--ਅਰੋਗਤਾ ਦੇ ੧੦੧ ਨਿਯਮਾਂ ਸਮੇਤ ਉਪਦੇਸ਼ ਮੋਖ )॥

**(੯੩) ਸੁਘੜ ਨੂੰਹ ਤੇ ਲੜਾਕੀ ਸੱਸ**- ਘਰਾਂ ਦੀ ਬਰਬਾਦੀ ਦੇ ਕਾਰਨ ਅਤਯੰਤ ਸਿੱਖਯਾਭਰੀ ਨਾਵਲਮੋਖ॥)

**(੯੪) ਅੰਗ੍ਰੇਜ਼ਾਂ ਦਾ ਰਹਿਨ ਸਹਿਨ ਮੋਖ )॥**

Digitized by Panjab Digital Library | www.panjabdigilib.org

(੯੫) **ਮਨ ਦਾ ਸੰਸਾਰ**-ਤਥਾ ਐਬ ਅਤੇ ਉਨ੍ਹਾਂ ਦੇ ਖੋਟੇ ਫਲ ਮੋਖ –)

(੯੬) **ਪਖੰਡ ਪ੍ਰਹਾਰ**-ਜਿਸ ਵਿੱਚ ਬਾਲਾਂ ਦੇ ਸੁਭਾਵ ਪਖੰਡੀਆਂ ਦੇ ਖੋਟ ਤੇ ਉਹਨਾਂ ਦੇ ਪੋਲ ਅਰ ਮੂਰਖਾਂ ਨੂੰ ਸਮਝਾਨ ਤੇ ਸਿੱਛਜਾ ਦੀ ਲੋੜ ਮੋਖ –)

(੯੭) **ਸਾਡੇ ਘਰ ਤੇ ਇਸਤ੍ਰੀਆਂ ਦੀ ਅਰੋਗਤਾ**-ਤਥਾ ਰੋਗੀਆਂ ਦੀ ਸੇਵਾ ਟਹਿਲ ਕਰਨ ਲਈ ਪੂਰਨ ਸਿੱਖਜਾ। ਮੋਖ ≡ )

(੯੮) **ਰੋਂਦਿਆਂ ਨੂੰ ਧਰਵਾਸਾ**--ਮਾਤਮ ਸੂਰਤਾਂ ਵਾਸਤੇ ਇਕ ਹਰਖ ਦਾਤਾ ਸੁਨੇਹਾ। ਮੋਖ। = )

[੯੯] **ਸੰਤਾਨ ਸਿੱਖਜਾ**--ਮਾਵਾਂ ਵਾਸਤੇ ਆਪਣੀ ਸੰਤਾਨ ਨੂੰ ਨੇਕ ਤੇ ਚੰਗੇ ਬਨਾਵਣ ਦੀਆਂ ਸ਼ੁਭ ਸਿਖਜਾਂ – )

[੧੦੦] **ਰਕਤ ਵਿਗਜਾਨ ਤੇ ਫੇਫੜੇ**--ਲਹੂ ਦੀ ਪ੍ਰੀਖਜਾ, ਲਹੂ ਫਿਰਨ ਦਾ ਗਜਾਨ ਤੇ ਫੇਫੜਿਆਂ ਦੀ ਬਨਾਵਟ ਸੰਬੰਧੀ ਸਿਖਜਾ। ਮੋਖ – )॥

[੧੦੧] **ਮਨੁੱਖ ਦੇ ਫਰਜ਼**–ਆਤਮ ਸੁਧਾਰ ਦੇ ਕੁਝ ਜਰੂਰੀ ਨਿਯਮ। ਮੋਖ )॥

[੧੦੨] **ਸਫਲ ਜੀਵਨ**–ਸ੍ਰੀ ਮਾਨ ਭਾਈ ਮੋਹਨ ਸਿੰਘ ਜਾ ਦੇ ਪੂਜਨੀਯ ਪਿਤਾ ਜੀ ਦਾ ਜੀਵਨਚਰਿੱਤ੍ਰ।)

[੧੦੩] **ਭਰਾਵਾਂ ਦਾ ਪਿਆਰ**–ਅਨਾਥ ਬੱਚਿਆਂ ਦੀ ਦਸ਼ਾਂ, ਦੁਨੀਆਂ ਵਿਚ ਹੋ ਰਹੇ ਅਨਰਥ ਤੇ

Digitized by Panjab Digital Library | www.panjabdigilib.org

ਪਾਪੀਆਂ ਦੇ ਉਪੱਦ੍ਰਵ ਦੇ ਸਿੱਟੇ ਬੜੀ ਹੀ ਦਰਦ ਭਰੀ ਵਾਰਤਾ ਵਿੱਚ। ਮੋਖ ≡)

[੧੦੪] **ਸਿੱਖ ਕਿਸਨੂੰ ਆਖਦੇ ਹਨ**-ਇਸ ਵਿੱਚ ਇਤਿਹਾਸ ਤੇ ਗੁਰਮਤ ਅਰ ਪ੍ਰਤੱਖ ਵਰਤੋਂ ਦੇ ਪ੍ਰਮਾਣਾਂ ਨਾਲ ਉਪਰਲੇ ਵਿਸ਼ਯ ਦਾ ਨਿਰਨਾਂ ਕੀਤਾ ਗਿਆ ਹੈ। ਮੋਖ।)

[੧੦੫] **ਅੰਨ ਚਕਿਸਤਾ**-ਇਸ ਵਿੱਚ ਸਾਰੇ ਰੋਗਾਂ ਦੇ ਇਲਾਜ ਅਨਾਜ ਨਾਲ ਹੀ ਕਰਨਦੇ ਢੰਗ ਦੱਸੇ ਗਏ ਹਨ, ਮੋਖ।)

[੧੦੬] **ਮਾਤਾ ਦੇ ਗਰਭ ਦਾ ਅਸਰ**-ਸੰਜੋਗ ਤੇ ਸੰਜਮ ਸੰਬੰਧੀ ਅਦੁਤੀ ਸਿੱਖਯਾ, ਮੋਖ -)

[੧੦੭] **ਬਰਫ ਦਾ ਇਤਿਹਾਸ**-ਮੋਖ =]

[੧੦੮] **ਚੋਰ ਕਿਸਤਰਾਂ ਫੜਿਆ ਗਿਆ ?** ਬੜਾ ਹੀ ਸੁਆਦਲਾ ਨਾਵਲ ਹੈ, ਮੋਖ =)

[੧੧੯] **ਧਨ ਤੇ ਉਸਦੀ ਵਰਤੋਂ**- ਦੁਨੀਆਂ ਦਾਰਾਂ ਦੇ ਜ਼ਰੂਰੀ ਪੜ੍ਹਨ ਯੋਗ ਪੁਸਤਕ ਹੈ, ਮੋਖ ≡)

[੧੧੦] **ਰੋਗੀ ਮਨੁੱਖਾਂ ਦੀ ਸੇਵਾ**- ਅਰਥਾਤ ਰੋਗੀਆਂ ਦੀ ਸੰਭਾਲ ਖੁਰਾਕ, ਦਵਾਈ ਅਰਾਮ ਅਰ ਨਰਸਿੰਗ ਦੇ ਕੰਮ ਸੰਬੰਧੀ ਅਦੁਤੀ ਸਿੱਖਯਾ ਭਰੀ ਪੁਸਤਕ ਹੈ, ਮੋਖ।-)

[੧੧੧] **ਆਤਮ ਤਿਆਗ**-ਸ੍ਵਾਰਥੋਂ ਬਚਨ ਦੇ ਨਿਯਮ। ਮੋਖ -)

[੧੧੨] **ਪ੍ਰਲੋਕ ਦੀਆਂ ਚਿੱਠੀਆਂ**- ਪ੍ਰਲੋਕ ਦੇ

Digitized by Panjab Digital Library | www.panjabdigilib.org

ਗਿਆਨ ਦੀ ਅਦੁਤੀ ਪੁਸਤਕ ਹੈ, –)

[੧੧੩] **ਆਯੁਰ ਵੈਦਕ ਸ਼ਾਸਤ੍ਰ**–ਭਾਰਤ ਵਰਸ਼ ਦੇ ਚਕਿਤਸਾ ਸ਼ਾਸਤ੍ਰ ਸੰਬੰਧੀ ਗਜ਼ਾਨ ਪ੍ਰਾਪਤ ਕਰਨ ਵਾਸਤੇ ਜ਼ਰੂਰੀ ਲੇਖ ਮੋਖ,ਪੜ੍ਹੋ।–)

[੧੧੩] **ਇਕ ਸਰੀਰਵਿੱਚ ਅਨੇਕਆਤਮਾਂ**, – ]

[੧੧੪] **ਘਰੋਗੇਕਲੇਸ਼ਦੇ ਸਿੱਟੇ**–ਬੜੀ ਹੀ ਸੁਵਾਦਲੀ ਤੇ ਸਿੱਖਜਾ ਭਰੀ ਨਾਵਲ ਹੈ। ਮੋਖ –)

(੧੧੫) **ਸੰਸਾਰ ਤੇ ਸੰਨਜਾਸ** ਮੋਖ, = ]

(੧੧੬) **ਸੌਰ ਜਗਤ**–ਅਰਥਾਤ ਸੂਰਜ ਤਾਰਿਆਂ ਵਗੈਰਾ ਦੇ ਹਾਲ, ਮੋਖ –)

(੧੧੭) **ਵੱਡੇ ਬਣਨ ਦੇ ਸਾਧਨ**–ਮੋਖ = )

(੧੧੮) **ਲਿਖਨ ਦੇ ਸਾਧਨ**–ਅੱਖਰ ਲਿਖਨੇ ਕਦ ਤੋਂ ਕਿਸਤਰਾਂ ਆਰੰਭ ਹੋਏ ? ਹੁਣ ਤੱਕ ਦੇ ਹਾਲ =)

(੧੧੯) **ਬ੍ਰਹਮਚਰਯ ਦਾ ਨਾਸ**–ਤੇ ਪਛਤਾਵਾ = )

(੧੨੦) **ਸਰੀਰ ਦੀ ਰਚਨਾ**-ਦੇਸੀ ਹਿਕਮਤ ਅਨੁਸਾਰ ਸਰੀਰ ਦੀ ਬਨਾਵਟ ਦੇ ਸਾਰੇ ਹਾਲ ਵਿਸਤਾਰ ਨਾਲ, ਮੋਖ।)

ਮਿਲਨ ਦਾ ਪਤਾ–

## ਭਾਈ ਲਾਭ ਸਿੰਘ ਐਂਡ ਸਨਜ਼

ਪੁਸਤਕਾਂ ਵਾਲੇ, ਪਬਲਿਸ਼ਰਜ, ਮਾਲਕ

'ਕਾਕਾ ਯਾਦਗਾਰ ਸਿੰਘ ਪੁਸਤਕ ਭੰਡਾਰਬਜ਼ਾਰ' ਮਾਈ ਸੇਵਾਂ

ਅੰਮ੍ਰਿਤਸਰ

Digitized by Panjab Digital Library | www.panjabdigilib.org

ਸਾਰੀ ਪੜ੍ਹੋ ਬਿਨਾਂ ਨਾ ਛਡਣਾ

"ਪੋਥੀ ਪਰਮੇਸਰ ਕਾ ਥਾਨ।"

ਕਦੀ ਨਾ ਬੁਝਣ ਵਾਲੀਆਂ

# ਅਮੋਲਕ ਲਾਲਟੈਣਾਂ

ਅਰਥਾਤ

ਸਰੀਰਕ, ਮਾਨਸਕ, ਆਤਮਕ, ਧਾਰਮਕ, ਭਾਈ ਚਾਰਕ ਤੇ ਸੁਦੇਸ਼ ਸੰਬੰਧੀ ਵਿਗਾੜ ਰੂਪੀ ਅੰਧਕਾਰ ਨਾਸ਼ਕ ਸੁਧਾਰਕ ਇਨਾਮੀ ਤੇ ਸਨਮਾਨਤ ਪੁਸਤਕਾਂ ਦੀ

# ਸੂਚੀ ਪੱਤ੍ਰ

(ਅਕਤੂਬ੍ਰ ੧੯੨੩)

ਪ੍ਰਕਾਸ਼ਕ !

ਭਾ: ਲਾਭ ਸਿੰਘ ਐਂਡ ਸਨਜ਼

ਪੁਸਤਕਾਂ ਵਾਲੇ ਮਾਲਕ ਕਾਕਾ ਸੌਦਾਗਰ ਸਿੰਘ ਪੁਸਤਕ ਭੰਡਾਰ ਤੇ ਏਜੰਟ ਖਾਲਸਾ ਟ੍ਰੈਕਟ ਸੁਸਾਇਟੀ ਦਾ ਕਮੀਸ਼ਨ ਏਜੰਟ ਪਬਲਿਸ਼ਰਜ਼ ਬਜ਼ਾਰ ਮਾਈ ਸੇਵਾਂ

ਸ੍ਰੀ ਅੰਮ੍ਰਿਤਸਰ

---

ਵਜ਼ੀਰਹਿੰਦਪ੍ਰੈਸ ਅੰਮ੍ਰਿਤਸਰ ਵਿਚ ਭਾ: ਬਹਾਦਰ ਸਿੰਘ ਮੈਨੇਜਰ ਤੇ ਪ੍ਰਿੰਟਰ ਦੇ ਪ੍ਰਬੰਧ ਨਾਲ ਛਪੀ।

Digitized by Panjab Digital Library | www.panjabdigilib.org

ੴ ਸਤਿਗੁਰਪ੍ਰਸਾਦਿ ॥

"ਪੋਥੀ ਪਰਮੇਸਰ ਕਾ ਥਾਨ"

# "ਕੀਹ ਤੁਸੀਂ ਆਤਮਕ ਸ਼ਕਤੀ ਚਾਹੁੰਦੇ ਹੋ ?"

ਜੇ ਚਾਹਵਾਨ ਹੋ ਤਾਂ ਆਪ ਏਹਨਾਂ ਸ੍ਰੇਸ਼ਟਾਚਾਰ ਦੀਆਂ ਪ੍ਰਚਾਰਕ ਪੁਸਤਕਾਂ ਦੀ "ਸੂਚੀ ਪਤ੍ਰ" ਫੌਰਨ ਹੀ ਜੇਹੜੀ ਜੇਹੜੀ ਪੁਸਤਕ ਦੀ ਲੋੜ ਆਰਡਰ ਲਿਖ ਭੇਜੋ।

ਸਾਰੇ ਪੁਸਤਕ ਤੇ ਹਰ ਭਾਂਤ ਦੀਆਂ ਬਜ਼ਾਰੀ ਚੀਜ਼ਾਂ ਮੰਗਾਉਣ ਦਾ ਪਤਾ:—

## ਭਾਈ ਲਾਭ ਸਿੰਘ ਐਂਡਸਨਜ਼

ਪੁਸਤਕਾਂ ਤੇ ਕ੍ਰਿਪਾਨਾਂ ਵਾਲੇ ਮਾਲਨ ਕਾਕਾ ਸੌਦਾਗਰ ਸਿੰਘ ਪੁਸਤਕ ਭੰਡਾਰ ਦਾ ਸਾਬਕ ਏਜੰਟ ਖਾਲਸਾ ਟ੍ਰੈਕਟ ਸੁਸਾਇਟੀ ਪਬਲਿਸ਼ਰਜ਼ ਮੈਨੇਜ ਲਾਭ ਨੇਸ਼ਨਲ ਏਜੰਸੀ ਤੇ ਪ੍ਰੋਪ੍ਰਾਈਟਰ "ਰਸਾਲਾ ਲਾਭ" ਬਾਜ਼ਾਰ ਮਾਈ ਸੇਵਾਂ ਸ੍ਰੀ ਅੰਮ੍ਰਿਤਸਰ ਜੀ।

ਖਾਸ ਨੋਟ—ਵੱਡੀਆਂ ਸੂਚੀਪੱਤ੍ਰਾਂ ਮੰਗਵਾਉਣ ਲਈ ਕਾਰਡ ਲਿਖੋ ਮੁਫਤ ਭੇਜਾਂਗੇ ਪੜ੍ਹਕੇ ਸੰਭਾਲਕੇ ਹੱਥੋ ਖੋਤੇ ਵੱਡੀਆਂ ਸੂਚੀਪੱਤ੍ਰਾਂ ਲਈ ਕਾਰਡ ਲਿਖਕੇ ਮੰਗਵਾਵੋ।

—o—

Digitized by Panjab Digital Library | www.panjabdigilib.org

# ਬੜੀ ਭਾਰੀ ਖਾਸ ਰਿਐਤ

## ਸੌ ਰੁਪੈ ਦੇ ਪੁਸਤਕਾਂ ਪਿੱਛੇ ੨੫) ਇਨਾਮ !

ਜੇਹੜੇ ਸੱਜਨ ਘੱਟੋ ਘੱਟ ਇਸ ਸੂਚੀ ਪੱਤ੍ਰ ਦੇ ਪੁਸਤਕ ਦੋ ਮਹੀਨੇ ਦੇ ਅੰਦਰ ਦਸ ੨ ਰੁਪੈ ਦੇ ਭੀ ਖਰੀਦ ਲੈਣਗੇ ਉਹਨਾਂ ਤੋਂ ਰੁਪੈ ਦੇ ਬਾਰਾਂ ਆਨੇ ਲਏ ਜਾਣਗੇ, ਤਥਾ ਸੌ ਰੁਪੈ ਮਗਰ ੨੫) ਰੁਪੈ ਰਿਐਤ ਕੀਤੀ ਜਾਵੇਗੀ, ਇਹ ਬੜੀ ਭਾਰੀ ਖਾਸ ਰਿਐਤ ਦਾ ਮੌਕਾ ਖਾਸ ਕਰ ਸਕੂਲਾਂ, ਲਾਇਬਰੇਰੀਆਂ, ਸਿੰਘ ਸਭਾਵਾਂ ਤੇ ਹੋਰ ਪੁਸਤਕਾਂ ਦੇ ਪਾਠਕ ਪ੍ਰੇਮੀਆਂ ਆਦਿਕਾਂ ਨੂੰ ਹੱਥੋਂ ਨਹੀਂ ਗੁਵਾਉਣਾ ਚਾਹੀਦਾ ।

ਖਾਸ ਖਾਸ ਪੁਸਤਕ ਐਸੇ ਭੀ ਹੁੰਦੇ ਹਨ ਜੇਹੜੇ ਘੱਟ ਵੱਧ ਕਮੀਸ਼ਨ ਪਰ ਮਿਲਦੇ ਹਨ ਤੇ ਕਈ ਪੁਸਤਕਾਂ ਲਿਖੀ ਹੋਈ ਕੀਮਤ ਪਰ ਹੀ ਮਿਲਦੀਆਂ ਹਨ ।

ਮਿਲਨ ਦਾ ਪਤਾ—

# ਭਾਈ ਲਾਭਸਿੰਘ ਐਂਡ ਸਨਜ਼

## ਪੁਸਤਕਾਂ ਵਾਲੇ, ਬਾਜ਼ਾਰ ਮਾਈ ਸੇਵਾਂ

## ਸ੍ਰੀ ਅੰਮ੍ਰਿਤਸਰ ਜੀ


Digitized by Panjab Digital Library | www.panjabdigilib.org

੧ ਓ ਸਤਿਗੁਰਪ੍ਰਸਾਦਿ ॥

# ਯਾਦ ਰੱਖਣ ਯੋਗ ਨਿਯਮ

(੧) ਚਿੱਠੀ ਸਾਫ ਅੱਖਰਾਂ ਵਿੱਚ ਹੋਣੀ ਚਾਹੀਦੀ ਹੈ ਤੇ ਪਤਾ ਟਿਕਾਣਾਂ ਪੂਰਾ ਪੂਰਾ ਲਿਖਣਾ ਚਾਹੀਦਾ ਹੈ।

(੨) ਪੁਸਤਕਾਂ ਨਕਦ ਕੀਮਤ ਪਰ ਯਾ ਵੀ. ਪੀ. ਦੁਆਰਾ ਭੇਜੀਆਂ ਜਾਵਣਗੀਆਂ।

(੩) ਵੀ. ਪੀ. ਵਾਪਸ ਕਰਨ ਵਾਲੇ ਸੱਜਣ ਨੁਕਸਾਨ ਦੇ ਜ਼ਿਮੇਵਾਰ ਹੋਣਗੇ।

(੪) ਟਾਪੂਆਂ ਵਾਲੇ ਸੱਜਨ ਸਾਰੇ ਰੁਪਏ ਪੈਹਲਾਂ ਮਨੀਆਡਰ ਦੁਆਰਾ ਭੇਜਿਆ ਕਰਨ।

(੫) ਵਿਕੀ ਹੋਈ ਪੁਸਤਕ ਵਾਪਸ ਨਹੀਂ ਹੋਵੇਗੀ।

ਨੋਟ—ਨਵੀਨ ਪੁਸਤਕਾਂ ਤੇ ਵੱਡੀਆਂ ਸੁੰਦਰ ਗਾਤਰੇ, ਵਾਲੀਆਂ ਕ੍ਰਿਪਾਨਾਂ ਦਾ ਮੁਕੰਮਲ "ਸੂਚੀ ਪੱਤ੍ਰ" ਮੰਗਾਉਣ ਲਈ ਦੋ ਪੈਸੇ ਦਾ ਕਾਰਡ ਭੇਜੋ, ਮੁਫਤ ਪਹੁੰਚਣਗੀਆਂ।

ਮਿਲਨੇ ਦਾ ਪਤਾ:—

## ਭਾਈ ਲਾਭ ਸਿੰਘ ਐਂਡ ਸਨਜ਼

ਪੁਸਤਕਾਂ ਵਾਲੇ, ਮਾਲਕ ਬਾਬਾ ਸੌਦਾਗਰ ਸਿੰਘ
ਪੁਸਤਕ ਭੰਡਾਰ ਤੇ ਏਜੰਟ ਖਾਲਸਾ ਟ੍ਰੈਕਟ
ਸੁਸੈਟੀ ਵਾ ਕਮੀਸ਼ਨ ਏਜੰਟ ਪਬਲਿਸ਼ਰਜ਼,
ਬਜ਼ਾਰ ਮਾਈ ਸੇਵਾਂ ਸ੍ਰੀ ਅੰਮ੍ਰਿਤਸਰ ਜੀ

Digitized by Panjab Digital Library | www.panjabdigilib.org

(੧) ਸੁੰਦ੍ਰ ਗੁਟਕਾ—ਵੱਡਾ ਲਾਲ ਵੇਲਦਾਰ ਮੋਖ੧) ਜਿਲਦਾਂ ਵਧੀਆ ਚਮੜੇ ਦੀਆਂ ੧॥), ੨) ੨॥)ਵਾਲੀਆਂ ਭੀ ਮੌਜੂਦ ਹਨ ।

(੨) ਬਾਈ ਵਾਰਾਂ ਸਟੀਕ— ਭਾਵ ਪ੍ਰਕਾਸ਼ਨੀ ਟੀਕਾ ਕ੍ਰਿਤ ਭਾਈ ਨਰੈਣਸਿੰਘ ਜੀ ਗਿਆਨੀ ਸੁਸਿਖਜਤ ਮਹਾਂਵਿਦਜਾਲਾ ਤਰਨ ਤਾਰਨ ਵਾਲੇ ਦਾਮੋਖ ੩।) ਜਿਲਤ ਸਮੇਤ

(੩) ਗ੍ਰਿਹਸਥ ਨਿਰਬਾਹ—ਇਸਤ੍ਰੀਆਂ ਨੂੰ ਘਰ ਦਾ ਪ੍ਰਬੰਧ ਸਿਖਾਣ ਦੀ ਅਮੋਲਕ ਪੁਸਤਕ ਮੋਖ ੧।)

(੪) ਮੈਂ ਕਦਾ ਨਿਕਲਿਆ—ਗੁਰਪੁਰਬ ਸ੍ਰੀ ਗੁਰੂ ਦਸਮ ਪਾਤਸ਼ਾਹ ਜੀ ਦਾ ਦਿਲਚਸਪ ਟ੍ਰੈਕਟ ਮੋਖ ≡)

(੫) ਪ੍ਰੀਤਮ ਜੀ—ਗੁਰਪੁਰਬ ਦਸਮ ਪਾਤਸ਼ਾਹ ਜੀ ਦਾ ਸੁੰਦਰ ਟ੍ਰੈਕਟ ਮੋਖ ॥)

(੬) ਭਿਆਨਕ ਸਾਕਾ—ਸ੍ਰੀ ਨਨਕਾਣਾ ਸਾਹਿਬ ਜੀ ਦੀ ਸ਼ਹੀਦੀ ਵਾਰਤਾ ਮੋਖ ।—)

(੭) ਸੁਖਦੇਵ ਕੌਰ—ਇਕ ਸੁਯੋਗ ਇਸਤ੍ਰੀ ਦੇ ਹੱਥੋਂ ਵਿਗੜੇ ਹੋਏ ਪਤੀ ਦਾ ਸੁਧਾਰ ਮੋਖ ੧।)

---

ਪਤਾ—ਲਾਭ ਸਿੰਘ ਐਂਡ ਸਨਜ਼ ਪੁਸਤਕਾਂ ਵਾਲੇ
ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ



Digitized by Panjab Digital Library | www.panjabdigilib.org

(੮) **ਮੋਖਸ਼ ਮਾਰਗ--** ਮਹਾਨ ਉਪਯੋਗੀ ਪੁਸਤਕ ਮੋਖ ੧)

(੯) **ਜੀਵਨ ਜੁਗਤੀ**—ਜਿਸ ਵਿੱਚ ਬੰਦੇ ਦੇ ਹਰਤ੍ਾਂ ਨਾਲ ਸੁਧਾਰ ਦੇ ਢੰਗ ਵਰਨਿਤ ਹਨ ਮੋਖ ੧)

(੧੦) **ਦੰਪਤੀ ਪਿਆਰ**—ਪਾਪੀ ਪੁਰਸ਼ਾਂ ਦੇ ਵਰਤਾਰੇ, ਕੁਟਨੀਆਂ ਦੀਆਂ ਨੀਚ ਚਾਲਾਂ ਮੂਰਖ ਤੀਮੀਆਂ ਦੇ ਵਹਿਮਾਂ ਦੇ ਦੁਖੜੇ, ਸਤ ਧਰਮ ਦੀ ਰਖਯਾ ਵਾਸਤੇ ਸਹੈਤਾ ਮਿਲਨ ਦੇ ਢੰਗ, ਬਿਪਤਾ ਕਦੇ ਇਕਲੀ ਨਹੀਂ ਆਉਂਦੀ, ਸਮੇਂ ਸਿਰ ਰੋਗੀ ਦੀ ਸੰਭਾਲ, ਸੰਸਾਰ ਵਿੱਚ ਗੁਪਤ ਪ੍ਰਗਟ ਪਾਪ, ਨਰਕੀ ਪੁਰਸ਼ਾਂ ਦੀ ਦਸ਼ਾ ਤੇ ਪ੍ਰਉਪਕਾਰੀਆਂ ਦੀ ਵਰਤੋਂ, ਪਖੰਡੀ ਸਾਧੂਆਂ ਦਾ ਹਾਲ ਤੇ ਇਕ ਦੰਪਤੀ ਦੇ ਸੱਚੇ ਪ੍ਰੇਮ ਦਾ ਹੂ-ਬ-ਹੂ ਫੋਟੋ ਮੋਖ ੨॥) ਕਪੜੇ ਦੀ ਵਲੈਤੀ ਜਿਲਤ ਸਮੇਤ ।

(੧੧) **ਸੁਸ਼ੀਲਾ**—ਰਸੋਈ ਦੇ ਅਦੁਤੀ ਗੁਣ ਸਿਖਣ ਦੀ ਪੁਸਤਕ ਹੈ ਮੋਖ ॥।) ਮੁਜਿਲਦ

(੧੨) **ਆਸਾ ਦੀ ਵਾਰ**—ਸਟੀਕ ਬਹੁਤ ਸੁੰਦਰ ਭਾਵ ਪ੍ਰਕਾਸ਼ਨੀ ਟੀਕਾ ਮੋਖ ॥)

(੧੩) **ਡਖਣੇ ਮਹਲਾ ੫ ਸਟੀਕ** ਇਸ ਬਾਣੀ



Digitized by Panjab Digital Library | www.panjabdigilib.org

ਦਾ ਰਸ ਇਕਾਂਤ ਪੜ੍ਹਨ ਤੋਂ ਲਗਦਾ ਹੈ, ਟੀਕਾ ਬਹੁਤ ਹੀ ਸੁੰਦਰ ਹੈ ਮੋਖ ।॥)

**(੧੪) ਦੁਲਹਨ ਦਰਪਨ**—ਇਸਤ੍ਰੀਆਂ ਤੇ ਬਾਲੀ ਉਮਰ ਦੀਆਂ ਲੜਕੀਆਂ ਲਈ ਸਿਖਯਾ ਦਾ ਭੰਡਾਰਾ ਮੋਖ ।≡)

**(੧੫) ਇਕ ਪਵਿੱਤਰ ਜੀਵਨ**—ਖਾ: ਟ੍ਰੈ: ਸੁਸੈਟੀ ਦਾ ਬਹੁਤ ਮਸ਼ਹੂਰ ਪੁਸਤਕ, ਜਿਸ ਵਿੱਚ ਪ੍ਰਤੀਬ੍ਰਤ ਧਰਮ ਦਾ ਸੱਚਾ ੨ ਫੋਟੋ ਖਿਚਿਆ ਗਿਆ ਹੈ, ਏਹ ਵਾਰਤਾ ਸਾਰੀ ਸੱਚੀ ਤੇ ਹੋ ਬੀਤੀ ਹੋਈ ਹੈ, ਮੋਖ ੧॥) ਜਿਲਦ ਕਪੜਾ ।

**(੧੬) ਏਕ ਨਾਮ ਅਨੇਕ ਨਾਮਾਵਲੀ ਕੋਸ਼**—ਇਸ ਕੋਸ਼ ਵਿੱਚ ਇਕਪਦ ਦੇ ਕਈ ੨ ਅਰਥ ਲਭ ਸਕਦੇ ਹੋ, ਮੋਖ ॥)

**(੧੭) ਜਪੁਜੀ ਸਾਹਿਬ ਟੀਕਾ**—ਭਾਵਪ੍ਰਕਾਸ਼ਨੀ ਟੀਕਾ ਬੜਾ ਸੁੰਦਰ ਢੰਗ ਨਾਲ ਕੀਤਾ ਗਿਆ ਹੈ, ਮੋਖ ।)

**(੧੮) ਬੀਰਸ਼ਹੀਦੀ**—ਚਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਬਹੁਤ ਸੁੰਦਰ ਕਵਿਤਾ ਵਿੱਚ ਪ੍ਰਸੰਗ ਮੋਖ ॥)



Digitized by Panjab Digital Library | www.panjabdigilib.org

(੧੯) ਸ਼ਹੀਦ ਬਿਲਾਸ—ਨਾਟਕਈਆਂ ਤਰਜ਼ਾਂ ਪਰ ਦੋ ਸਾਹਿਬਜ਼ਾਦਿਆਂ ਦੀ ਸ਼ਹੀਦੀ ਮੋਖ।)

(੨੦) ਸੰਖੇਪ ਤਵਾਰੀਖ ਗੁਰੂ ਖਾਲਸਾ—ਇਸਦਾ ਦੂਜਾ ਨਾਮ "ਗੁਰਮਤ ਇਤਹਾਸ ਗੁਰੂ ਖਾਲਸਾ" ਹੈ, ਦਸਾਂ ਪਾਤਸ਼ਾਹੀਆਂ ਦਾ ਹਾਲ ਸੰਖੇਪ ਢੰਗ ਨਾਲ ਸਾਰਾ ਵਰਣਨ ਕੀਤਾ ਗਿਆ ਹੈ, ਹਰ ਇਕ ਸਿਖ ਮਾਤ੍ਰ ਨੂੰ ਪੜ੍ਹਨਾ ਯੋਗ ਹੈ ਮੋਖ ੧॥) ਜਿਲਦ ਸਮੇਤ, ਮੋਟੇ ਅੱਖਰਾਂ ਵਾਲਾ ਤੇ ਮੋਟੇ ਕਾਗਜ਼ ਵਾਲਾ ਮੋਖ ੩।) ਜਿਲਦ ਸਮੇਤ।

(੨੧) ਉੱਤਮ ਸਿਖ੍ਯਾ—ਦੋਵੇਂ ਭਾਗ ਮੋਖ ॥) ਸਕੂਲਾਂ ਦੀ ਪੜ੍ਹਾਈ ਦੀ ਪੁਸਤਕ ਹੈ।

(੨੨) ਮਾਪਿਆਂ ਦਾ ਵੈਰ—ਧੀਆਂ ਨੂੰ ਅਯੋਗ ਘਰ ਦੇਣ ਦਾ ਭੈੜਾ ਫਲ ਮੋਖ।)

(੨੩) ਗ੍ਰੰਥ ਗੁਰਮਤ ਸਾਖੀ ਪ੍ਰਮਾਣ—ਗੁਣੀ ਜਨਾਂ ਦੀਆਂ ਸੁੰਦਰ ਤੇ ਮਨੋਹਰ ਸਾਖੀਆਂ ਮੋਖ ।।।)

(੨੪) ਪੰਥ ਮਲੋਨੀ =)।

(੨੫) ਸਦ ਪ੍ਰਮਾਰਥ ≡)

---



Digitized by Panjab Digital Library | www.panjabdigilib.org

(੨੬) ਤਰਨਤਾਰਨ ਦੇ ਸ਼ਹੀਦਾਂ ਦੀ ਸੱਚੀ ਸ਼ਹੀਦੀ--ਮੋਖ =)

(੨੭) ਸੁੰਦਰੀ ਜੀ ਦੇ ਦਰਦ ਨਾਕ ਸਮਾਚਾਰ ਮੋਖ।≡)

(੨੮) ਬਾਲ ਰੱਖਜਾ--ਹਿਕਮਤ ਦੀ ਪੁਸਤਕ ਜਿਸ ਵਿੱਚ ਬੱਚਿਆਂਦੀਪਾਲਣਾਂ ਦੇ ਸੁਖੈਨ ਢੰਗ ਦਰਜ ਹਨ। ਮੋਖ।=)

(੨੯) ਖੂਬਸੂਰਤ ਬਲਾ ਨਾਟਕ—ਬੜਾ ਹੀ ਸਵਾਦਲਾ ਪੁਸਤਕ ਹੈ ਮੋਖ ।।=)

